ੴ ਸਤਿ ਗੁਰ ਪ੍ਰਸਾਦਿ॥

ਸੰਤ-ਸਿਪਾਹੀ ☆ ਦੇਗ-ਤੇਗ ☆ ਰਾਜ-ਜੋਗ ☆ ਭਗਤੀ-ਸ਼ਕਤੀ ☆ ਮੀਰੀ-ਪੀਰੀ ☆ ਨਿਸ਼ਾਨ-ਵਿਧਾਨ

ਗੁਰੂ-ਗ੍ਰੰਥ

# ਦਸਮੇਸ਼-ਬਾਣੀ ਤਰਕ ਮੋਚਨ

ਗੁਰੂ-ਪੰਥ

ਏਕ-ਅਨੇਕ ☆ ਸਰਗੁਣ-ਨਿਰਗੁਣ ☆ ਆਤਮਾ-ਪ੍ਰਮਾਤਮਾ ☆ ਕਾਲ-ਅਕਾਲ ☆ ਲੋਕ-ਪ੍ਰਲੋਕ



Sri Satguru Jagjit Singh Ji eLibrary NamdhariElibrary@gmail.com

ੴ ਸਤਿ ਗੁਰ ਪ੍ਰਸਾਦਿ॥
ੴ ਵਾਹਿਗੁਰੂ ਜੀ ਕੀ ਫਤਹਿ॥

# ਦਸਮੇਸ਼-ਬਾਣੀ ਤਰਕ ਮੋਚਨ

**ਸਵੈਯਾ॥**
ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਯੋ।
ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨਿ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਯੋ ਸਬ ਤੋਹਿ ਬਖਾਨਯੋ।

**ਦੋਹਰਾ॥**
ਸਗਲ ਦੁਆਰ ਕੋ ਛਾਡਿਕੈ ਗਹਿਓ ਤੁਹਾਰੋ ਦੁਆਰ।
ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।
(ਗੁਰੂ ਗੋਬਿੰਦ ਸਿੰਘ ਜੀ)

**ਚੌਪਈ॥**
ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰ ਦਾਸ ਅੰਗਦ ਪਹਿਚਾਨਾ॥
ਅਮਰ ਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ੍ਹ ਨਹਿ ਪਾਯੋ॥ 9
ਭਿੰਨ ਭਿੰਨ ਸਬ ਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥ ਬਿਨੁ ਸਮਝੇ ਸਿਧਿ ਹਾਥਿ ਨ ਆਈ॥ 10
ਰਾਮਦਾਸ ਹਰਿ ਸੋ ਮਿਲਿ ਗਏ॥ ਗੁਰਤਾ ਦੇਤ ਅਰਜੁਨਹਿ ਭਏ॥
ਜਬ ਅਰਜੁਨ ਪ੍ਰਭ ਲੋਕਿ ਸਿਧਾਏ॥ ਹਰਿ ਗੋਬਿੰਦ ਤਿਹਠਾਂ ਠਹਿਰਾਏ॥ 11
ਹਰਿ ਗੋਬਿੰਦ ਪ੍ਰਭ ਲੋਕਿ ਸਿਧਾਰੇ॥ ਹਰੀ ਰਾਇ ਤਿਹਠਾਂ ਬੈਠਾਰੇ॥
ਹਰੀ ਕ੍ਰਿਸਨਿ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦੁਰ ਭਏ॥ 12
ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ॥ 13
ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥ 14

**ਦੋਹਰਾ॥**
ਠੀਕਰ ਫੋਰਿ ਦਿਲੀਸ ਸਿਰਿ ਪ੍ਰਭਪੁਰਿ ਕੀਯਾ ਪਯਾਨ॥
ਤੇਗਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥ 15
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥ 16 ਬ.ਨਾ

ਇਸ ਲਿਖਤ ਵਿਚਲੀ ਸਿੱਖਿਆ ਗੁਰੂ ਜੀ ਦੀ ਹੈ ਅਤੇ ਸਾਡੀਆਂ ਗਲਤੀਆਂ ਲਈ ਅਸੀਂ ਖਿਮਾਂ ਦੇ ਜਾਚਕ ਹਾਂ। ਇਸ ਪੰਫਲੈਟ ਨੂੰ ਆਪ ਪੜ੍ਹੋ ਤੇ ਇਸ ਬਾਰੇ ਪ੍ਰਚਾਰ ਕਰੋ। ਕਿਸੇ ਵੀਚਾਰ ਲਈ ਸਦਾ ਤਤਪਰ ਗੁਰੂ ਪੰਥ ਦੇ ਦਾਸ

ਜਸਵਿੰਦਰ ਸਿੰਘ ਗਿੱਲ, 604-374-6053, maskeenji@live.com
ਸਤਵਿੰਦਰਪਾਲ ਸਿੰਘ ਜੰਗੀ, 778-840-2393
ਅਮਰਜੀਤ ਸਿੰਘ ਖੋਸਾ 778-846-7446 akhosa@dccnet.com
**www.maskeenji.com**


Sri Satguru Jagjit Singh Ji eLibrary NamdhariElibrary@gmail.com

**1.ਗੁਰੂ-ਗ੍ਰੰਥ ਤੇ ਗੁਰੂ-ਪੰਥ-**

ਦਸਮੇਸ਼ ਜੀ ਨੇ ਅੰਤਮ ਸਮੇਂ ਸ੍ਰੀ ਗੁਰੂ-ਗ੍ਰੰਥ ਸਾਹਿਬ ਜੀ ਨੂੰ ਗੁਰਤਾ ਬਖਸ਼ ਕੇ ਇਸਦੀ ਤਾਬਿਆ ਗੁਰੂ-ਪੰਥ ਨੂੰ ਕੀਤਾ। 'ਗੁਰੂ ਗ੍ਰੰਥ' ਤੇ 'ਗੁਰੂ ਪੰਥ' ਦਾ ਹੁਕਮ (ਸਿੱਖ ਰਹਿਤ ਮਰਿਯਾਦਾ) ਹਰ ਸੂਝਵਾਨ ਸਿੱਖ ਮੰਨਦਾ ਹੈ। 'ਰਾਜੇ ਦੇ ਘਰ ਮੋਤੀਆਂ ਦਾ ਕਾਲ' ਕਹਾਵਤ ਵਾਂਗ ਇਹ ਹਾਲਤ ਸਾਰੀ ਸਿੱਖ ਕੌਮ ਦੀ ਤਾਂ ਨਹੀਂ, ਪਰ ਕੁੱਝ ਕੁ ਅਗਿਆਨੀ ਸਿੱਖਾਂ ਦੀ ਬਦ ਕਿਸਮਤੀ ਜ਼ਰੂਰ ਸਮਝੋ ਕਿ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਮੌਜੂਦ ਹੋਣ ਦੇ ਬਾਵਜੂਦ ਭੀ ਸ਼ੰਕੇ ਬਣੇ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਮੁਤਾਬਿਕ ਗੁਰਮਤਿ ਦ੍ਰਿਸ਼ਟੀਕੋਨ ਅਤੇ ਸਾਰੀ ਦੁਨੀਆਂ ਦੇ ਸਿੱਖ ਜਥੇਬੰਦੀਆਂ ਅਤੇ ਸਭ ਸੰਪਰਦਾਵਾਂ, ਇੱਥੋਂ ਤੱਕ ਕਿ ਹਰ ਇਕ ਸਿੱਖ ਨੂੰ ਨਾਲ ਲੈਕੇ ਪੂਰੇ 13 ਸਾਲਾਂ ਦੀ ਸੋਚ ਵਿਚਾਰ ਤੋਂ ਬਾਅਦ ਸਿੱਖ ਰਹਿਤ ਮਰਿਯਾਦਾ ਬਣਾਈ ਅਤੇ ਲਾਗੂ ਕੀਤੀ ਗਈ ਸੀ। ਉਸ ਉਪਰ ਚੱਲਣਾ ਅਤੇ ਪਹਿਰਾ ਦੇਣਾ ਹਰ ਇਕ ਸਿੱਖ ਦਾ ਫਰਜ਼ ਹੈ। ਉਹ ਕਿਹੜਾ ਮਸਲਾ ਹੈ, ਜਿਸਦਾ ਸਿੱਖ ਰਹਿਤ ਮਰਿਯਾਦਾ ਵਿਚ ਸਮਾਧਾਨ ਨਹੀਂ ਕੀਤਾ ਗਿਆ? ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ, ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ ਅਤੇ ਰਚਨਾਵਲੀ ਭਾਈ ਨੰਦ ਲਾਲ ਜੀ, ਸਿੱਖਾਂ ਦੇ ਪ੍ਰਮਾਣਿਤ ਸਰੋਤ ਹਨ। ਦਸਮ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਰੁਤਬਾ ਨਾਂ ਤਾਂ ਦੇਣ ਦੀ ਗੱਲ ਕੋਈ ਕਰਦਾ ਹੈ ਤੇ ਨਾਂ ਹੀ ਦਿੱਤਾ ਜਾ ਸਕਦਾ ਹੈ।

**2.ਗੁਰੁ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਇਤਰਾਜ਼-**

ਦਸਮ ਗ੍ਰੰਥ ਸਾਹਿਬ ਤੇ ਕਿੰਤੂ ਕਰਨ ਵਾਲਿਆਂ ਦਾ ਅਸਲੀ ਨਿਸ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਇਹ ਕੋਈ ਅਜੋਕੀ ਗੱਲ ਨਹੀਂ ਹੈ। ਜਦੋਂ ਤੋਂ ਬਾਬੇ ਨਾਨਕ ਨੇ ਓਅੰਕਾਰ ਤੋਂ ਪਹਿਲਾਂ ਏਕਾ ਲਿਖਿਆ ਹੈ ਤਾਂ ਉਦੋਂ ਹੀ ਤ੍ਰੈਦੇਵ (ਬ੍ਰਹਮਾ, ਬਿਸ਼ਨ, ਮਹੇਸ਼) ਦੇ ਅਨੁਸਾਰੀਆਂ ਨੇ ਵਿਰੋਧਤਾ ਸ਼ੁਰੂ ਕਰ ਦਿੱਤੀ, ਕਿਉਂ ਕਿ ਬਾਬਾ ਨਾਨਕ ਕਰਤਾ, ਭਰਤਾ, ਹਰਤਾ ਸਿਰਫ ਇਕ ਅਕਾਲਪੁਰਖ ਨੂੰ ਹੀ ਮੰਨਦੇ ਹਨ। ਸਭ ਨੂੰ ਨਾਲ ਜੋੜਦੇ ਹਨ, ਵੰਡ ਨਹੀਂ ਕਰਦੇ। ਕਿੰਤੂ ਕਰਨ ਵਾਲਿਆਂ ਦਾ ਨਿਸ਼ਾਨਾ ਮੱਤ ਸਮਝੋ ਕਿ ਸਿਰਫ ਦਸਮ ਗ੍ਰੰਥ ਸਾਹਿਬ ਹੀ ਹੈ, ਸਗੋਂ ਇਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੇ ਅਟੈਕ ਕਰਨ ਦਾ ਮੁੱਢਲਾ ਪੜਾ ਹੈ। ਕਿਉਂਕਿ ਦਸਮ ਗ੍ਰੰਥ ਸਾਹਿਬ ਵਿਚ ਆਈ ਹਰ ਕਥਾ ਦਾ ਬੀਜ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਵਾਰਾਂ ਭਾਈ ਗੁਰਦਾਸ ਜੀ ਵਿਚ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਇੰਨ੍ਹਾਂ ਨੂੰ ਕੁੱਝ ਇਤਰਾਜ਼ ਇਹ ਹਨ:-

(ੳ)ਸੱਦ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹੈ, ਜੋ ਕਿ ਬਾਬਾ ਸੁੰਦਰ ਜੀ ਦੀ ਰਚਨਾ ਹੈ। ਪਰ ਕਿੰਤੂ ਕਰਨ ਵਾਲੇ ਕਹਿੰਦੇ ਹਨ ਕਿ ਇਹ ਬਾਬਾ ਸੁੰਦਰ ਜੀ ਦੀ ਨਹੀਂ, 'ਪੰਡਤ ਕੇਸ਼ੋ ਦਾਸ' ਕ੍ਰਿਤ ਹੈ। ਕਿਉਂਕਿ-

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥ ਅਤੇ -

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥ ਲਿਖਿਆ ਪੜ੍ਹ ਲਿਆ ਅਤੇ ਆਪਣੀ ਮੱਤ ਅਨੁਸਾਰ ਅਰਥ ਕਰ ਲਏ। ਬਾਬਾ ਸੁੰਦਰ ਜੀ ਇਥੇ ਇਸ ਬਾਣੀ ਵਿਚ 'ਗੋਪਾਲ, ਪੰਡਿਤ, ਕੇਸੋ' ਲਫਜ਼ ਸਿੱਧਾ ਅਕਾਲ ਪੁਰਖ ਲਈ ਵਰਤ ਰਹੇ ਹਨ। ਪਰ ਪੁੱਠੀ ਮੱਤ ਵਾਲੇ ਇਸ ਨੂੰ ਬਨਾਰਸ ਵਾਲੇ ਪੰਡਤ ਸਮਝੀ ਫਿਰਦੇ ਹਨ। ਪਿੰਡ, ਪਤਲ, ਦੀਵਾ, ਫੁਲ ਆਦਿ 'ਹਰਿ ਸਰਿ' ਕਿਵੇਂ ਪਾਏ ਜਾਂਦੇ ਹਨ?, ਇਸਦਾ ਰਹੱਸ ਕੀ ਹੈ?, ਇਹ ਪ੍ਰੋ.ਸਾਹਿਬ ਸਿੰਘ ਜੀ ਦਾ ਟੀਕਾ ਪੜ੍ਹ ਕੇ ਪਤਾ ਲੱਗ ਜਾਂਦਾ ਹੈ।

(ਅ)ਦਸਮਗ੍ਰੰਥ ਦੇ ਵਿਰੋਧੀ ਇਹ ਭੀ ਕਹਿੰਦੇ ਹਨ ਕਿ ਰਾਇ ਸੱਤਾ ਬਲਵੰਡ ਦੀ ਵਾਰ ਗੁਰ ਆਸ਼ੇ ਦੇ ਉਲਟ ਹੈ ਖਾਸ ਕਰਕੇ ਚੌਥੀ ਪੌੜੀ-

ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥ ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥ ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥ ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥ ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥ ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥ ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥ ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ ਪੰ:966) ਇਸ ਬਾਰੇ ਪ੍ਰੋ.ਸਾਹਿਬ ਸਿੰਘ ਜੀ ਦਾ ਟੀਕਾ ਦੇਖ ਸਕਦੇ ਹੋ। ਆਪੇ ਹੀ ਪਤਾ ਚੱਲ ਜਾਏਗਾ ਕਿ ਭਸੌੜੀਆ ਪੰਥ ਕਿਧਰ ਨੂੰ ਤੁਰਦਾ ਹੈ।

(ੲ)ਭੱਟਾਂ ਦੇ ਸਵੱਯਾਂ ਨੂੰ ਵੈਸ਼ਨੋ ਮੱਤ ਤੇ ਅਵਤਾਰ ਮਹਿਮਾ ਗਾਇਨ ਦੱਸਦੇ ਹਨ। (ਜਦੋਂ ਕਿ ਇਥੇ ਭੀ ਅਕਾਲ ਪੁਰਖ ਦੀ ਮਹਿਮਾ ਹੀ ਗਾਇਨ ਹੈ) ਭਸੌੜੀਏ ਇਸ ਨੂੰ ਪ੍ਰਮਾਤਮਾ ਦੀ ਉਸਤਤੀ ਨਾਂ ਸਮਝ ਕੇ ਗੁਰੂ ਸਾਹਿਬਾਨ ਜੀ ਦੀ ਚਾਪਲੂਸੀ ਦੱਸਦੇ ਹਨ। ਪ੍ਰੋ.ਸਾਹਿਬ ਸਿੰਘ ਜੀ ਲਿਖਦੇ ਹਨ ਕਿ ਅਸੀਂ 1929 ਈ: ਵਿਚ 'ਭੱਟਾਂ ਦੇ ਸਵੈਯਾਂ' ਦਾ ਟੀਕਾ ਲਿਖਣਾ ਸ਼ੁਰੂ ਕੀਤਾ। ਉਧਰ ਦੂਸਰੇ ਪਾਸੇ ਇਕ ਕਿਤਾਬ ਭੱਟਾਂ ਦੇ ਸਵੈਯਾਂ ਦੇ


Sri Satguru Jagjit Singh Ji eLibrary NamdhariElibrary@gmail.com

ਖਿਲਾਫ 'ਭੱਟ ਗਿਰਾ ਕਸੌਟੀ' ਤੇਜਾ ਸਿੰਘ ਭਸੌੜੀਆ ਦਾ ਪੁੱਤ੍ਰ ਡਾ.ਰਣ ਸਿੰਘ ਨੇ ਲਿਖ ਦਿੱਤੀ ਸੀ, ਜੋ ਬਾਅਦ ਵਿਚ ਪ੍ਰੋ.ਸਾਹਿਬ ਸਿੰਘ ਜੀ ਦਾ ਟੀਕਾ ਪੜ੍ਹਕੇ ਆਪਣੀ ਗਲਤੀ ਨੂੰ ਮੰਨ ਗਿਆ ਤੇ ਕਹਿਣ ਲੱਗਾ ਹੁਣ ਅਸੀਂ ਆਪਣੇ ਹਮ-ਖਿਆਲ ਸਾਥੀਆਂ ਨਾਲ ਮਿਲਕੇ ਭੱਟਾਂ ਦੇ ਸਵੈਯੇ ਗੁਰਮਤਿ ਅਨੁਕੂਲ ਹੋਣ ਦਾ ਪ੍ਰਚਾਰ ਕਰਾਂਗੇ।ਪਰ ਕੁੱਝ ਕਰਨ ਤੋਂ ਪਹਿਲਾਂ ਹੀ ਰਣ ਸਿੰਘ ਨੇ, ਰਣ ਵਿਚੋਂ ਐਸਾ ਕੂਚ ਕਿਨਾਰਾ ਕੀਤਾ ਕਿ ਅੱਜ ਤੱਕ ਨਹੀਂ ਮੁੜਿਆ।ਇਵੇਂ ਹੀ ਕੁੱਝ ਹੋਰਾਂ ਨਾਲ ਭੀ ਵਾਪਰ ਚੁੱਕੀ ਹੈ ਅਤੇ ਵਾਪਰੇਗੀ।

(ਸ)ਤੁਖਾਰੀ ਮ:4 ਦਾ ਇਕ ਸ਼ਬਦ (ਨਾਵਣ ਪੁਰਬ ਅਭੀਚ.?)

ਦਸਮੇਸ਼ ਬਾਣੀ ਵਿਰੋਧੀ ਇਤਰਾਜ਼ ਕਰਦੇ ਹਨ ਕਿ ਇਹ ਗੁਰਮਤ ਅਨੁਕੂਲ ਨਹੀਂ ਹੈ, ਹਾਲਾਂ ਕਿ ਇਨ੍ਹਾਂ ਦਾ ਆਪਣਾ ਹੀ ਗੁਰਮਤਿ ਦ੍ਰਿਸ਼ਟੀਕੋਨ ਨਾਲ ਕੋਈ ਵਾਸਤਾ ਨਹੀਂ ਹੈ।ਲਿਖਿਆ ਤਾਂ ਇਹ ਹੈ ਕਿ ਲੋਕਾਂ ਦੇ ਉਧਾਰ ਵਾਸਤੇ ਗੁਰੂ ਜੀ ਨੇ ਤੀਰਥ ਜਾਣ ਦਾ ਉਦਮ ਕੀਤਾ।ਪ੍ਰਮਾਤਮਾ ਦਾ ਜੱਸ ਗਾਇਨ ਕਰਦੇ ਹੋਏ ਜੋਗੀ, ਦਿਗੰਬਰ, ਸੰਨਿਆਸੀਆਂ ਨਾਲ ਗੋਸ਼ਟੀਆਂ ਹੋਈਆਂ ਤੇ ਉਨ੍ਹਾਂ ਦੇ ਦੁੱਖ ਦਰਿੱਦਰ ਦੂਰ ਕੀਤੇ।ਇਥੇ ਗੁਰੂ ਸਾਹਿਬ ਜੀ ਨੇ ਸਾਫ ਕਿਹਾ ਹੈ ਕਿ ਅਸੀਂ ਤਾਂ ਹਿੰਦੂ ਹੈ ਹੀ ਨਹੀਂ, ਅਸੀਂ ਸਿੱਖ ਹਾਂ, ਫਿਰ ਕਾਹਦਾ ਟੈਕਸ ਵਸੂਲ ਕਰ ਰਹੇ ਹੋ?ਇਸੇ ਤਰ੍ਹਾਂ ਸਾਰੀ ਸਾਧ ਸੰਗਤ ਭੀ ਉਨ੍ਹਾਂ ਦੇ ਪਿੱਛੇ ਬਿਨਾਂ ਟੈਕਸ ਭਰੇ ਹੀ ਪਾਰ ਹੋ ਗਈ।

**3.ਵਾਰਾਂ ਭਾਈ ਗੁਰਦਾਸ ਜੀ ਤੇ ਇਤਰਾਜ਼-**

ਦਸਮੇਸ਼ ਬਾਣੀ ਵਿਰੋਧੀ ਕਹਿੰਦੇ ਹਨ ਵਾਰ ਦਸਵੀਂ ਲਾਛੀ ਰਾਮ ਕ੍ਰਿਤ ਹੈ।ਹਾਲਾਂ ਕਿ ਸਿੱਖ ਜਗਤ ਵਾਰਾਂ ਭਾਈ ਗੁਰਦਾਸ ਜੀ ਨੂੰ 'ਗੁਰਬਾਣੀ ਦੀ ਕੁੰਜੀ' ਮੰਨਦਾ ਹੈ।ਵਿਰੋਧੀ ਇਹ ਭੀ ਕਹਿੰਦੇ ਹਨ ਕਿ ਭਾਈ ਗੁਰਦਾਸ ਜੀ (ਦੂਜੇ) ਦੀ ਇਕ ਵਾਰ (ਇਕਤਾਲੀਵੀਂ) {ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ} ਭੀ ਠੀਕ ਨਹੀਂ ਹੈ।ਇਸ 'ਆਪੇ ਗੁਰ ਚੇਲਾ' ਬਾਰੇ ਗੁਰਬਾਣੀ ਦਾ ਇਹ ਫੁਰਮਾਨ ਹੈ-

ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥(ਪੰ:669)<br>
ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥(ਪੰ:797)<br>
ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥(ਪੰ:517)<br>
ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥(ਪੰ:552)

ਰਹੀ ਗੱਲ ਸੁੰਨਤ ਨਾਲ ਸਬੰਧਤ ਅਤੇ ਮੁਸਲਮ ਜ਼ੁਲਮੀ ਰਾਜ ਦੇ ਉਜਾੜੇ ਵਾਲੀ ਲਿਖਤ ਦੀ, ਜੋ ਇਸ ਇਕਤਾਲੀਵੀਂ ਵਾਰ ਵਿਚ ਰੜਕਦੀ ਹੈ।ਇਸ ਤਰ੍ਹਾਂ ਦਾ ਟਾਕਰਾ ਗੁਰੂ ਗੋਬਿੰਦ ਸਿੰਘ ਜੀ ਵਰਗਾ 'ਵਰਿਆਮ ਇਕੇਲਾ' ਹੀ ਕਰ ਸਕਦਾ ਹੈ ਅਤੇ ਉਸ ਗੁਰੂ ਦਾ ਸਿੱਖ ਹੀ ਇਸ ਤਰ੍ਹਾਂ ਲਿਖ ਸਕਦਾ ਹੈ, ਜਿਸ ਦਾ ਗੁਰੂ, ਔਰੰਗਜ਼ੇਬੀ ਜ਼ੁਲਮ ਦੀ ਹਨੇਰੀ ਅੱਗੇ ਪਰਬਤ ਵਾਂਗ ਡੱਟਿਆ ਹੀ ਨਹੀਂ, ਸਗੋਂ ਉਸ ਜ਼ੁਲਮੀ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ।ਗੁਰੂ ਗੋਬਿੰਦ ਸਿੰਘ ਜੀ ਅੱਗੇ ਔਰੰਗਜ਼ੇਬ ਆਪ ਤਾਂ ਆਉਣ ਦਾ ਸਾਹਸ ਨਹੀਂ ਕਰ ਸਕਿਆ, ਜਿਸ ਕਰਕੇ ਉਹ ਗੁਰੂ ਦੀ ਕ੍ਰਿਪਾਨ ਦੇ ਵਾਰ ਤੋਂ ਤਾਂ ਬਚ ਗਿਆ ਪਰ 'ਜ਼ਫਰਨਾਮਾ' ਦੇ ਸ਼ਬਦਾਂ ਦੀ ਘੜਤ, ਜੜਤ ਅਤੇ ਰੜਕ ਦਾ ਵਾਰ ਨਾਂ ਸਹਾਰਦਾ ਹੋਇਆ ਨਰਕ ਦੀ ਅੱਗ ਵੱਲ ਤੁਰਦਾ ਬਣਿਆਂ।

**4.ਗੁਰੂ ਪੰਥਕ ਵਿਦਵਾਨ-**

ਗੁਰੂ ਖਾਲਸਾ ਪੰਥ ਅਤੇ ਪੰਥਕ ਵਿਦਵਾਨ ਸਮੇਂ ਸਮੇਂ ਦਸਮ ਗ੍ਰੰਥ ਸਾਹਿਬ ਬਾਰੇ ਹਰ ਸ਼ੰਕੇ ਦੀ ਨਵਿਰਤੀ ਕਰਦੇ ਆਏ ਹਨ।ਬੀੜਾਂ ਦੇ ਲਿਖਾਰੀ ਬਾਬਾ ਦੀਪ ਸਿੰਘ ਜੀ, ਬਾਬਾ ਗੁਰਬਖਸ਼ ਸਿੰਘ ਜੀ ਆਦਿ ਤੋਂ ਬਿਨਾ ਅਕਾਲੀ ਕੌਰ ਸਿੰਘ ਜੀ, ਗਿ.ਸਾਹਿਬ ਸਿੰਘ ਜੀ, ਪ੍ਰੋ.ਸਾਹਿਬ ਸਿੰਘ ਜੀ, ਭਾਈ ਵੀਰ ਸਿੰਘ ਜੀ, ਡਾ.ਭਾਈ ਰਣਧੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ, ਭਗਵੰਤ ਸਿੰਘ ਹਰੀ ਜੀ, ਡਾ.ਬਲਬੀਰ ਸਿੰਘ ਜੀ, ਪ੍ਰੋ.ਸ਼ੇਰ ਸਿੰਘ ਗਿਆਨੀ, ਸਰਦੂਲ ਸਿੰਘ ਕਵੀਸ਼ਰ, ਪ੍ਰਿੰ.ਗੰਗਾ ਸਿੰਘ, ਡਾ.ਤਾਰਨ ਸਿੰਘ, ਸਿਰਦਾਰ ਕਪੂਰ ਸਿੰਘ ਜੀ, ਡਾ.ਤਰਲੋਚਨ ਸਿੰਘ ਜੀ, ਪਿਆਰਾ ਸਿੰਘ ਪਦਮ, ਡਾ.ਭਾਈ ਜੋਧ ਸਿੰਘ, ਗਿ.ਮਾਨ ਸਿੰਘ ਝੌਰ, ਗਿ.ਸੰਤ ਸਿੰਘ ਜੀ ਮਸਕੀਨ, ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ, ਗਿ.ਈਸ਼ਰ ਸਿੰਘ ਜੀ, ਗਿ.ਭਗਤ ਸਿੰਘ ਜੀ, ਗਿ.ਹਰਬੰਸ ਸਿੰਘ ਚੰਡੀਗੜ੍ਹ, ਡਾ.ਅਨੋਖ ਸਿੰਘ, ਗੁਰਚਰਨਜੀਤ ਸਿੰਘ ਲਾਂਬਾ, ਸਵਾਮੀ ਬ੍ਰਹਮ ਦੇਵ ਉਦਾਸੀ, ਡਾ.ਜੋਧ ਸਿੰਘ, ਡਾ.ਹਰਪਾਲ ਸਿੰਘ ਪੰਨੂ, ਡਾ.ਹਰਿਭਜਨ ਸਿੰਘ ਆਦਿ ਅਨੇਕਾਂ ਗੁਰੂ ਦੇ ਸਿੱਖ ਦਸਮੇਸ਼ ਬਾਣੀ ਨੂੰ ਮੰਨਦੇ, ਸਤਿਕਾਰਦੇ ਆਏ ਹਨ। ਉਨ੍ਹਾਂ ਪੰਥਕ ਵਿਦਵਾਨਾਂ ਦੀ ਬਿਆਨ ਕਰਨ ਦੀ ਵਿਲੱਖਣਤਾ ਹੋ ਸਕਦੀ ਹੈ, ਪਰ ਭਾਵਨਾ ਸਭ ਦੀ ਇਕ ਹੀ ਹੈ। ਭੁੱਲਾਂ ਹਰ ਕਿਸੇ ਕੋਲੋਂ ਕੁੱਝ ਹੋ ਜਾਂਦੀਆਂ ਹਨ, ਕੁੱਝ ਤਰੁੱਟੀਆਂ ਰਹਿ ਜਾਂਦੀਆਂ ਹਨ, ਕਿਉਂਕਿ-


Sri Satguru Jagjit Singh Ji eLibrary NamdhariElibrary@gmail.com

'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥' ਤਾਂ ਇਸਦਾ ਮਤਲਬ ਇਹ ਨਹੀਂ ਕਿ ਇਨਸਾਨੀ ਕਮਜ਼ੋਰੀ ਨੂੰ ਨਾਂ ਪਹਿਚਾਣਦੇ ਹੋਏ ਉਲਟਾ ਦਸਮੇਸ਼ ਬਾਣੀ ਤੇ ਹੀ ਕਿੰਤੂ ਕਰਨ ਲੱਗ ਪਈਏ।ਨਾਲੇ ਸਿੱਖੀ ਵਿਚਾਰਧਾਰਾ ਤਾਂ ਇੱਥੇ ਖੜ੍ਹੀ ਹੈ ਕਿ ਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਦਾ।ਗੁਰੂ ਜੀ ਨੇ ਕੀ ਲਿਖਿਆ ਹੈ, ਕਿੱਥੇ ਲਿਖਿਆ ਹੈ, ਕਿਉਂ ਲਿਖਿਆ ਹੈ, ਕਿਉਂ ਨਹੀਂ ਲਿਖਿਆ, ਇਹ ਸਭ ਕੁੱਝ ਸਾਡੀ ਪ੍ਰਵਾਨਗੀ ਦੀ ਮੁਥਾਜੀ ਨਹੀਂ ਹੈ।ਗੁਰੂ ਦੀਆਂ ਗੁਰੂ ਜਾਣੇ।ਗੁਰਸਿੱਖ ਦਾ ਟੀਚਾ ਅਨੰਦ ਪ੍ਰਾਪਤੀ, ਗੁਣ ਗ੍ਰਾਹਕ ਬਿਰਤੀ ਬਨਾਉਣੀ, ਸਹਿਜ ਅਵਸਥਾ ਪ੍ਰਾਪਤ ਕਰਨੀ, ਰਸਤਾ ਰੁਸ਼ਨਾਉਣਾ ਅਤੇ-
ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ॥ਹੈ, ਨਾਂ ਕਿ ਆਪਣੀ ਅਕਲ ਮੁਤਾਬਿਕ ਹਰ ਜਗ੍ਹਾ ਗਲਤੀਆਂ ਲੱਭਣੀਆਂ, ਸ਼ੰਕੇ ਉਪਜਾਉਣੇ, ਤਰਕ ਕਰਨੀ, ਭਰਮ ਵਿਚ ਪੈਣਾ ਤੇ ਪਾਉਣਾ, ਆਪ ਜਪਣਾ ਨਹੀਂ ਤੇ ਜਪਣ ਦੇਣਾ ਨਹੀਂ, ਬਲਕਿ ਦੂਸਰੇ ਦੀ ਸ਼ਰਧਾ ਨੂੰ ਠੁਕਰਾਉਣਾ।ਜਿੱਥੇ ਗੁਰੂ ਜੀ ਨੇ ਪਰਦਾ ਪਾਇਆ ਹੈ, ਉਸ ਅੰਦਰ ਝਾਤੀਆਂ ਮਾਰਨੀਆਂ ਕਿੱਧਰ ਦੀ ਅਕਲਮੰਦੀ ਹੈ?

**5.ਗੁਰੂ ਗ੍ਰੰਥ ਸਾਹਿਬ ਜੀ ਤੇ ਦਸਮ ਗ੍ਰੰਥ ਸਾਹਿਬ ਦੀ ਭਿੰਨਤਾ-**

ਗੁਰੂ ਗ੍ਰੰਥ ਸਾਹਿਬ ਜੀ ਆਤਮਿਕ ਭੋਜਨ ਦਾ ਖਜ਼ਾਨਾ ਹੈ।ਇਸ ਨੂੰ ਆਮ ਸਾਹਿਤ ਦੀ ਕਸਵੱਟੀ ਤੇ ਪਰਖਿਆ ਨਹੀਂ ਜਾ ਸਕਦਾ।ਇਹ 'ਧੁਰ ਕੀ ਬਾਣੀ' ਹੈ।ਤ੍ਰੈਕਾਲ ਸੱਤ, ਬਿਨਾਂ ਤਬਦੀਲੀ ਤੋਂ ਜੁਗੋ ਜੁਗ ਅਟੱਲ ਸਿਰਫ ਸਿੱਖ ਜਗਤ ਨੂੰ ਹੀ ਨਹੀਂ ਸਗੋਂ ਬਿਨਾਂ ਕਿਸੇ ਭਿੰਨ ਭੇਦ ਜਾਤ ਰੰਗ ਨਸਲ ਤੋਂ ਉਪਰ ਹੋਕੇ ਸਮੁੱਚੇ ਸੰਸਾਰ ਨੂੰ ਸੇਧ ਦੇਣ ਵਾਲੀ ਹੈ।ਇਸ ਨੂੰ ਭਾਰਤੀ ਚਿੰਤਨ ਅਨੁਸਾਰ 'ਪ੍ਰਭੂ ਸੰਹਿਤਾ' ਕਹਿੰਦੇ ਹਨ, ਜੋ ਤ੍ਰੈਕਾਲ ਸਤਿ ਹੈ, ਜਿਸ ਵਿਚ ਕੋਈ ਵਾਧ ਘਾਟ ਨਹੀਂ ਹੋ ਸਕਦੀ।ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਤਮਿਕ ਗਿਆਨ ਤਾਂ ਹੈ ਹੀ, ਪਰ ਜੋ ਕੁੱਝ ਜਗਤ ਪਸਾਰੇ ਵਿਚ ਵਾਪਰਦਾ ਹੈ, ਉਸ ਨੂੰ ਸਮਝ ਕੇ ਉਸ ਦੇ ਚੰਗੇ ਮਾੜੇ ਗੁਣਾ ਦੀ ਪਰਖ ਅਤੇ ਸਾਮ, ਦਾਮ, ਦੰਡ, ਭੇਦ ਆਦਿ ਨੀਤੀ ਨੂੰ ਵਿਚਾਰਨਾ ਤੇ ਆਪਣੀ ਉਚੇਰੀ ਅਵਸਥਾ 'ਹਮ ਲੇ ਜਾਨੋ ਪੰਥ ਉਚੇਰੇ' ਵੱਲ ਵਧਣ ਦਾ ਗਿਆਨ ਪ੍ਰਾਪਤ ਹੁੰਦਾ ਹੈ।ਇਸਨੂੰ 'ਸੁਹਿਰਦ ਸੰਹਿਤਾ' ਕਹਿੰਦੇ ਹਨ, ਯਾਨੀ ਕਿਸੇ ਮਿੱਤਰ ਤੋਂ ਮਿਲੀ ਚੰਗੀ ਸਿੱਖਿਆ ਨੂੰ ਗ੍ਰਹਿਣ ਕਰਨਾ।ਜਿਸ ਨੂੰ ਦਸਮੇਸ਼ ਜੀ ਨੇ ਆਪਣੇ ਆਸ਼ੇ ਅਨੁਸਾਰ ਵਾਧ ਘਾਟ ਕਰਕੇ ਇਸ ਨੂੰ ਵਿਲੱਖਣ ਰੂਪ ਵਿਚ ਪੇਸ਼ ਕੀਤਾ ਹੈ, ਇਸਨੂੰ ਤ੍ਰੈ-ਕਾਲ ਸਤਿ ਨਹੀਂ ਮੰਨਿਆਂ ਜਾ ਸਕਦਾ।ਇਤਿਹਾਸ-ਮਿਥਿਹਾਸ ਪੂਰਤ ਰਚਨਾ ਵਾਲਾ ਇਹ ਇਕ ਗੌਰਵਮਈ ਦਾਰਸ਼ਨਿਕ ਗ੍ਰੰਥ ਹੈ।ਇਕ ਖਾਸ ਖਿਆਲ ਇਹ ਰਹੇ ਕਿ ਜਿਵੇਂ ਸਾਡੀ ਦੇਹ ਧਰਤੀ, ਪਾਣੀ, ਅੱਗ, ਹਵਾ ਤੇ ਅਕਾਸ਼ ਦੀਆਂ ਬੇ-ਜੋੜ ਸ਼ਕਤੀਆਂ ਦਾ ਸੁਮੇਲ ਹੈ, ਇਸੇ ਤਰ੍ਹਾਂ ਭਗਤੀ -ਸ਼ਕਤੀ, ਮੀਰੀ-ਪੀਰੀ, ਰਾਜ-ਜੋਗ, ਸ਼ਾਸਤ੍ਰ-ਸ਼ਸਤ੍ਰ ਯਾਨੀ ਦੋ ਬੇ-ਜੋੜ ਆਵਸਥਾਵਾਂ ਦਾ ਨਾਮ ਸਿੱਖੀ ਹੈ।ਇਸੇ ਤਰ੍ਹਾਂ ਇਸਦੇ ਥਾਪਣਹਾਰੇ ਦਸਵੇਂ ਨਾਨਕ ਨੇ ਆਪਣੀ ਬਾਣੀ ਨੂੰ ਵੀ ਸਾਹਿਤ ਦੇ ਨੌਂ ਬੇ-ਜੋੜ ਰੰਗਾਂ (ਰਸਾਂ) ਨੂੰ ਆਪਸ ਵਿਚ ਤੁਲਨਾ, ਉਪਮਾਵਾਂ ਵਿਚ ਜੋੜਕੇ ਇਕ ਅਸੰਭਵ ਕਾਰਜ ਨੂੰ ਬੜੀ ਨਿਪੁੰਨਤਾ ਨਾਲ ਜਗਤ ਸਾਹਮਣੇ ਪੇਸ਼ ਕੀਤਾ ਹੈ।ਇਹ ਅਤਿ ਔਖੀ ਅਤੇ ਅਸੰਭਵ ਖੇਡ੍ਹ ਹੈ।ਸਾਹਿਤ ਦੇ ਅੱਡੋ ਅੱਡਰੇ ਰਸਾਂ ਨੂੰ ਪੇਸ਼ ਕਰਨ ਵਾਲੇ ਬਥੇਰੇ ਮਿਲ ਜਾਣਗੇ, ਪਰ ਬੀਰ ਰਸ ਨੂੰ ਸ਼ਿੰਗਾਰ ਰਸ ਵਿਚ, ਸ਼ਿੰਗਾਰ ਰਸ ਨੂੰ ਅਦਭੁਤ ਰਸ ਵਿਚ, ਅਦਭੁਤ ਰਸ ਨੂੰ ਕਰੁਣਾ ਰਸ ਵਿਚ ਰਲਾਕੇ ਉਪਮਾਨ ਉਪਮੇਹ ਵਰਤਣੇ ਅਤੇ ਨਾਲ ਹੀ ਹਿੰਦੁਸਤਾਨੀ ਸਨਾਤਨ ਸੰਸਕ੍ਰਿਤੀ ਦੀ ਮਿਸਾਲ ਪੇਸ਼ ਕਰਨਾਂ, ਦਸਮੇਸ਼ ਜੀ ਦੀ ਅਤੀ ਉਤਮ ਕਲਾ ਦਾ ਨਮੂੰਨਾ ਹੈ।ਇਸੇ ਕਰਕੇ ਹੀ ਉਨ੍ਹਾਂ ਨੂੰ ਤੇਗ ਦੇ ਧਨੀ ਤੇ ਨਾਲ ਹੀ ਕਲਮ ਦੇ ਧਨੀ ਕਿਹਾ ਜਾਂਦਾ ਹੈ।ਭਾਰਤੀ ਸਾਹਿਤ ਵਿਚ ਕੋਈ ਐਸੀ ਹੋਰ ਰਚਨਾ ਨਹੀਂ ਮਿਲਦੀ ਜਿਸਨੂੰ ਦਸਮ ਗ੍ਰੰਥ ਸਾਹਿਬ ਨਾਲ ਤੁਲਨਾ ਦਿੱਤੀ ਜਾ ਸਕੇ।

**6.ਦਸਮ ਗ੍ਰੰਥ ਸਾਹਿਬ ਦੀ ਸੰਪਾਦਨਾ-**

ਗੁਰੂ ਗੋਬਿੰਦ ਸਿੰਘ ਦੇ ਅਕਾਲ ਚਲਾਣੇ ਉਪਰੰਤ ਭਾਈ ਮਨੀ ਸਿੰਘ ਜੀ ਨੇ ਮਾਤਾ ਸੁੰਦਰੀ ਜੀ ਦੀ ਅਗਵਾਈ ਹੇਠ ਸਿੱਖਾਂ ਤੋਂ ਇਕੱਤ੍ਰ ਕੀਤੀਆਂ ਦਸਮੇਸ਼ ਬਾਣੀ ਦੇ ਉਤਾਰੇ ਦੀਆਂ ਪੋਥੀਆਂ ਰਾਹੀਂ ਕੀਤੀ।ਰਹੀ ਗੱਲ ਵਿਵਾਦ ਦੀ। ਇਹ ਜ਼ਰੂਰ ਪੰਥਕ ਮਸਲਾ ਬਣਿਆ ਰਿਹਾ ਸੀ ਕਿ ਦਸਮ ਗ੍ਰੰਥ ਸਾਹਿਬ ਨੂੰ ਅਲੱਗ ਅਲੱਗ ਜਿਲਦਾਂ ਵਿਚ ਰੱਖਿਆ ਜਾਵੇ ਜਾਂ ਇਕ ਜਗ੍ਹਾ, ਪਰ ਇਹ ਕਦੇ ਵੀ ਨਹੀਂ ਸੋਚਿਆ ਜਾਂ ਕਿਹਾ ਗਿਆ ਸੀ, ਕਿ ਇਹ ਗੁਰੂ ਕ੍ਰਿਤ ਨਹੀਂ ਹੈ।ਮੰਦਭਾਗੇ ਅਖੌਤੀ ਵਿਦਵਾਨਾਂ ਨੂੰ ਜੋ ਪੜ੍ਹਨਾ ਨਹੀਂ ਆਇਆ ਉਸ ਬਾਰੇ ਕਿੰਤੂ ਘੱਟ ਹੋਇਆ ਹੈ, ਜਿਵੇਂ ਕਿ ਗਜ਼ਲਾਂ ਭਾਈ ਨੰਦ ਲਾਲ ਜੀ ਅਤੇ ਸ਼ਸਤ੍ਰਨਾਮ ਮਾਲਾ ਪੁਰਾਣ।ਵੈਸੇ ਦਸਮ ਗ੍ਰੰਥ ਸਾਹਿਬ ਕਦੋਂ, ਕਿੱਥੇ, ਕਿਸ ਆਸ਼ੇ ਦੀ ਪੂਰਤੀ ਲਈ ਲਿਖਿਆ ਹੈ, ਇਹ ਦਸਮ ਗ੍ਰੰਥ ਸਾਹਿਬ ਵਿਚ ਹੀ ਸਭ ਕੁੱਝ ਦਰਜ਼ ਹੈ।ਗੁਰੂ ਗੋਬਿੰਦ ਸਿੰਘ ਜੀ ਨੇ ਬਤੌਰ ਕਵੀ, ਬਤੌਰ ਉਲਥਾਕਾਰ, ਬਤੌਰ ਕਹਾਣੀਕਾਰ (ਹਕਾਇਤਾਂ

ਤੇ ਚਰਿੱਤ੍ਰ) ਆਦਿ ਲਿਖਣ ਸਮੇਂ ਸੰਮਤ, ਦਿਨ, ਵਾਰ, ਸਥਾਨ, ਤੇ ਮਨੋਰਥ ਸਪਸ਼ਟ ਲਿਖ ਕੇ ਕੋਈ ਸ਼ੰਕਾ ਨਹੀਂ ਰਹਿਣ ਦਿੱਤਾ। ਇਨ੍ਹਾਂ ਲੋਕ ਪ੍ਰਚਲਤ ਕਹਾਣੀਆਂ ਨੂੰ ਅਨੇਕ ਪ੍ਰਕਾਰੀ ਗਿਆਨ ਦੇਣ ਹਿਤ ਦਸਮੇਸ਼ ਜੀ ਨੇ ਬਤੌਰ ਲਿਖਾਰੀ ਅਥਵਾ ਕਵੀ ਸੰਪਾਦਤ ਕੀਤਾ, ਅਤੇ ਉਨ੍ਹਾਂ ਵਿਚ ਕਈ ਥਾਈਂ ਆਪਣੇ ਆਸ਼ੇ ਨੂੰ ਵੀ ਕਿਸੇ ਪਾਤਰ ਰਾਹੀਂ ਜਾਂ ਸਿੱਧਾ 'ਕਬਿਯੋ ਬਾਚ' ਕਹਿ ਕੇ ਸਪਸ਼ਟ ਕੀਤਾ।

**7.ਨਾਨਕ ਨਾਮ ਛਾਪ-**

ਅਰਦਾਸ ਤੋਂ ਬਾਅਦ ਪਹਿਲੇ ਤਿੰਨੇ ਦੋਹਰੇ "ਆਗਿਆ ਭਈ ਅਕਾਲ ਕੀ>>>ਬਚੇ ਸ਼ਰਨ ਜੋ ਹੋਏ" ਪਹਿਲੇ ਤਿੰਨ ਦੋਹਰਿਆਂ ਵਿਚ 'ਨਾਨਕ' ਨਾਮ ਛਾਪ ਨਹੀਂ ਵਰਤੀ ਅਤੇ ਅਰਦਾਸ ਦੇ ਅੰਤਲੇ ਦੋਹਰੇ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ"। ਵਿਚ ਵਰਤੀ ਹੈ, ਪਰ ਇਹ ਗੁਰਬਾਣੀ ਨਹੀਂ ਹੈ। ਇਹ 'ਗੁਰੂ-ਪੰਥ' ਵੱਲੋਂ ਮੁਕਰਰ ਕੀਤਾ ਹੋਇਆ ਵਿਧਾਨ ਹੈ ਤੇ ਸਿੱਖ ਪੰਥ ਇਸ ਨੂੰ ਮੰਨਦਾ ਹੈ, ਇਹ ਗੁਰੂ ਪੰਥ ਦੀ ਹੀ ਅਥਾਰਟੀ ਹੈ ਕਿ ਨਾਨਕ ਛਾਪ ਵਰਤ ਸਕਦਾ ਹੈ। ਕਿਸੇ ਰਚਨਾ ਬਾਰੇ ਗੱਲ ਇਹ ਨਹੀਂ ਕਿ ਨਾਨਕ ਨਾਮ ਛਾਪ ਲੱਗੀ ਹੈ ਜਾਂ ਨਹੀਂ ਲੱਗੀ ਹੈ, ਸਗੋਂ ਗੱਲ ਇਹ ਹੈ ਕਿ ਇਸ ਨੂੰ 'ਗੁਰੂ ਪੰਥ' ਨੇ ਪ੍ਰਵਾਨ ਕੀਤਾ ਹੈ ਯਾ ਨਹੀਂ। ਦਸਮ ਗ੍ਰੰਥ ਸਾਹਿਬ ਵਿਚ ਨਾਨਕ ਨਾਮ ਛਾਪ ਬਾਰੇ ਇਸ ਤਰ੍ਹਾਂ ਹੈ ਕਿ ਦਸਮੇਸ਼ ਜੀ ਨੇ 'ਆਪਣੀ ਕਥਾ' ਵਿਚ ਫੁਰਮਾਇਆ ਹੈ; 'ਕਹਯੋ ਪ੍ਰਭੂ ਸੋ ਮੈਂ ਕਰੋਂ'॥ ਇਸੇ ਭਾਵਨਾ ਨਾਲ ਆਪਣੀ ਰਚੀ ਹਰ ਪ੍ਰਕਾਰ ਦੀ ਬਾਣੀ, 'ਪ੍ਰਭੂ' ਦੇ ਨਾਮ ਨਾਲ ਮਨਸੂਬ ਕਰਦੇ ਹਨ। ਇਸੇ ਕਰਕੇ ਆਪ ਨੇ ਆਪਣੇ ਉਪਨਾਮ (ਕਵਿ ਛਾਪ) ਭੀ ਪ੍ਰਭੂ ਦੇ ਪ੍ਰਸਿੱਧ ਨਾਉਂ-'ਰਾਮ', 'ਸਯਾਮ', 'ਗੋਬਿੰਦ', 'ਕਾਲ' ਤੇ 'ਹਰਿ' ਆਦਿ ਹੀ ਵਰਤੇ ਹਨ। 'ਗੁਰੂ' ਹੋਣ ਦੀ ਹੈਸੀਅਤ ਵਿਚ, ਦਸ ਹੀ ਸਤਿਗੁਰੂ 'ਨਾਨਕ' ਸਨ। ਲੇਕਿਨ ਗੁਰੂ ਜੀ ਨੇ ਆਪਣੀ ਇਸ ਰਚਨਾ ਵਿਚੋਂ 'ਆਪਾ' ('ਗੁਰੂ ਨਾਨਕ ਦੀ ਵੱਖਰੀ ਹੋਂਦ') ਭੀ ਮਿਟਾ ਦਿੱਤਾ ਹੈ। ਹਾਂ ਜਿੱਥੇ ਮੰਗ ਦੀ ਗੱਲ ਹੈ ਤਾਂ 'ਗੋਬਿੰਦ ਦਾਸ ਤੁਹਾਰ' ਅਤੇ 'ਮੈ ਨ ਕਹਯੋ ਸਬ ਤੋਹਿ ਬਖਾਨਯੋ'॥ ਜ਼ਰੂਰ ਲਿਖਿਆ ਹੈ। ਇਥੇ 'ਨਾਨਕ' ਦੇ 'ਗੋਬਿੰਦ' ਵਿਚ ਲੀਨ ਹੋਣ ਦੀ ਪ੍ਰਕਿਰਿਆ ਵਾਲੀ ਜੁਗਤ ਨੂੰ ਜਾਣੋ—

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ਗੁ.ਗ੍ਰੰ.ਸਾਹਿਬ ਅਤੇ-
ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥ ਦਸਮੇਸ਼ ਬਾਣੀ

ਇਕ ਲਿਖਾਰੀ ਦੇ ਇਕ ਤੋਂ ਵੱਧ ਨਾਮ ਦਸਮ ਗ੍ਰੰਥ ਸਾਹਿਬ ਜੀ ਵਿਚ ਹੀ ਨਹੀਂ, ਸਗੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਇਸਦੀ ਮਿਸਾਲ ਮੌਜੂਦ ਹੈ। ਜਿਵੇਂ ਕਿ ਇਕ ਭੱਟ ਨੇ ਆਪਣੇ ਤਿੰਨ ਨਾਮ ਕਲਸਹਾਰ, ਕਲ੍ਯ ਤੇ ਟਲ੍ਯ ਵਰਤੇ ਹਨ। ਦੂਜੇ ਭੱਟ ਜਾਲਪ ਨੇ ਆਪਣਾ ਹੀ ਦੂਸਰਾ ਨਾਮ ਜਲ੍ਯ ਵਰਤਿਆ ਹੈ। ਇਸੇ ਤਰ੍ਹਾਂ ਗੁਰਮਤਿ ਪੁਸਤਕਾਂ ਦੇ ਲਿਖਾਰੀ ਭਾਈ ਵੀਰ ਸਿੰਘ ਦੇ ਪਿਤਾ ਚਰਨ ਸਿੰਘ ਜੀ 'ਚਰਨ ਹਰੀ' ਅਤੇ ਵੀਰ ਸਿੰਘ ਦੇ ਨਾਨਾ ਜੀ ਹਜ਼ਾਰਾ ਸਿੰਘ ਜੀ 'ਹਜ਼ੂਰ ਹਰੀ' ਦੀ ਛਾਪ ਲਿਖਦੇ ਰਹੇ ਹਨ। ਗਿ.ਦਿੱਤ ਸਿੰਘ ਜੀ ਬਦਲਵਾਂ ਨਾਮ 'ਮ੍ਰਿਗਿੰਦ' ਵਰਤਦੇ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ 'ਵ੍ਰਿਜੇਸ਼' ਵਰਤਦੇ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਸਾਹਿਬ ਦੇ ਅਧਿਆਏ ਸ਼ਸਤ੍ਰ ਨਾਮ ਮਾਲਾ ਪੁਰਾਣ ਵਿਚ ਲਿਖਦੇ ਹਨ-

'ਮਗਹਾ' 'ਪਥਹਾ' 'ਪੈਂਡਹਾ' 'ਧਨਹਾ' 'ਦ੍ਰਿਬਹਾ' ਸੋਇ॥ ਜਾ ਕੇ ਡਰ ਤੇ ਸੋ ਸੁਨੋ ਪਥਕ ਨ ਉਬਰਯ ਕੋਇ॥

ਇਕੋ ਲਾਈਨ ਵਿਚ **ਲੁਟੇਰੇ** ਦੇ ਪੰਜ ਨਾਮ ਗਿਣਕੇ 'ਸਰਬੋਤਮ ਕਲਾ' ਦਾ ਨਮੂੰਨਾ ਪੇਸ਼ ਕੀਤਾ ਹੈ।

ਸਾਰੇ ਪੁਆੜੇ ਦੀ ਜੜ੍ਹ ਭਾਗ ਸਿੰਘ ਅੰਬਾਲਾ ਨੇ ਭੀ ਆਪਣੇ ਆਪ ਨੂੰ 'ਭਾਗ ਹਰੀ' 'ਭਾਗ ਹਰ' ਅਤੇ ਗੁਰੂ ਗੋਬਿੰਦ ਸਿੰਘ ਜੀ ਵਾਸਤੇ 'ਗੋਬਿੰਦ ਕੇਸਰੀ' 'ਦੁਸ਼ਟ ਨਿਕੰਦਨ' ਲਿਖਿਆ ਹੈ। ਇਸੇ ਭਾਗ ਸਿੰਘ ਨੂੰ ਉਸਦੀ ਆਪਣੀ ਕੁਕ੍ਰਿਤ ਕਾਰਨ ਗੁਰੂ ਪੰਥ ਨੇ ਉਸਨੂੰ 'ਪੰਥ' ਵਿਚੋਂ ਛੇਕ ਦਿੱਤਾ। ਭਾਗ ਹਰ, ਹਰਨ ਹੋਣ ਤੋਂ ਪਹਿਲਾਂ ਆਪ ਤਾਂ ਮੁਆਫੀ ਮੰਗ ਕੇ ਪੰਥ ਵਿਚ ਫਿਰ ਸ਼ਾਮਲ ਹੋ ਗਿਆ ਸੀ, ਪਰ ਜਾਂਦਾ ਹੋਇਆ ਆਪਣੀ ਲਿਖਤ ਨਾਲ ਨਹੀਂ ਲੈਕੇ ਗਿਆ, ਜੋ ਕਿ ਹੁਣ ਹੋਰਾਂ ਨੂੰ ਭਰਮਾਉਣ ਦਾ ਕਰਨ ਬਣ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਨਿਰੋਲ ਬ੍ਰਹਮ ਦੀ ਕਥਾ ਹੈ। ਦਸਮ ਗ੍ਰੰਥ ਸਾਹਿਬ ਵਿਚ ਬ੍ਰਹਮ ਦੀ ਕਥਾ ਦੇ ਨਾਲ ਨਾਲ, ਦਸਮੇਸ਼ ਜੀ ਦੀ ਆਪਣੀ ਕਥਾ, ਇਤਿਹਾਸ ਮਿਥਿਹਾਸ ਮਿਸ਼ਰਤ ਬਾਣੀ ਹੈ, ਜਿਸਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਰ੍ਹਾਂ ਨਾਨਕ ਨਾਮ ਛਾਪ ਥੱਲੇ ਨਹੀਂ ਸੀ ਲਿਆਂਦਾ ਜਾ ਸਕਦਾ, ਇਸੇ ਕਰਕੇ ਇਸਨੂੰ ਗੁਰਤਾ ਪ੍ਰਾਪਤ ਨਹੀਂ ਹੈ। ਗੁਰਤਾ ਕਿਸੇ ਗੁਰੂ ਵਿਅਕਤੀ ਦੀ ਜੀਵਨ ਕਥਾ ਨੂੰ, ਦੁਨਿਆਵੀ ਇਤਿਹਾਸ ਮਿਥਿਹਾਸ ਨੂੰ ਨਹੀਂ ਦਿੱਤੀ ਜਾ ਸਕਦੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਸਭ ਕੁੱਝ ਦਾ ਅਭਾਵ ਹੈ। ਦਸਮੇਸ਼ ਜੀ ਦੇ ਦੋ ਸਵੈਯੇ ਹਨ-

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨ ਹਾਰ ਕਹੂੰ ਕੋਊ ਮੋ ਸੋ॥
ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ॥
ਯਾ ਕਲ ਮੇ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥ ਬਚਿੱਤ੍ਰ ਨਾਟਕ ਅਤੇ-
ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੌ॥
ਭੂਲ ਛਿਮੋ ਹਮਰੀ ਪ੍ਰਭ ਆਪੁਨ ਭੂਲਨਹਾਰ ਕਹੂੰ ਕੋਊ ਮੋਸੌ॥
ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ ਧਨ ਲਾਗਤ ਧਾਮ ਭਰੋਸੌ॥
ਯਾ ਕਲ ਮੇ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥ ਚਰਿੱਤ੍ਰ ਪਹਿਲਾ

ਇਥੇ ਸਿਰਫ 'ਕਰੋ' ਭਾਵ 'ਅਰਦਾਸ' ਅਤੇ 'ਕਿਯੋ' ਭਾਵ 'ਸ਼ੁਕਰਾਨਾ' ਵਾਲੀ ਅਵਸਥਾ ਸਾਫ ਦਿਸ ਆਉਂਦੀ ਹੈ। 'ਭਗਤੀ ਮਈ' ਬਾਣੀ ਅਤੇ 'ਯੁੱਧ ਮਈ' ਬਾਣੀ ਦਾ ਹਰ ਹਾਲਤ ਵਿਚ ਫਰਕ ਨਜ਼ਰ ਆਵੇਗਾ। 'ਸਤਿਗੁਰ ਪ੍ਰਸਾਦਿ', ਤੇ 'ਵਾਹਿਗੁਰੂ ਜੀ ਕੀ ਫਤਹਿ' ਦਾ ਭੀ ਇਹੋ ਫਰਕ ਹੈ।ਇਹ 'ਦਰਬਾਰ ਸਾਹਿਬ' ਤੋਂ 'ਅਕਾਲ ਤਖਤ' ਸਾਹਿਬ ਵੱਲ, 'ਭਗਤੀ ਤੋਂ ਸ਼ਕਤੀ', 'ਮਾਲਾ ਤੋਂ ਕ੍ਰਿਪਾਨ' ਅਤੇ 'ਮੀਰੀ ਤੋਂ ਪੀਰੀ' ਤੱਕ ਦਾ ਅਤੇ 'ਸਿਰ ਧਰ ਤਲੀ ਗਲੀ ਮੇਰੀ ਆਉ' ਤੋਂ 'ਮੈਨੂੰ ਸੀਸ ਚਾਹੀਦਾ ਹੈ' ਵਾਲਾ ਸਫਰ ਅਤੇ ਤਬਦੀਲੀ ਹੈ। 'ਗਰੀਬੁਲ ਨਿਵਾਜ' ਅਤੇ 'ਗਨੀਮੁਲ ਖਿਰਾਜ' ਵਾਲਾ ਅੰਤਰ ਹੈ। 'ਇਕ ਰੰਗ' ਅਤੇ 'ਬਹੁਰੰਗੀ' ਵਿਚਲਾ ਅਨੋਖਾਪਨ ਹੈ।ਪੁਰਾਣੀ ਧਾਰਨਾ ਕਿ ਰਾਜ ਭਾਗ ਤਲਵਾਰ ਵਿਚੋਂ ਪੈਦਾ ਹੋਕੇ ਰਬਾਬ ਵਿਚ ਡੁੱਬ ਮਰਦਾ ਹੈ, ਪਰ ਇਸਦੇ ਉਲਟ, 'ਸਿੱਖ ਧਰਮ' ਰਬਾਬ ਵਿਚੋਂ ਪੈਦਾ ਹੋਕੇ ਕ੍ਰਿਪਾਨ ਨਾਲ ਬੁਲੰਦੀਆਂ ਛੋਂਹਦਾ ਹੈ।ਛੱਤਰ ਚਵਰ ਤਖਤ ਦੇ ਮਾਲਕ ਦਸਵੇਂ ਨਾਨਕ ਦੀ ਪਾਤਸ਼ਾਹੀ ਦਾ ਪ੍ਰਕਾਸ਼ ਵਰਤਾਰਾ ਅਤੇ ਦੇਗ ਤੇਗ ਦਾ ਵਰਤਾਉਣਾ ਜੁਗੋ ਜੁਗ ਅਟੱਲ ਹੈ।

**8.ਸਾਹਿਤਕਲਾ-**

ਸਾਹਿਤ ਦੇ ਭੇਦਾਂ ਅਲੰਕਾਰ, ਉਪਮਾਨ-ਉਪਮੇਹ, ਰਹੱਸ ਤੇ ਰਮਜ਼ ਤੋਂ ਨਾਵਾਕਫੀ ਹੋਵੇ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ।ਦੇਖੋ ਬਹੁਅਰਥੀ ਸ਼ਬਦ ਭੇਦ-ਹਰ ਬੋਲਯੋ ਹਰ ਨੇ ਸੁਣਯੋ ਹਰ ਗਯੋ ਹਰ ਕੇ ਪਾਸ।ਹਰ ਤੋ ਹਰ ਮੇਂ ਛੁਪ ਗਯੋ ਹਰ ਉਠ ਚਲਯੋ ਨਿਰਾਸ।(ਇਹ ਗੁਰਬਾਣੀ ਨਹੀਂ)।ਇਥੇ ਸ਼ਬਦ 'ਹਰ' ਦੇ ਹਰ ਵਾਰ ਅਲੱਗ ਅਲੱਗ ਅਰਥ ਬਣਦੇ ਹਨ।ਅੱਖਰ ਬੋਧ, ਸ਼ਬਦ ਬੋਧ, ਵਾਕ ਬੋਧ, ਅਰਥਬੋਧ, ਭਾਵਬੋਧ ਤੋਂ ਬਾਅਦ ਫਿਰ ਕਿਤੇ ਅਨੁਭਵ ਪ੍ਰਕਾਸ਼ ਹੁੰਦਾ ਹੈ।

**9.ਸ਼ਬਦ ਆਰਾਧੀ-**

ਭਾਵ ਅਰਾਧਨਾ ਕਰਨ ਵਾਲਾ।ਕਿਸਦੀ ਅਰਾਧਨਾ?-ਮਹਾਕਾਲ ਕਾਲ ਕਾ ਆਰਾਧੀ॥ ਭਾਵ ਕਿ ਮੈਂ ਕਾਲ ਦੇ ਵੀ ਕਾਲ ਮਹਾਕਾਲ ਭਾਵ 'ਅਕਾਲ ਪੁਰਖ' ਦੀ ਅਰਾਧਨਾ ਕਰਨ ਵਾਲਾ ਹਾਂ।ਅਤੇ ਗੁਰਬਾਣੀ ਦਾ ਫੁਰਮਾਨ ਹੈ-

ਰੈਣ ਦਿਨਸ ਗੁਰ ਚਰਣ ਅਰਾਧੀ ਦਯਾ ਕਰੋ ਮੇਰੇ ਸਾਈ॥ ਦਸਮੇਸ਼ ਬਾਣੀ ਵਿਰੋਧੀ ਅਰਾਧੀ ਲਫਜ਼ ਨੂੰ ਇਸਤ੍ਰੀ ਲਿੰਗ ਸਮਝਣ ਕਰਕੇ ਹੀ ਭੁਲੇਖਾ ਖਾਂਦੇ ਹਨ, ਜਦੋਂ ਕਿ ਇਹ ਇਸਤ੍ਰੀ ਲਿੰਗ ਨਹੀਂ ਹੈ।ਜਦੋਂ ਅਸੀਂ ਕਿਸੇ ਨੂੰ ਰਾਹੀ, ਪੰਜਾਬੀ, ਨਾਨਕ ਪੰਥੀ, ਕੁਮੰਤ੍ਰੀ, ਕੁਪੰਥੀ, ਰੋਗੀ, ਆਗਿਆਕਾਰੀ ਆਦਿ ਕਹਿ ਦਿੰਦੇ ਹਾਂ, ਤਾਂ ਫਿਰ ਇਹ ਕਿਵੇਂ ਹੋ ਗਿਆ, ਕਿ ਉਹ ਇਸਤ੍ਰੀ ਹੀ ਹੈ, ਮਰਦ ਨਹੀਂ।ਜੇ 'ਅਰਾਧੀ' ਲਫਜ਼ ਦੇ ਕਰਕੇ 'ਕਾਲਕਾ ਦੇਵੀ' ਲਫਜ਼ ਇਸਤ੍ਰੀ ਲਿੰਗ ਬਣਦਾ ਹੁੰਦਾ ਤਾਂ ਗੁਰੂ ਸਾਹਿਬ-'ਦ੍ਵੈ ਤੇ ਏਕ ਰੂਪ ਹ੍ਵੈ ਗਯੋ'॥ ਨਹੀਂ ਬਲਕਿ 'ਤ੍ਰੈ ਤੇ ਏਕ ਰੂਪ ਹ੍ਵੈ ਗਯੋ'॥ ਲਿਖਦੇ।

**10.ਸ਼ਬਦ ਮਹਾਂਕਾਲ-**

ਮਹਾਕਾਲ ਕੇ ਕਾਲ ਕੋ ਕਾਲ ਛੈਨੀ॥ ਭਾਵ ਜੋ ਮਹਾਕਾਲ ਦੇ ਕਾਲ ਦੇ ਕਾਲ ਦਾ ਭੀ ਅੰਤ ਕਰਨੇਹਾਰਾ ਹੈ।ਅਤੇ- ਕਾਲਿਕੇ ਕਾਲ ਕੋ ਹੀ ਅਰਜੀ ਹੈ॥ ਚੰ.ਚ. ਭਾਵ ਕਿ ਉਸਦਾ ਪਸਾਰਾ ਕਾਲ ਦੇ ਕਾਲ ਯਾਨੀ 'ਅਕਾਲ ਪੁਰਖ' ਵਾਂਗ ਫੈਲਿਆ ਹੋਇਆ ਹੈ।ਅਤੇ-

ਅਕਰਖ ਦੇਵਿ ਕਾਲਿਕਾ ਅਨਿਰਖ ਸਬਦ ਉਚਰੋਂ॥ ਸੁ ਬੀਨ ਬੀਨ ਕੈ ਬਡੇ ਪ੍ਰਬੀਨ ਅੱਛ੍ਰ ਕੋ ਧਰੋਂ॥ ਉ.ਬ੍ਰ.ਰੁ. ਭਾਵ ਕਿ ਖਿੱਚ ਕੇ, ਆਪਣੇ ਵੱਲ ਰੁਜ਼ੂ ਕਰਕੇ, ਭਾਵ ਸਿਮਰ ਕੇ ਕਾਲ ਦੇ ਦੇਵ ਯਾਨੀ ਅਕਾਲ ਪੁਰਖ ਨੂੰ, ਮੈਂ ਅਣੋਖੇ ਤੇ ਅਜੀਬ ਸ਼ਬਦ ਚੁਣ ਚੁਣ ਕੇ ਵਧੀਆ ਲਫਜ਼ਾਂ ਨੂੰ ਟਿਕਾਵਾਂਗਾ।ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ—

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ***ਕਾਲ ਕਾ ਕਾਲੁ*** ਨਿਰੰਜਨ ਜਚਨਾ॥ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥ (ਸ੍ਵੈਯੇ ਮ: 4 ਕੇ ਪੰ:1403) ਅਤੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿਚ ਇਹ ਭੀ ਆਉਂਦਾ ਹੈ-
ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ***ਮਹਾ ਕਾਲੁ***॥
ਜਨਮ ਮਰਣ ਸਭਿ ਦੂਖ ਨਿਵਾਰੇ ਜਪਿ ਹਰਿ ਹਰਿ ਭਉ ਨਹੀ ਕਾਲਕਾ॥ਪੰ:1084
ਇਹ ਵਾਰਤਾ ਲਿਖਣ ਦਾ ਇਹ ਹੀ ਕਾਰਨ ਹੈ ਕਿ ਇਹ 'ਮਹਾਕਾਲ' ਸ਼ਬਦ ਸਰਬਸ਼ਕਤੀਮਾਨ ਅਕਾਲ ਪੁਰਖ ਦਾ ਲਖਾਇਕ ਹੈ।

**11.ਸ਼ਬਦ ਭਗੌਤੀ-**

"ਪ੍ਰਿਥਮ ਭਗੌਤੀ ਸਿਮਰ ਕੈ" ਤੇ ਕਿੰਤੂ ਕਰਨ ਵਾਲੇ ਇਹ ਭੀ ਪੜ੍ਹਨ ਦੀ ਖੇਚਲ ਕਰਨ ਕਿ-
"ਲਈ ਭਗੌਤੀ ਦੁਰਗ ਸ਼ਾਹ ਵਰਜਾਗਣ ਭਾਰੀ॥ਲਾਈ ਰਾਜੇ ਸੁੰਭ ਨੋ ਰਤ ਪੀਏ ਪਿਆਰੀ"॥ਕੀ ਦੁਰਗਾ ਨੇ ਦੇਵੀ ਨੂੰ ਚੁੱਕ ਕੇ ਰਾਜੇ ਸੁੰਭ ਦੇ ਸਿਰ ਉਪਰ ਮਾਰਿਆ? ਕੋਈ ਤੁਕ ਬਣਦੀ ਹੈ? ਨਹੀਂ।ਇਹ ਹੈ 'ਖੜਗ'।ਸਾਫ ਜ਼ਾਹਰ ਹੈ ਭਗੌਤੀ ਦਾ ਅਰਥ 'ਖੜਗ' ਹੈ ਅਤੇ ਇਹ ਪ੍ਰਮਾਤਮਾ ਦੀ ਸ਼ਕਤੀ ਸੂਚਕ ਨਾਮ ਹੈ।ਜਿਸ ਸ਼ਬਦ ਤੇ ਸ਼ੱਕ ਹੋਵੇ ਤਾਂ ਉਹ ਸ਼ਬਦ ਉਸੇ ਹੀ ਗ੍ਰੰਥ ਵਿਚੋਂ ਹੋਰ ਜਗ੍ਹਾ ਲੱਭ ਕੇ ਸ਼ੰਕਾ ਨਵਿਰਤੀ ਹੋ ਜਾਂਦੀ ਹੈ।

**12.ਸ਼ਬਦ ਦੇਹਿ ਸ਼ਿਵਾ ਬਰ ਮੋਹਿ ਇਹੈ-**

ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਨਾਮ 'ਸਿਵ' ਅਤੇ 'ਸਿਵ ਸਕਤੀ' ਕਰਕੇ ਆਏ ਹਨ।ਹਿੰਦੂ ਮਨੌਤ ਅਨੁਸਾਰ ਪਹਿਲਾ ਨਾਮ (ਸ਼ਿਵ) ਸੰਹਾਰ ਕਰਨਹਾਰ ਦੇਵਤਾ ਹੈ, ਜਿਸਨੂੰ ਮਹਾਂਦੇਵ ਕਹਿੰਦੇ ਹਨ।ਇਸਦਾ ਗੁਰੂ ਗ੍ਰੰਥ ਸਾਹਿਬ ਵਿਚ–
'ਸਿਵ ਸਨਕਾਦਿ ਜਾਸੁ ਗੁਨ ਗਾਵਹਿ, ਤਾਸੁ ਬਸਹਿ ਮੋਰੇ ਪ੍ਰਾਨਾਨਾ'॥ਅਤੇ-
'ਸਿਵ ਸਿਵ ਕਰਤੇ ਜੋ ਨਰ ਧਿਆਵੈ॥ਬਰਦ ਚੜੇ ਡਉਰੂ ਢਮਕਾਵੈ'॥ਅਤੇ ਦਸਮ ਗ੍ਰੰਥ ਸਹਿਬ ਵਿਚ-
'ਆਜ ਲਗੇ ਤਪ ਸਾਧਤ ਹੈਂ ਸਿਵ ਊ ਬ੍ਰਹਮਾ ਕਛੁ ਪਾਰ ਨ ਪਾਯੋ'॥ਅਤੇ-
'ਰਾਮ ਕਿਸ਼ਨ ਏ ਜਿਨੈ ਬਖਾਨੈ॥ਸ਼ਿਵ ਬ੍ਰਹਮਾ ਏ ਜਾਹਿ ਪ੍ਰਮਾਨੈ॥ਤੇ ਸਭ ਹੀ ਸ੍ਰੀ ਕਾਲ ਸੰਘਾਰੇ॥ਕਾਲ ਪਾਇਕੈ ਬਹੁਰਿ ਸਵਾਰੇ॥ਕੇਤੇ ਰਾਮ ਚੰਦ ਅਰੁ ਕ੍ਰਿਸ਼ਨਾ॥ਕੇਤੇ ਚਤੁਰਾਨਨ ਸ਼ਿਵ ਬਿਸ਼ਨਾ॥ਚੰਦ ਸੂਰਜ ਏ ਕਵਨ ਬਿਚਾਰੇ॥ ਪਾਨੀ ਭਰਤ ਕਾਲ ਕੇ ਦ੍ਵਾਰੇ'॥ਸਮਝਾਕੇ ਅਤੇ ਇਸ ਤਰ੍ਹਾਂ ਹੋਰ ਬਹੁਤ ਵਾਰੀ ਲਿਖ ਕੇ ਭਰਪੂਰ ਖੰਡਨ ਕੀਤਾ ਗਿਆ ਹੈ।ਕਬਿਓ ਬਾਚ ਬੇਨਤੀ ਚੌਪਈ ਵਿਚ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ-
ਨਿਰੰਕਾਰ ਨ੍ਰਿਬਕਾਰ ਨ੍ਰਿਲੰਭ॥ਆਦਿ ਅਨੀਲ ਅਨਾਦਿ ਅਸੰਭ॥ਤਾਕਾ ਮੂੜ੍ਹ ਉਚਾਰਤ ਭੇਦਾ॥ਜਾਕੋ ਭੇਵ ਨ ਪਾਵਤ ਬੇਦਾ॥ਤਾਕੌ ਕਰਿ ਪਾਹਨ ਅਨੁਮਾਨਤ॥ਮਹਾਂਮੂੜ੍ਹ ਕਛੁ ਭੇਦ ਨ ਜਾਨਤ॥ ***ਮਹਾਂਦੇਵ ਕੌ ਕਹਤ ਸਦਾ ਸਿਵ***॥ ਨਿਰੰਕਾਰ ਕਾ ਚੀਨਤ ਨਹਿ ਭਿਵ॥ਭਾਵ ਤੁਸੀਂ ਮਹਾਂਦੇਵ (ਸ਼ਿਵਜੀ) ਨੂੰ ਹੀ ਸਦਾ ਸਿਵ (ਨਿਰੰਕਾਰ) ਸਮਝਦੇ ਹੋ, ਜਿਹੜਾ ਅਸਲੀ ਸਦੀਵੀ ਸ਼ਿਵ (ਨਿਰੰਕਾਰ) ਹੈ, ਉਸਦੀ ਤੁਹਾਨੂੰ ਕੋਈ ਸੋਝੀ ਨਹੀਂ।ਗੁਰੂ ਜੀ ਇਸੇ ਅਕਾਲੀ ਸ਼ਿਵ ਤੋਂ ਹੀ ਵਰ ਮੰਗਦੇ ਹਨ ਨਾਂ ਕਿ ਸਿਵਿਆਂ ਚ ਰਹਿਣ ਵਾਲੇ ਸ਼ਿਵ ਤੋਂ ਮੰਗਦੇ ਹਨ।ਜੇ ਦਸਮੇਸ਼ ਜੀ ਨੇ ਸ਼ਿਵ ਜੀ (ਪਾਰਬਤੀ ਵਾਲਾ) ਦੀ ਮਨੌਤ ਬਾਰੇ ਗੱਲ ਕੀਤੀ ਹੁੰਦੀ ਤਾਂ ਸ਼ਿਵ ਜੀ ਦੇ ਤ੍ਰਿਸ਼ੂਲ, ਕਰਮੰਡਲ, ਜਟਾਵਾਂ, ਗਲ ਚ ਪਾਏ ਸੱਪ, ਗੰਗਾ, ਨੀਲ ਕੰਠ ਹੋਣ ਕਰਕੇ ਜ਼ਹਿਰ, ਭਸਮ, ਆਦਿ ਦਾ ਜ਼ਿਕਰ ਜ਼ਰੂਰ ਆਉਂਦਾ।ਪਰ ਇਸ ਬਾਰੇ ਦਸਮ ਗ੍ਰੰਥ ਸਾਹਿਬ ਜੀ ਵਿਚ ਬਿਲਕੁਲ ਹੀ ਕਿਤੇ ਵਰਨਣ ਨਹੀਂ ਮਿਲਦਾ।
'ਸਿਵ ਸਕਤੀ' ਬਾਰੇ ਇਸ ਤਰ੍ਹਾਂ ਹੈ ਕਿ ਸੰਤ-ਕਾਵਿ ਵਿਚ 'ਸਿਵ' ਦਾ ਅਰਥ ਪ੍ਰਮਾਤਮਾ ਤੇ 'ਸ਼ਕਤਿ' ਦਾ ਅਰਥ ਮਾਇਆ 'ਮੂਲ ਸੱਤਾ' ਹੈ।ਲੇਕਿਨ ਗੁਰੂ ਸਾਹਿਬਾਨ ਇਸ ਨੂੰ ਆਦਿ ਸੱਤਾ ਨਹੀਂ ਮੰਨਦੇ-
ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ॥(ਰਾਮਕਲੀ ਮ:3 ਆਨੰਦ) ਪਰ ਜਦੋਂ ਸਿਵ ਅਧਿਆਤਮਿਕ ਪੱਖ ਹੈ ਤੇ ਸ਼ਕਤੀ ਮਾਇਕ ਪੱਖ ਕਰਕੇ ਵਿਚਾਰੀਏ ਤਾਂ ਰਾਜ਼ ਖੁਲ੍ਹ ਜਾਂਦਾ ਹੈ।ਮਾਇਆ ਨੂੰ ਹਰਾ ਕੇ ਹੀ ਅਧਿਆਮਿਕਤਾ ਵੱਲ ਆਇਆ ਜਾ ਸਕਦਾ ਹੈ।ਅੰਤ ਵਿਜੈ ਅਧਿਆਤਮਿਕਤਾ ਦੀ ਹੁੰਦੀ ਹੈ ਤਾਂ ਗੁਰਬਾਣੀ ਵਿਚ ਦਰਜ਼ ਹੈ-

ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥ਸਿਵ ਅੱਗੇ ਸਕਤੀ ਹਾਰਿਆ ਏਵੈ ਹਰਿ ਭਾਈਆ॥(ਮਾਰੂ ਵਾਰ ਡੱਖਣੇ ਮ:5) ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ 'ਦੇਹਿ ਸਿਵਾ ਬਰ ਮੋਹਿ' ਵਾਲੇ ਸਵੈਯੇ ਵਿਚ ਇਹ ਅਧਿਆਤਮਿਕਤਾ ਵਾਲੇ ਪੱਖ ਤੋਂ ਅਕਾਲਪੁਰਖ ਕਰਕੇ ਵਰਤਿਆ ਗਿਆ ਲਫਜ਼ ਹੈ।ਅਤੇ ਫਿਰ ਇਹ ਭੀ ਦੇਖੋ ਕਿ 'ਵਰ' ਕੀ ਮੰਗਿਆ ਜਾ ਰਿਹਾ ਹੈ।ਕੀ ਕੋਈ ਬ੍ਰਾਹਮਣ ਜਾਂ ਸ਼ਿਵ ਭਗਤ ਸ਼ੁਭ ਕਰਮ ਤੋਂ ਨਾਂ ਟਲਣ ਦਾ ਅਤੇ ਜੰਗ ਵਿਚ ਜੂਝਦੇ ਹੋਏ ਮਰਨ ਵਾਲਾ ਵਰ ਮੰਗ ਸਕਦਾ ਹੈ? ਅਗਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਨਾਮ ਮੋਹਣ, ਰਾਮ, ਗਿਰਧਾਰੀ, ਗੋਪੀਨਾਥ, ਰਘੁਨਾਥ, ਜਗਨਨਾਥ, ਮਾਧਵ, ਕਨਾਈ, ਮਧੁਸੂਦਨ, ਸਿਆਮ ਸੁੰਦਰ, ਮੁਰਾਰੀ ਆਦਿ ਅਕਾਲ ਪੁਰਖ ਵਾਚੀ ਨਾਮ ਹੋ ਸਕਦੇ ਹਨ ਤਾਂ 'ਸਿਵ' ਉਪਰ ਹੀ ਆਕੇ ਕਿਉਂ ਕਿੰਤੂ ਕੀਤਾ ਜਾਂਦਾ ਹੈ? ਹਾਲਾਂ ਕਿ ਦਸਮ ਗ੍ਰੰਥ ਸਾਹਿਬ ਵਿਚ ਸਰਬਸ਼ਕਤੀਮਾਨ ਅਕਾਲਪੁਰਖ ਪ੍ਰਮਾਤਮਾ ਪ੍ਰਥਾਏ ਵਰਤੇ ਨਾਮ ਭਗੌਤੀ, ਖੜਗਕੇਤ, ਅਸਿਧੁਜ, ਅਸਿਕੇਤ, ਖੰਡਾ, ਖੜਗਧਾਰੀ, ਮਹਾਂਕਾਲ, ਮਹਾਂਲੋਹ ਆਦਿ ਹਨ।

ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨਾਈ॥ਪੰ:1008

ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤ ਮੁਰਾਰੀ॥ਪੰ:959

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ਪੰ:1253

ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥ਪੰ:94

ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ਪੰ:745

**13.ਅੰਗਰੇਜ਼ੀ ਦੇ ਸ਼ਬਦ-**

ਟੋਰੰਟੋ ਦੇ ਇਕ ਟੀ.ਵੀ. ਪ੍ਰੋਗਰਾਮ ਦੌਰਾਨ ਬੀਬੀ ਜੁਗਰਾਜ ਕੌਰ ਜੀ ਨੇ ਲਫਜ਼ 'ਨੀਅਰ' ਨੂੰ ਲੈਕੇ (ਏਕ ਮਾਰਗ ਦੂਰ ਹੈ ਇਕ ਨਿਯਰ ਹੈ ਸੁਨ ਰਾਮ) ਇਹ ਖੁਲਾਸਾ ਕੀਤਾ ਸੀ, ਕਿ ਦਸਮ ਗ੍ਰੰਥ ਸਾਹਿਬ ਵਿਚ 'ਅੰਗਰੇਜ਼ੀ' ਦਾ ਸ਼ਬਦ ਹੋਣ ਕਰਕੇ ਇਹ ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਬਾਅਦ ਦੀ ਰਚਨਾ ਹੈ।ਇਹ ਅੰਗਰੇਜ਼ਾਂ ਦੀ ਲਿਆਂਦੀ ਅੰਗਰੇਜ਼ੀ ਨਹੀਂ, ਸਗੋਂ ਹਿੰਦੀ/ਬ੍ਰਿਜ ਭਾਸ਼ਾ ਦਾ ਸ਼ਬਦ ਹੈ।ਇਹ ਸ਼ਬਦ ਦਸਮ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਭੀ ਆਇਆ ਹੈ-

ਜਨਕ ਪੁਰੀ ਕੋ 'ਨੀਅਰਾਨੇ' ਬੀਰ ਜਾਇਕੈ॥ਅਤੇ-

ਤਬ ਲਉ ਕਾਲ ਦਸ਼ਾ 'ਨੀਯਰਆਈ'॥ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ-

ਤਜਨ ਸਰੀਰ ਸਮਾ 'ਨਿਯਰਾਵਾ'॥ਅਤੇ-

ਸਯਾਮਲ 'ਨੀਰ' ਬਹੈ ਜਮਨਾ॥ਦੇਖੇ ਜਾ ਸਕਦੇ ਹਨ।ਲਫਜ਼ 'ਨੀਰ' ਜਾਂ 'ਨੀਯਰ' ਲਿਖਣ ਨਾਲ ਅਰਥ ਨਹੀਂ ਬਦਲਦੇ, ਜਿਵੇਂ 'ਨੀਤ' ਅਤੇ 'ਨੀਅਤ' ਦਾ ਕੋਈ ਵਖਰੇਵਾਂ ਨਹੀਂ ਹੈ।ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਨੇੜੇ ਦੇ ਅਰਥਾਂ ਵਿਚ ਆਇਆ ਹੈ-

ਨੀਰਹੁ ਪੇਖ ਪ੍ਰਭ ਕਉ॥ਜੈਤਸਰੀ ਮ:੫ ਅਤੇ-

ਜਮੁ ਨਹੀ ਆਵੈ ਨੀਰ॥ਮਾਰੂ ਮ:੫।ਇਸ ਤੋਂ ਬਿਨਾਂ ਇਹ 'ਨੀਰ' ਸ਼ਬਦ ਪਾਣੀ ਦੇ ਅਰਥ ਭੀ ਰੱਖਦਾ ਹੈ।ਜੇ ਬੀਬੀ ਜੀ ਜੁਗਰਾਜ ਕੌਰ ਵਾਂਗ ਧੱਕੇ ਨਾਲ ਹੀ ਸ਼ਬਦਾਂ ਦੀ ਬਣਤਰ ਤੇ ਉਚਾਰਣ ਢੰਗ ਨੂੰ ਲੈਕੇ ਸ਼ਬਦ ਇਕੱਠੇ ਕਰਨੇ ਹੋਣ ਤਾਂ ਅਨੇਕਾਂ ਸ਼ਬਦ ਮਿਲ ਜਾਣਗੇ, ਜਿਵੇਂ ਕਿ ਦਸਮੇਸ਼ ਬਾਣੀ ਵਿਚ-

(Mother) ਮਦ੍ਰ ਦੇਸ ਹਮ ਕੋ ਲੇ ਆਏ॥ਬ.ਨਾਟਕ

(Pub) ਮੇਚਕ ਪੱਬਨ ਸੇ ਜਿਨ ਕੇ ਤਨ॥ਚ.1

(Bore) ਬਹੈ ਬੋਰ ਪਿੰਗੀ ਸਮੁੰਦੇ ਕੰਧਾਰੰ॥ਪਾਰਸਾਵ

(Bra) ਪ੍ਰੋਏ ਸੀਖ ਬਰਾ ਭਟਿਯਾਰੇ॥ਚ.405

(Power) ਮਾਤ ਸਮੋਧ ਸੁ ਪਾਵਰ ਲੀਨੀ॥ਅਉਰ ਬਸੇ ਪੁਰਿ ਅਉਧ ਨ ਚੀਨੀ॥ਰਾਮਾਵ

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ-

(Pool) ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥ਭੈਰਉ ਮ:5,

(Go) ਨਾਮੁ ਜਪਤ ਸੁਖ ਪਾਵੈਗੋ॥ਕਾਨੜਾ ਮ:4 ਅਤੇ-ਰਾਜਾ ਕੈ ਘਰ ਸਾਂਡੀ ਗੋ॥ਟੋਡੀ ਨਾਮਦੇਵ

(Brother) ਜਨ ਪਿਸਰ ਪਦਰ ਬਿਰਾਦਰਾ॥ਤਿਲੰਗ ਮ:1,

(My) ਮਾਈ ਬਾਪ ਪੁੱਤ੍ਰ ਸਭਿ ਹਰਿ ਕੇ ਕੀਏ॥ਗੂਜਰੀ ਮ:4,

(Name) ਖਟ ਨੇਮ ਕਰਿ ਕੋਠੜੀ ਬਾਂਧੀ॥ਗਉੜੀ ਕਬੀਰ, ਅਤੇ ਨੇਮ ਨਿਬਾਹਿਓ ਸਤਿਗੁਰੂ॥

ਆਸਾ ਮ:5

(High) ਤੂ ਮੇਰਾ ਗੁਰ ਹਾਈ॥ਅਤੇ ਗਿਆਨੀ ਧਿਆਨੀ ਗੁਰ ਗੁਰ ਹਾਈ॥
(I) ਆਈ ਨ ਮੇਟਣ ਕੋ ਸਮਰਥ॥ਅਤੇ ਆਈ ਪੂਤਾ ਇਹੁ ਜਗੁ ਸਾਰਾ॥ਬਿਲਾਵਲ ਮ:1
(Poor) ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥ਪੰ:1013
(Bore) ਨੀਰ ਨ ਸਕਸਿ ਬੋਰਿ॥ਸਵੈਯੇ ਸ੍ਰੀ ਮੁਖ ਵਾਕਯ ਮ:5
(Bra) ਸੁੰਨਤੁ ਸੀਲੁ ਬੰਧਾਨਿ ਬਰਾ॥ਮਾਰੂ ਸੋਲਹੇ ਮ:5
(Bill) ਬਿਲ ਬਿਰਥੇ ਚਾਹੈ ਬਹੁ ਬਿਕਾਰ॥ਬਸੰਤ ਮ:1
ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਨਾਨਕ ਪ੍ਰਕਾਸ਼ ਵਿਚ-
(Power) ਹੇ ਮਨ ਮੋਹਨ ਸੁੰਦਰ ਸਾਵਰ।ਮੈ ਮਲੀਨ ਪਾਮਰ ਤੇ ਪਾਵਰ।(ਗ.ਪ੍ਰ.ਸੂ),
(Much) ਮਚ ਦੀਨ ਬਿਛਾਇ ਜੁ ਚਾਰੂ॥ਨਾਨਕ ਪ੍ਰਕਾਸ਼

**14.ਗੋਪੀਆਂ ਦੀ ਭਾਸ਼ਾ**-ਦਸਮੇਸ਼ ਬਾਣੀ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਦਸਮੇਸ਼ ਜੀ ਪੰਜ ਸਾਲ ਦੀ ਉਮਰ ਵਿਚ ਪੰਜਾਬ ਆ ਗਏ ਸੀ, ਉਨ੍ਹਾਂ ਦੀ ਰਚਨਾ ਪੰਜਾਬੀ ਵਿਚ ਹੋਣੀ ਚਾਹੀਦੀ ਸੀ, ਪਰ ਬਚਿਤ੍ਰ ਨਾਟਕ ਸਾਰਾ ਬ੍ਰਿਜਭਾਸ਼ਾ, 'ਗੋਪੀਆਂ ਦੀ ਭਾਸ਼ਾ' ਵਿਚ ਲਿਖਿਆ ਹੋਇਆ ਹੈ।

ਇਸ ਬੇ-ਬੁਨਿਆਦ ਸਵਾਲ ਨੇ ਵਿਰੋਧੀ ਧਿਰ ਦੀ ਵਿਦਿਅਕ ਯੋਗਤਾ ਦਾ ਦੀਵਾਲਾ ਕੱਢ ਦਿੱਤਾ।ਮੋਟੀ ਤੋਂ ਮੋਟੀ ਬੁੱਧੀ ਦੇ ਵਿਯਕਤੀ ਨੂੰ ਭੀ ਪਤਾ ਹੈ, ਕਿ ਬੋਲੀ ਕੋਈ ਭੀ ਹੋਵੇ ਇਹ ਕੇਵਲ ਵੀਚਾਰਾਂ ਦੇ ਆਦਾਨ ਪ੍ਰਦਾਨ ਕਰਨ ਲਈ ਹੁੰਦੀ ਹੈ।ਇਸਦੀ ਬਣਤਰ ਅਤੇ ਸ਼ੈਲੀ ਦਾ ਵਿਕਾਸ ਭੂਗੋਲਿਕ, ਇਤਿਹਾਸਿਕ, ਸਮਾਜਿਕ ਅਤੇ ਧਾਰਮਿਕ ਵਿਸ਼ਵਾਸ ਅਤੇ ਰੀਤਾਂ ਨਾਲ ਪੜਾਅ ਵਾਰ ਹੋਕੇ ਅਖੀਰ ਕਿਸੇ ਰੂਪ ਨੂੰ ਧਾਰਨ ਕਰਦੀ ਹੈ, ਬਲਕਿ ਸਮੇਂ ਦੇ ਅਨੁਸਾਰ ਬਦਲਦੀਆਂ ਪਰਸਥਿਤੀਆਂ ਵਿਚ ਇਸਦਾ ਵਿਗਾਸ ਨਿਰੰਤਰ ਹੁੰਦਾ ਹੈ।ਨਵੀਂ ਸ਼ਬਦਾਵਲੀ ਵਧਦੀ ਜਾਂਦੀ ਹੈ, ਅਤੇ ਕਈ ਪੁਰਾਣੇ ਸ਼ਬਦ ਅਲੋਪ ਹੋ ਜਾਂਦੇ ਹਨ।ਸੰਸਕ੍ਰਿਤ ਭਾਸ਼ਾ ਤੋਂ ਪਿੱਛੋਂ ਪਾਲੀ ਭਾਸ਼ਾ ਅਤੇ ਹੋਰ ਉਪ-ਭਾਸ਼ਾਵਾਂ ਤੋਂ ਪਿੱਛੋਂ ਬ੍ਰਿਜ ਭਾਸ਼ਾ ਦੀ ਸਰਦਾਰੀ ਉਤਰ ਭਾਰਤ ਦੇ ਬਹੁਤ ਵੱਡੇ ਖਿੱਤੇ ਵਿਚ ਬਣੀ ਰਹੀ।ਪੰਜਾਬੀ ਭਾਸ਼ਾ ਨਾਲੋਂ ਕਿਤੇ ਵੱਡੇ ਅਮੀਰ ਵਿਰਸੇ ਦੀ ਮਾਲਕ ਇਹ ਬ੍ਰਿਜ ਭਾਸ਼ਾ ਹੈ।ਸਿੱਖ ਧਰਮ ਦਾ ਵੀਹਵੀਂ ਸਦੀ ਤੱਕ ਦਾ ਦੋ ਤਿਹਾਈ ਸਾਹਿਤ ਇਸੇ ਭਾਸ਼ਾ ਵਿਚ ਹੈ।ਇਥੋਂ ਤੱਕ ਕਿ ਗੁਰਮਤਿ ਦੇ ਮਹਾਨ ਫਿਲਾਸਫਰ ਅਤੇ ਸਿੱਖੀ ਦੇ ਵੇਦ ਵਿਆਸ ਕਹਾਉਣ ਵਾਲੇ ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯੇ ਇਸੇ ਬ੍ਰਿਜ ਭਾਸ਼ਾ ਵਿਚ ਹਨ।ਪੰਜਾਬੀ ਭਾਸ਼ਾ, ਜਿਸਤੇ ਵਿਰੋਧੀ ਧਿਰ ਮਾਣ ਕਰਕੇ ਅੱਜ 'ਬ੍ਰਿਜ ਭਾਸ਼ਾ' ਨੂੰ 'ਗੋਪੀਆਂ ਦੀ ਭਾਸ਼ਾ' ਕਹਿ ਰਹੀ ਹੈ, ਵੀਹਵੀਂ ਸਦੀ ਦੇ ਸ਼ੁਰੂ ਤੱਕ ਕੋਈ ਸੂਝਵਾਨ ਵਿਦਵਾਨ ਇਸਨੂੰ ਪ੍ਰਵਾਨ ਕਰਨ ਨੂੰ ਕਤਰਾਉਂਦਾ ਸੀ, ਅਤੇ ਪੰਜਾਬੀ ਨੂੰ 'ਗੰਵਾਰਾਂ ਦੀ ਬੋਲੀ' ਕਿਹਾ ਜਾਂਦਾ ਸੀ।ਇਹ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਜੀ ਅਤੇ ਉਨ੍ਹਾਂ ਦੇ ਪਿੱਛੋਂ ਆਏ ਵਿਦਵਾਨਾਂ ਦਾ ਸਦਕਾ ਅਤੇ ਪੰਜਾਬੀ ਸੂਬਾ ਬਣਨ ਕਰਕੇ ਹੀ ਅੱਜ ਇਸਦੀ ਸਰਦਾਰੀ ਦੁਨੀਆਂ ਵਿਚ ਚਮਕ ਰਹੀ ਹੈ।ਜੇ ਬ੍ਰਿਜ ਭਾਸ਼ਾ ਗੋਪੀਆਂ ਦੀ ਭਾਸ਼ਾ ਹੈ, ਤਾਂ ਫਾਰਸੀ ਅਤੇ ਹੋਰ ਭਾਸ਼ਾਵਾਂ ਬਾਰੇ ਵਿਰੋਧੀ ਧਿਰ ਦੀ ਕੀ ਰਾਇ ਹੈ?ਇੰਨ੍ਹਾਂ ਭਾਸ਼ਾਵਾਂ ਬਾਰੇ ਵਿਰੋਧੀ ਧਿਰ ਕੀ ਕਹੇਗੀ? ਕੀ ਵਿਰੋਧੀ ਧਿਰ ਇਸਨੂੰ ਭੀ ਹਿੰਦੂਆਂ ਵਾਂਗ ਮਲੇਸ਼ ਭਾਸ਼ਾ ਦੀ ਉਪਾਧੀ ਦੇਵੇਗੀ? ਕੀ ਇਸੇ ਤਰ੍ਹਾਂ ਦਸਮੇਸ਼ ਬਾਣੀ ਵਿਰੋਧੀ ਤਿਲੰਗ ਰਾਗ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ:-

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ਪੰ:721 ਸ਼ਬਦ ਨੂੰ ਮਲੇਸ਼ ਭਾਸ਼ਾ ਕਹਿਕੇ ਨਕਾਰ ਦੇਣਗੇ? ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਭਾਸ਼ਾਵਾਂ ਵਰਤੀਆਂ ਗਈਆਂ ਹਨ ਇਵੇਂ ਹੀ ਦਸਮ ਗ੍ਰੰਥ ਸਾਹਿਬ ਵਿਚ ਇਕ ਬ੍ਰਿਜ ਭਾਸ਼ਾ ਤੋਂ ਬਿਨਾਂ ਹੋਰ ਕਈ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ।ਦਸਮੇਸ਼ ਜੀ ਨੇ ਤਾਂ ਇਕ ਚੌਬੋਲਾ ਛੰਦ (ਭਾਵ ਚਾਰ ਬੋਲੀਆਂ, ਭਾਸ਼ਾਵਾਂ) ਦੀਆਂ ਚਾਰ ਲਾਈਨਾਂ, ਚਾਰ ਹੀ ਬੋਲੀਆਂ ਵਿਚ ਲਿਖ ਕੇ ਕਮਾਲ ਕੀਤੀ ਹੈ-

ਧਾਏ ਮਹਾਂਬੀਰ, ਸਾਧੇ ਸਿਤੰ ਤੀਰ, ਕਾਛੇ ਰਣੰਚੀਰ, ਬਾਨਾ ਸੁਹਾਏ॥ਆਮ ਦੇਸਭਾਖਾ 'ਹਿੰਦੁਸਤਾਨੀ'
ਰਵਾਂ ਕਰਦ ਮਰਕਬ, ਯਲੋ ਤੇਜ ਇਮ ਸ਼ਬ ਚੂੰ ਤੁੰਦ ਅਜ਼ਦਹੋ ਓ ਮਿਆਂ ਜਗਾਹੇ॥ਈਰਾਨੀ ਭਾਸ਼ਾ 'ਫਾਰਸੀ'
ਭਿੜੇ ਆਇ ਈਹਾਂ, ਬੁਲੋ ਬੈਣ ਕੀਹਾਂ, ਕਰੇ ਘਾਇ ਜੀਹਾਂ ਭਿੜੇ ਭੇੜ ਭੱਜੇ॥ਪਹਾੜੀ 'ਪੰਜਾਬੀ'
ਪੀਯੋ ਪੋਸਤਾਨੇ, ਭਛੋ ਰਾਬੜੀਨੈ ਕਹਾਂ ਛੈ ਅਣੀਰੋ ਧਣੀ ਨੇ ਨਿਹਾਰੈ॥ਰਾਜਪੁਤਾਨੇ ਦੀ ਬੋਲੀ 'ਡਿੰਗਲ'

ਕਿਸੇ ਨੂੰ 'ਦੇਵ ਭਾਸ਼ਾ', ਕਿਸੇ ਨੂੰ 'ਮਲੇਸ਼ ਭਾਸ਼ਾ', ਕਿਸੇ ਨੂੰ 'ਅੱਲਾਹ ਦੀ ਬੋਲੀ' ਤੇ ਕਿਸੇ ਨੂੰ 'ਗੰਵਾਰ ਪੇਂਡੂ ਭਾਸ਼ਾ' ਵਰਗੀ ਸੋਚ ਨੂੰ ਮਲੀਆਮੇਟ ਕਰਨ ਲਈ ਗੁਰੂ ਸਾਹਿਬਾਨ ਦਾ ਇਹ ਸਭ ਤੋਂ ਵੱਡਾ ਉਪਕਾਰ

ਹੈ।ਸੁਆਲ ਇਹ ਨਹੀਂ ਕਿ ਚਮਚ ਲੋਹੇ, ਲੱਕੜੀ, ਚਾਂਦੀ ਯਾ ਸੋਨੇ ਦਾ ਹੈ, ਪੜਤਾਲ ਇਹ ਕਰਨੀ ਹੈ ਕਿ ਉਸ ਚਮਚ ਰਾਹੀਂ ਖੁਆਇਆ ਕੀ ਜਾ ਰਿਹਾ ਹੈ।

**15.ਔਰਤ ਜਾਤਿ ਤ੍ਰਿਸਕਾਰ-**

ਪ੍ਰਮੇਸ਼ਰ ਤੇ ਜੀਵ ਸੰਬੰਧੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਹੈ ਕਿ-

ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥ਗੁਰਬਾਣੀ ਵਿਚ ਆਦਮੀ ਤੇ ਇਸਤ੍ਰੀ ਦੇ ਸ਼ੁਭ ਗੁਣਾਂ ਨੂੰ ਵਡਿਆਇਆ ਗਿਆ ਹੈ ਤੇ ਅਸ਼ੁਭ ਗੁਣ ਭੰਡੇ ਗਏ ਹਨ।ਕਿੰਤੂ ਕਰਨ ਵਾਲੇ ਇਹ ਕਹਿੰਦੇ ਹਨ ਕਿ ਦਸਮ ਗ੍ਰੰਥ ਵਿਚ ਇਸਤ੍ਰੀ ਨਿੰਦਾ ਹੈ, ਜਦੋਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਲਿਖਿਆ ਹੈ ਕਿ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ਇਹ ਸ਼ੁਭ ਗੁਣ ਵਡਿਆਈ ਹੈ, ਜਿੱਥੇ ਇਸ ਨੂੰ ਸੁਚੱਜੀ, ਸਾਂਈਂ ਰੰਗ ਰੰਗੀ, ਸੋਭਾਵੰਤੀ, ਸੁਹਾਗਣ, ਗੁਣਵੰਤੀ, ਪਤਿਵਰਤਾ, ਸਪੁੱਤਰੀ ਆਦਿ ਲਿਖਿਆ ਹੈ।ਜਦੋਂ ਅਵਗੁਣ ਬਾਰੇ ਹੈ ਤਾਂ ਨਾਲ ਹੀ ਇਹ ਭੀ ਲਿਖਿਆ ਹੈ ਕਿ-

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥ਇਹ ਆਪਾ ਵਿਰੋਧੀ ਕਿਵੇਂ ਹੋ ਸਕਦਾ ਹੈ?ਜਿੱਥੇ ਅਸ਼ੁਭ ਲੱਛਣ ਪ੍ਰਗਟ ਕਰਨੇ ਹਨ ਤਾਂ ਕਰੂਪ, ਕੁਲੱਖਣੀ, ਮਨਮੁਖ ਮੈਲੀ ਕਾਮਣੀ, ਕੁਚੱਜੀ, ਦੁਹਾਗਣ ਲਿਖਕੇ ਪ੍ਰਚਾਰਿਆ ਗਿਆ ਹੈ।ਗੁਰਬਾਣੀ ਵਿਚ ਆਪਾ ਵਿਰੋਧ ਨਹੀਂ ਹੈ।ਇਸੇ ਤਰ੍ਹਾਂ ਦਸਮ ਗ੍ਰੰਥ ਸਾਹਿਬ ਵਿਚ ਭੀ ਕਿਸੇ ਨਸਲ, ਜਾਤ, ਦੇਸ਼, ਕੌਮ ਬਾਰੇ ਨਹੀਂ ਸਗੋਂ ਨੇਕੀ ਤੇ ਬਦੀ ਦੇ ਪਰਤੀਕਾਂ ਨੂੰ ਸਲਾਹਿਆ ਯਾ ਭੰਡਿਆ ਗਿਆ ਹੈ।

ਸੰਤ-ਕਾਵਿ ਵਿਚ ‘ਕੰਤ ਕਾਮਣਿ’ ਅਲੰਕਾਰ ਵਧੇਰੇ ਕਰਕੇ ਵਰਤਿਆ ਗਿਆ ਹੈ।ਸਮਾਜ ਵਿਚ ਇਸਤ੍ਰੀ ਦੇ ਭਿੰਨ ਭਿੰਨ ਰੂਪ ਹਨ ਕੁਚੱਜੀ, ਸੁਚੱਜੀ, ਤੇ ਗੁਣਵੰਤੀ।ਕਿਸੇ ਸਮੇਂ ਇਸਤ੍ਰੀ ਦੇ ਗੁਣਾਂ ਨੂੰ ਨਜ਼ਰ-ਅੰਦਾਜ਼ ਕਰਕੇ ਬਿਰਕਤੀ ਵਾਲੇ ਸਿੱਧ, ਜੋਗੀ, ਕਾਮਣਿ ਨੂੰ ‘ਬਾਘਣ’ ਅਤੇ ਵਾਸ਼ਨਾਵਾਦੀ ਕਵੀ ਇਸਨੂੰ ‘ਵੇਸਵਾ’ ਬਣਾਕੇ ਪੇਸ਼ ਕਰਦੇ ਰਹੇ, ਤੇ ਇਹ ਦੋਵੇਂ ਦ੍ਰਿਸ਼ਟੀਕੋਣ ਅਸੰਤੁਲਿਤ ਵਿਚਾਰਾਂ ਦਾ ਸਿੱਟਾ ਸਨ।ਗੁਰੂ ਸਾਹਿਬਾਨ ਨੇ ਆਪਣੀ ਰੂਹਾਨੀ ਬਾਣੀ ਵਿਚ ‘ਹਿਰਣਾਖੀ ਸੁੰਦਰੀ’ ਦਾ ਅਲੰਕਾਰ ਵਰਤ ਕੇ ਸਿਰਸੜੇ ਸਿੱਧਾਂ ਦੇ ਗਲਤ ਨਜ਼ਰੀਏ ਦਾ ਮਹੱਲ ਢਹਿ ਢੇਰੀ ਕਰ ਦਿੱਤਾ।ਜਦ ਸਮਾਜ ਵਿਚ ਔਰਤ ਨੂੰ ਦੁਰਕਾਰਿਆ ਜਾਂਦਾ ਸੀ ਤਾਂ ਉਸਨੂੰ ਆਤਮਾ ਰਹਿਤ, ਮੂਰਖ, ਪੈਰ ਦੀ ਜੁੱਤੀ, ਤਾੜਨ ਕੇ ਅਧਿਕਾਰੀ, ਅਤੇ ਢੋਰ ਆਖ ਕੇ ਅੱਤਿਆਚਾਰ ਹੋ ਰਹੇ ਸਨ, ਤਾਂ ਮਹਾਰਾਜ ਨੇ ਉਪਦੇਸ਼ ਦਿੱਤਾ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ਕੀ ਇਸ ਪੰਗਤੀ ਦਾ ਸਹਾਰਾ ਲੈਕੇ ਇਕ ਦੁਰਾਚਾਰੀ ਔਰਤ ਨੂੰ ਮੱਥਾ ਟੇਕਣਾ ਚਾਹੀਦਾ ਹੈ? ਗੁਰਬਾਣੀ ਵਿਚ ਗੁਣ ਤੇ ਅਵਗੁਣ ਦੀ ਪਰਖ ਲਈ ਹੀ ਲਿਖਿਆ ਹੈ-

ਜਿਨ ਹਰਿ ਹਿਰਦੇ ਨਾਮੁ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥ਪੰ: 697

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥ਗਦਹੀ ਹੋਇਕੈ ਅਉਤਰੈ ਭਾਰੁ ਸਹੈ ਮਨ ਚਾਰਿ॥

ਕਬੀਰ ਨ੍ਰਿਪੁ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥

ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮ॥ਪੰ: 1313

ਕਬੀਰ ਬੈਸਨੋ ਕੀ ਕੂਕਰ ਭਲੀ ਸਾਕਤ ਕੀ ਬੁਰੀ ਮਾਇ॥

ਓਹੁ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਸਾਹਿਨ ਜਾਇ॥ਪੰ: 1367

ਗੁਰੂ ਸਾਹਿਬ ਨੇ ਦੁਰਾਚਾਰੀ ਔਰਤਾਂ ਦੇ ਅਤੇ ਗੁਣਵੰਤੀਆਂ ਦੇ ਦੋਨੋਂ ਪੱਖ ਉਘਾੜ ਕੇ ਦਰਸਾਏ ਹਨ।ਆਪਣੇ ਵੱਲੋਂ ਸਿੱਖਾਂ ਨੂੰ ਇਹ ਸਭ ਕੁੱਝ ਗਲਤ ਅਪਨਾਉਣ ਲਈ ਇਕ ਲਾਈਨ ਭੀ ਨਹੀਂ ਲਿਖੀ, ਸਗੋਂ ਦੋਨੋਂ ਪੱਖ ਪ੍ਰਗਟ ਕਰਕੇ ਸਿੱਖਾਂ ਨੂੰ ਅਵਗੁਣ ਤਿਆਗ ਕੇ ਅਤੇ ਸ਼ੁਭ ਗੁਣਾਂ ਦੇ ਧਾਰਨੀ ਹੋਕੇ ਲੋਕ ਪ੍ਰਲੋਕ ਸੁਹੇਲਾ ਕਰਨ ਦੀ ਪ੍ਰੇਰਨਾ ਦਿੱਤੀ ਹੈ।ਇਹੀ ਮੰਤਵ ਚਰਿੱਤ੍ਰੋਪਾਖਯਾਨ ਦਾ ਹੈ।

**16.ਅਸ਼ਲੀਲਤਾ-**

ਚਰਿਤ੍ਰੋਪਾਖਾਯਾਨ ਵਾਲੀ ਰਚਨਾ ਨੂੰ, ਬਾਣੀ ਦੇ ਪ੍ਰਮਾਣਾ ਨਾਲ ਤੋਲਣਾ, ਇਸ ਦੀ ਸਹਿਜ ਪ੍ਰਕਿਰਤੀ ਤੋਂ ਅਗਿਆਨਤਾ ਪ੍ਰਗਟ ਕਰਨੀ ਅਤੇ ਰਚਨਾਂ ਨਾਲ ਘੋਰ ਅਨਿਆਂ ਕਰਨਾ ਹੈ।ਲੋਕ-ਕਹਾਣੀਆਂ ਲੋਕ-ਮਨ ਦੀਆਂ ਧੀਆਂ ਧਿਆਣੀਆਂ ਹਨ, ਜੋ ਪ੍ਰੰਪਰਾ ਦੇ ਪ੍ਰਵਾਹ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।ਇਨ੍ਹਾਂ ਨੂੰ ਕਲਮਬਧ ਕਰਨ ਵਾਲਾ ਵਿਦਵਾਨ ਭਾਵੇਂ ਗੁਰਮੁਖ ਪ੍ਰਕ੍ਰਿਤੀ ਦਾ ਹੀ ਹੋਵੇ, ਲੋਕ-ਮਨ ਨਾਲ ਇਕ ਸੁਰ ਹੋਕੇ ਇਨ੍ਹਾਂ ਦੀ ਪੁਨਰ ਸਿਰਜਨਾ ਕਰੇਗਾ।ਲੋਕ-ਮਨ ਦੇ ਕੁਝ ਆਪਣੇ ਲੱਛਣ, ਸੰਸਕਾਰ ਅਤੇ ਧਾਰਨਾਵਾਂ ਹਨ,

ਜਿਨ੍ਹਾਂ ਵਿਚ ਲੀਨ ਹੋਕੇ ਮਹਾਨ ਪ੍ਰਤਿਭਾ ਵੀ ਲੋਕ-ਪੱਧਰ ਉਪਰ ਆ ਵਿਚਰਦੀ ਹੈ।ਲੋਕ-ਮਨ ਨਾਲ ਇਕ ਸੁਰ ਹੋਏ ਕਵੀ ਦੇ ਸ਼ਬਦ-ਪ੍ਰਬੰਧ, ਬਿੰਬ-ਵਿਧਾਨ ਅਤੇ ਕਾਮ-ਹੁਸਨ ਦੇ ਵਰਨਣ ਵਿਚ ਨਾਂ ਤਾਂ ਜਾਪੁ ਸਾਹਿਬ ਵਾਲੀ ਸ਼ਬਦਾਵਲੀ, ਬਿੰਬ ਅਤੇ ਮੁਹਾਵਰਾ ਵਰਤਿਆ ਹੋਵੇਗਾ ਅਤੇ ਨਾਂ ਹੀ ਚੰਡੀ ਦੀ ਵਾਰ ਵਾਲਾ।ਇਸ ਕਰਕੇ ਹੀ ਅਜਿਹੀ ਰਚਨਾ ਵਿਚ ਅਧਿਆਤਮਿਕ ਕਾਵਿ (ਗੁਰਬਾਣੀ) ਅਤੇ ਬੀਰ ਕਾਵਿ ਨਾਲੋਂ ਵਿਲੱਖਣ ਲੋਕ-ਸੁਰ ਗੂੰਜਣੀ ਸੁਭਾਵਿਕ ਹੈ।ਲੋਕ ਮਨ ਨਾਲ ਇਕਸੁਰ ਹੋਕੇ ਪੁਨਰ ਸਿਰਜੀ ਰਚਨਾ ਨੂੰ ਗੁਰਮਤਿ ਮਨ ਵਿਚੋਂ ਉਦੈ ਹੋਈ ਰਚਨਾ ਦੇ ਪ੍ਰਮਾਣਾ ਨਾਲ ਨਾਪਣਾ ਇਕ ਹਾਸੋਹੀਣੀ ਗੱਲ ਹੈ।ਲੋਕ ਕਹਾਣੀਆਂ ਨੂੰ ਕਾਵਿਬਧ ਕਰਨਾ ਉਨ੍ਹਾਂ ਦੀ ਪੁਨਰ ਸਿਰਜਨਾ ਕਰਨਾ ਹੈ ਅਤੇ ਕਹਾਣੀਆ ਦੇ ਮੂਲ ਸੰਸਾਰ ਨੂੰ ਸਿਰਜ ਕੇ ਲੋਕ ਰੂਪ ਵਿਚ ਰਚਨਾ ਕਰਨ ਦੀ ਸਮਰੱਥਾ ਕਿਸੇ ਮਹਾਨ ਪ੍ਰਤਿਭਾ ਵਿਚ ਹੀ ਹੋ ਸਕਦੀ ਹੈ।ਇਸ ਰਚਨਾ ਦੇ ਕਰਤਾ ਹੋਣ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਮਾਣ ਵਧਦਾ ਹੈ, ਘਟਦਾ ਨਹੀਂ।ਕਿਉਂਕਿ ਵਿਸ਼ਾ ਅਸ਼ਲੀਲਤਾ ਨਾਲ ਸੰਬੰਧਤ ਹੈ, ਇਸ ਕਰਕੇ ਸ਼ੈਲੀ ਦਾ ਵੀ ਅਸ਼ਲੀਲ ਪੱਧਰ ਤੇ ਆ ਜਾਣਾ ਸੁਭਾਵਿਕ ਹੈ।ਪ੍ਰੰਤੂ ਮਨੋਰਥ ਨਿਸ਼ਚੇ ਹੀ ਮਹਾਨ ਹੈ।ਇਸ ਚਰਿੱਤ੍ਰੋਪਾਖਯਾਨ ਦਾ ਉਦੇਸ਼ ਚੰਗੇ ਅਤੇ ਬੁਰੇ ਉਧਾਹਰਣ ਦੇ ਕੇ ਸਿੱਖਾਂ ਅਤੇ ਪਾਠਕਾਂ ਨੂੰ ਆਪਣਾ ਆਚਰਣ ਉਚਾ ਕਰਨ ਲਈ ਪ੍ਰੇਰਣਾ ਅਤੇ ਨੇਕ ਕੰਮਾਂ ਵਿਚ ਪ੍ਰਵਿਰਤ ਰਹਿਣ ਦੀ ਸਿੱਖਿਆ ਦੇਣਾ ਹੈ।ਕੁੱਝ ਵੀ ਹੋਵੇ, ਉਹ ਆਪਣੇ ਆਪ ਵਿਚ ਅਸ਼ਲੀਲ ਨਹੀਂ ਹੁੰਦਾ, ਸਗੋਂ ਉਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਅਸ਼ਲੀਲਤਾ ਦਾ ਅੰਸ਼ ਕਿਸ ਨੂੰ ਕਿਵੇਂ ਦਿਖਾਇਆ ਜਾ ਰਿਹਾ ਹੈ ਤੇ ਦੇਖਣ ਵਾਲਾ ਉਸਨੂੰ ਕਿਸ ਭਾਵਨਾ ਨਾਲ ਦੇਖ ਰਿਹਾ ਹੈ।ਜਦੋਂ ਕਦੇ ਦ੍ਵੈਤ ਭਾਵਨਾ ਮਨ ਵਿਚੋਂ ਨਿਕਲ ਗਈ, 'ਸਭ ਮੈ ਜੋਤਿ ਜੋਤਿ ਹੈ ਸੋਇ' ਦਾ ਅਨੁਭਵ ਹੋ ਗਿਆ ਤਾਂ ਇਹ ਰੋਗ ਆਪਣੇ ਆਪ ਹੀ ਕੱਟਿਆ ਜਾਂਦਾ ਹੈ।ਜੋ ਹਰ ਰੋਜ਼ ਵਾਪਰਦਾ ਸੀ, ਹਰ ਰੋਜ਼ ਵਾਪਰਦਾ ਹੈ, ਹਰ ਰੋਜ਼ ਵਾਪਰਦਾ ਰਹੇਗਾ, ਚਰਿੱਤ੍ਰਾਂ ਵਿਚ ਉਹੀ ਕੁੱਝ ਦਰਜ਼ ਹੈ। ਅਸ਼ਲੀਲਤਾ ਸ਼ਬਦਾਂ ਵਿਚ ਨਹੀਂ, ਮਨ ਵਿਚ ਹੁੰਦੀ ਹੈ।ਗੁਰੂ ਦੀ ਮਿਹਰ ਹੋਣ ਤੇ ਮਨ ਦੀ ਅੱਖ ਖੁੱਲ੍ਹਣ ਨਾਲ ਇਹ 'ਵਿਸ ਸੰਸਾਰ' ਹਰ ਕਾ ਰੂਪ ਦਿਸ ਆਉਂਦਾ ਹੈ-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ 'ਹਮ ਲੇ ਜਾਨੋ ਪੰਥ ਉਚੇਰੇ' ਵਾਲੇ ਟੀਚੇ ਨੂੰ ਮੁੱਖ ਰੱਖਦੇ ਹੋਏ ਜਦੋਂ ਮਨੋਰਥ ਤੇ ਉਦੇਸ਼ ਜੀਵਨ ਨੂੰ ਉਚ-ਪੱਧਰਾ ਲਿਜਾਣ ਦਾ ਹੋਵੇ ਤਾਂ ਅਖੌਤੀ ਅਸ਼ਲੀਲਤਾ ਵਿਚੋਂ ਵੀ ਭਲੇ ਬੁਰੇ ਦੀ ਪਰਖ ਕਰਕੇ ਉਚੀਆਂ ਮੰਜ਼ਲਾਂ ਸਰ ਕੀਤੀਆਂ ਜਾ ਸਕਦੀਆਂ ਹਨ। ਕਿੰਤੂ ਕਰਨ ਵਾਲੇ ਚਰਿਤ੍ਰੋਪਾਖਯਾਨ ਦੀਆਂ ਲਿਖਤਾਂ ਬਾਰੇ ਜੋ ਅੱਡੀ ਚੋਟੀ ਦਾ ਜ਼ੋਰ ਲਾਕੇ ਅਸ਼ਲੀਲਤਾ ਦੀਆਂ ਦੁਹਾਈਆਂ ਪਾਉਂਦੇ ਹਨ, ਉਸ ਬਾਰੇ ਭੀ ਜ਼ਰਾ ਖੁੱਲ੍ਹ ਕੇ ਜ਼ਿਕਰ ਕਰਨਾ ਠੀਕ ਰਹੇਗਾ।ਸਮਾਜ ਸੁਧਾਰ ਦੀਆਂ ਅਨੇਕਾਂ ਫਿਲਮਾਂ ਹੁਣ ਤੱਕ ਬਣ ਚੁੱਕੀਆ ਹਨ, ਅਤੇ ਅੱਜ ਕੱਲ ਏਡਜ਼ ਦੀ ਬੀਮਾਰੀ ਤੋਂ ਬਚਣ ਲਈ ਭੀ ਟੀ.ਵੀ. ਸੀਰੀਅਲ ਅਤੇ ਫਿਲਮਾਂ ਬਣ ਰਹੀਆਂ ਹਨ।ਇੰਨ੍ਹਾਂ ਫਿਲਮਾਂ ਨੂੰ ਹਰ ਇਕ ਆਪਣੀ ਭਾਵਨਾ ਨਾਲ ਦੇਖਦਾ ਹੈ। ਇੰਨ੍ਹਾਂ ਫਿਲਮਾਂ ਵਿਚ ਜਦ ਕੋਈ ਬਲਾਤਕਾਰ ਦਾ ਅਸ਼ਲੀਲ ਦ੍ਰਿਸ਼ ਦਿਖਾਇਆ ਜਾਂਦਾ ਹੈ, ਤਾਂ 6 ਆਨੇ ਵਾਲੀਆਂ ਅਗਲੀਆਂ ਸੀਟਾਂ ਤੇ ਬੈਠਣ ਵਾਲੇ ਰਿਕਸ਼ਾ ਚਾਲਕ, ਅਤੇ ਹੋਰ ਬੰਦੇ ਤਾਂ ਸੀਟੀਆ ਮਾਰ ਕੇ ਹੂਟਿੰਗ ਕਰਕੇ ਹੋਰ ਭਾਵ ਨਾਲ ਦੇਖਦੇ ਹਨ, ਅਤੇ ਗੈਲਰੀ ਵਿਚ ਬੈਠਣ ਵਾਲੇ ਸੂਝਵਾਨ ਬੰਦੇ ਕਿਸੇ ਹੋਰ ਭਾਵ ਨਾਲ ਦੇਖਦੇ ਹਨ।**ਇਹੀ ਫਰਕ ਸ਼ੰਕਾ ਦ੍ਰਿਸ਼ਟੀ ਦਾ ਹੈ**।ਕੀ ਸ਼ੰਕਾ ਗ੍ਰਸਤ ਧਿਰ ਇਸ ਸਾਰੀ ਰਚਨਾ ਵਿਚ ਇਕ ਲਾਈਨ ਭੀ ਲਿਖੀ ਦਿਖਾ ਸਕਦੀ ਹੈ?, ਜਿੱਥੇ 'ਕਰਤਾ' ਨੇ ਇਹ ਕੁੱਝ ਕਰਨ ਲਈ ਪਾਠਕਾਂ ਨੂੰ ਪ੍ਰੇਰਤ ਕੀਤਾ ਹੋਵੇ।ਬਲਕਿ ਸਭ ਤੋਂ ਅਖੀਰ ਵਿਚ ਪ੍ਰਮੇਸ਼ਰ ਅੱਗੇ ਆਪਣੇ ਲਈ ਤੇ ਗੁਰਸਿੱਖ ਪ੍ਰਵਾਰ ਲਈ ਬਚਾ ਕਰਨ ਦੀ ਪ੍ਰਮੇਸ਼ਰ ਨੂੰ ਬੇਨਤੀ ਕੀਤੀ ਹੈ-

ਹਮਰੀ ਕਰੋ ਹਾਥ ਦੈ ਰੱਛਾ॥ ...ਸੁਖੀ ਬਸੈ ਮੋਰੋ ਪਰਿਵਾਰਾ॥ਪਰ ਵਿਰੋਧੀ ਟੋਲੇ ਨੇ ਇਸ ਗੁਹਜ ਗੱਲ ਨੂੰ ਅਣਡਿੱਠ ਕਰਕੇ ਚ੍ਰਿਤਰੋਪਾਖਯਾਨ ਤਾਂ ਕੀ, ਇਸ 'ਬੇਨਤੀ ਚੌਪਈ' ਨੂੰ ਦੁਰਕਾਰਨ ਦੀ ਕੋਈ ਕਸਰ ਨਹੀਂ ਛੱਡੀ, ਕਿਉਂਕਿ ਇਹ ਦਸਮ ਗ੍ਰੰਥ ਸਾਹਿਬ ਵਿਚੋਂ ਹੈ।ਇਹੀ ਉਪਰੋਕਤ ਤਰੀਕਾ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਗੁਰੂਆਂ ਨੇ ਵਾਰਾਂ ਵਿਚ ਕੀਤਾ ਹੈ।ਪਹਿਲਾਂ ਸਲੋਕ ਵਿਚ ਕੋਈ ਉਥਾਨਕਾ ਬੰਨ੍ਹੀ, ਅਗਲੇ ਇਕ ਜਾਂ ਇਕ ਤੋਂ ਵੱਧ ਸ਼ਲੋਕਾਂ ਵਿਚ ਸਮੇਂ ਦੇ ਪ੍ਰਚਲਤ ਵੀਚਾਰਾਂ ਦਾ ਵਰਨਣ ਕੀਤਾ ਹੈ, ਅਤੇ ਪਾਉੜੀ ਵਿਚ ਗੁਰੂ ਸਾਹਿਬ ਆਪਣਾ ਨਿਰਣਾ ਪੇਸ਼ ਕਰਦੇ ਹਨ।ਹੁਣ ਜੇ ਬੰਦਾ ਆਸਾ ਦੀ ਵਾਰ ਦੇ ਸ਼ਲੋਕ ਵਿਚ ਆਈਆਂ

ਵੀਚਾਰਾਂ, 'ਵਾਇਨ ਚੇਲੇ ਨਚਨ ਗੁਰ'॥ ਆਦਿ ਨੂੰ, ਗੁਰਮਤਿ ਵੀਚਾਰਧਾਰਾ ਸਮਝ ਕੇ ਪ੍ਰਚਾਰ ਕਰੇ ਤਾਂ ਉਸਦਾ ਇਲਾਜ ਫਿਰ ਪਾਗਲਖਾਨੇ ਹੀ ਹੋ ਸਕਦਾ ਹੈ।ਲਿਖਾਰੀ ਜਦੋਂ ਲਿਖਦਾ ਹੈ ਤਾਂ ਉਸਨੇ ਪ੍ਰਸੰਗ ਅਨੁਸਾਰ ਸਭ ਪਾਤਰਾਂ ਦੇ ਕਹੇ ਸ਼ਬਦਾਂ ਨੂੰ ਕਲਮਬਧ ਕਰਨਾ ਹੁੰਦਾ ਹੈ ਅਤੇ ਆਪਣਾ ਸਿਧਾਂਤ ਸਪਸ਼ਟ ਤੇ ਅਲੱਗ ਪੇਸ਼ ਕਰਨਾ ਹੁੰਦਾ ਹੈ, ਜਿਵੇਂ ਸਿੱਧ ਗੋਸਟਿ ਵਿਚ-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥ ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ਇਹ ਸਿੱਧਾਂ ਦਾ ਮੱਤ ਹੈ, ਇਸਦਾ ਗੁਰਮਤਿ ਨਾਲ ਕੋਈ ਵਾਸਤਾ ਨਹੀਂ, ਅਤੇ **ਗੁਰੂ ਸਾਹਿਬ ਨੇ ਇਸਨੂੰ ਮੰਨਣ ਜਾਂ ਪ੍ਰਚਾਰਨ ਹਿੱਤ ਨਹੀਂ ਲਿਖਿਆ।**ਗੁਰੂ ਸਾਹਿਬ ਇਸਦਾ ਖੰਡਨ ਕਰਦੇ ਹੋਏ ਆਪਣਾ ਪੱਖ ਦੱਸਦੇ ਹਨ ਕਿ- ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥ਇਸ ਲਈ ਸਾਨੂੰ ਇਹ ਪਰਖ ਕਰਨੀ ਆਉਣੀ ਚਾਹੀਦੀ ਹੈ, ਤਾਂ ਕਿਤੇ ਜਾਕੇ ਗੁਰਮਤਿ ਅਨੁਸਾਰੀ ਸਮਝ ਪੱਲੇ ਪੈਂਦੀ ਹੈ, ਨਹੀਂ ਤਾਂ-'ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ'॥ਨੂੰ ਗੁਰਮਤ ਸਿਧਾਂਤ ਸਮਝ ਕੇ ਤੀਰਥਾਂ ਤੇ ਜਾਣ ਲਈ ਭਰਮਾਇਆ ਜਾ ਸਕਦਾ ਹੈ। ਵੈਸੇ ਦੁਨੀਆਂ ਅੰਦਰ ਝਾਤ ਮਾਰੀ ਜਾਵੇ, ਤਾਂ ਉਹ ਕਿਹੜੀ ਘਟਨਾ ਹੈ, ਜੋ ਚਰਿੱਤ੍ਰਾਂ ਵਿਚ ਲਿਖੀ ਹੁਣ ਨਹੀਂ ਵਾਪਰ ਰਹੀ?ਅਖਬਾਰਾਂ ਵਿਚ ਰੋਜ਼ ਪੜ੍ਹਦੇ ਹਾਂ, ਕਿ ਇਸਤ੍ਰੀ ਨੇ ਪ੍ਰੇਮੀ ਨਾਲ ਮਿਲਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ। ਮਾਂ ਪੁੱਤਰ, ਭੈਣ ਭਰਾ, ਬਾਪ ਬੇਟੀ, ਨੂੰਹ ਸਹੁਰਾ ਆਦਿ ਨਜਾਇਜ਼ ਸਬੰਧ ਰੋਜ਼ ਪੜ੍ਹਨ ਸੁਨਣ ਵਿਚ ਆਉਂਦੇ ਹਨ। ਲੇਟ ਨਾਈਟ ਪਾਰਟੀਆਂ ਵਿਚ ਆਦਮੀਆਂ ਦੀ ਮਹਿਫਲ ਵਿਚ ਔਰਤਾਂ ਸ਼ਰਾਬ ਦੇ ਜਾਮ ਵਰਤਾ ਰਹੀਆਂ ਹਨ। ਇਥੋਂ ਤੱਕ ਕਿ ਆਦਮੀ ਤੇ ਔਰਤਾਂ ਕਾਮ ਪੂਰਤੀ ਲਈ ਜਾਨਵਰਾਂ ਦਾ ਸਹਾਰਾ ਲੈਂਦੇ ਹਨ।ਮੇਰੇ ਇਕ ਮਿੱਤਰ ਦੀ ਨੂੰਹ ਆਪਣੇ ਬੜੇ ਸੋਹਣੇ, ਸੂਝਵਾਨ ਗੁਰਮੁਖ ਪਤੀ ਨੂੰ ਚਾਹ ਵਿਚ ਚੋਰੀ ਅਫੀਮ ਮਿਲਾ ਕੇ ਦਿੰਦੀ ਰਹੀ ਅਤੇ ਨਸ਼ੇ ਵਿਚ ਪਤੀ ਨੂੰ ਸੁਆ ਕੇ ਕਿਸੇ ਹੋਰ ਕੋਲ ਜਾਂਦੀ ਰਹੀ।ਕਈ ਸਾਲ ਇਸੇ ਤਰ੍ਹਾਂ ਚੱਲਣ ਪਿੱਛੋਂ ਜਦ ਪਤਾ ਲੱਗਾ ਤਾਂ ਉਹ ਘਰੋਂ ਨਿਕਲ ਕੇ ਆਪਣੇ ਪ੍ਰੇਮੀ ਨਾਲ ਚਲੀ ਗਈ।ਸੋ ਜੇ ਸਿੱਖਾਂ ਨੂੰ ਅੱਖਾਂ ਖੋਲ੍ਹਕੇ ਸੰਸਾਰ ਵਿਚ ਵਿਚਰਨ ਲਈ ਇਹ ਲਿਖ ਦਿੱਤਾ, ਤਾਂ ਅਸਲੀ ਮੁੱਦੇ ਨੂੰ ਨਜ਼ਰ ਅੰਦਾਜ਼ ਕਰਕੇ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ ਨੇ ਕਾਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ।ਸਭ ਨੂੰ ਪਤਾ ਹੈ, ਕਿ ਗਾਂ ਜਾਂ ਮੱਝ ਦੇ ਥਣਾਂ ਵਿਚੋਂ ਦੁੱਧ ਨਿਕਲਦਾ ਹੈ।ਪਰ ਜੋ ਥਣ ਤੇ ਚਿੱਚੜ ਲੱਗਿਆ ਹੈ, ਉਹ ਕਦੇ ਨਹੀਂ ਮੰਨੇਗਾ।ਉਹ ਹਮੇਸ਼ਾ ਇਹੀ ਕਹੇਗਾ ਕਿ ਥਣ ਵਿਚੋਂ ਲਹੂ ਨਿਕਲਦਾ ਹੈ।ਜੇ ਕੋਈ ਦੁੱਧ ਕੱਢ ਕੇ ਭੀ ਵਿਖਾ ਦੇਵੇ, ਤਾਂ ਚਿੱਚੜ ਨੇ ਇਹੀ ਕਹਿਣਾ ਹੈ, ਕਿ ਆਖਰ ਲਹੂ ਤੋਂ ਹੀ ਦੁੱਧ ਬਣਦਾ ਹੈ, ਇਸ ਲਈ ਇਹ ਲਹੂ ਹੀ ਹੈ। ਸੋ ਸਾਡਾ ਖਿਆਲ ਹੈ, ਕਿ ਜਿਸ ਤਰ੍ਹਾਂ ਆਰੀਆ ਸਮਾਜੀਆਂ ਨੂੰ ਖਾਲਸਾ ਪੰਥ ਪੂਰੇ ਸੌ ਸਾਲ ਤੋਂ ਸਮਝਾ ਰਿਹਾ ਹੈ, ਕਿ ਸਿੱਖ ਹਿੰਦੂ ਨਹੀਂ, ਵੱਖਰਾ ਧਰਮ ਹੈ, ਪਰ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ, ਜਾਂ ਸ਼ਰਾਰਤ ਵੱਸ ਮੰਨਣ ਨੂੰ ਤਿਆਰ ਨਹੀਂ।ਕਮਿਊਨਿਸ਼ਟਾਂ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਰੱਬ ਵਿਚ ਯਕੀਨ ਨਹੀਂ ਦਿਵਾ ਸਕਦੀ।ਕਿਉਂਕਿ ਉਨ੍ਹਾਂ ਨੇ ਮੰਨਣਾ ਹੀ ਨਹੀਂ।ਇਹੀ ਹਾਲ ਸ਼ੰਕਾ ਗ੍ਰਸਤ ਟੋਲੇ ਦਾ ਦਸਮ ਗ੍ਰੰਥ ਸਾਹਿਬ ਬਾਰੇ ਹੈ।

ਜੇ ਦਸਮੇਸ਼ ਪਿਤਾ ਪੰਜ ਭੂਤਕ ਸ਼ਰੀਰ ਧਾਰ ਕੇ ਭੀ ਆ ਜਾਣ ਤਾਂ ਪਹਿਲਾਂ ਇੰਨ੍ਹਾਂ ਨੇ ਮੰਨਣਾ ਹੀ ਨਹੀਂ, ਕਿ ਇਹ ਦਸਮੇਸ਼ ਪਿਤਾ ਜੀ ਹਨ।ਇਸ ਲਈ ਇਹ ਪਹਿਲਾਂ ਪ੍ਰੋ.ਦਰਸ਼ਨ ਸਿੰਘ ਨੂੰ ਪੁੱਛਣਗੇ ਕਿ ਵਾਕਿਆ ਹੀ ਇਹ ਗੁਰੂ ਗੋਬਿੰਦ ਸਿੰਘ ਜੀ ਹਨ।ਜਦ ਉਹ ਯਕੀਨ ਦਿਵਾਉਣਗੇ ਤਾਂ ਹੀ ਇਹ ਮੰਨਣਗੇ।ਬਾਕੀ ਸ਼ਰਧਾਵਾਨ ਸਿੰਘ ਤਾਂ ਕਲਗੀਧਰ ਮਹਾਰਾਜ ਤੋਂ ਕੁਰਬਾਨ ਹੋਕੇ ਚਰਨਾ ਨਾਲ ਲਿਪਟਣਗੇ, ਪਰ ਇੰਨ੍ਹਾਂ ਕਹਿਣਾ ਹੈ ਕਿ ਸਾਨੂੰ ਦਸਮੇਸ਼ ਪਿਤਾ ਦਾ ਹੁਕਮ ਹੈ, ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੱਥਾ ਟੇਕਣਾ ਹੈ।ਇਸ ਲਈ ਦੂਰੋਂ ਹੀ ਫਤਹਿ ਬੁਲਾਉਣਗੇ।ਫਿਰ ਇੰਨ੍ਹਾਂ ਦਾ ਪਹਿਲਾ ਪ੍ਰਸ਼ਨ ਹੋਵੇਗਾ, ਕਿ ਕੀ ਦਸਮ ਗ੍ਰੰਥ ਸਾਹਿਬ ਹਜ਼ੂਰ ਨੇ ਲਿਖਿਆ ਹੈ? ਤਾਂ ਉਹ ਕਹਿਣ ਕਿ ਹਾਂ ਮੇਰਾ ਹੀ ਲਿਖਿਆ ਹੈ, ਤਾਂ ਇੰਨ੍ਹਾਂ ਦਾ ਇਹ ਪ੍ਰਸ਼ਨ ਹੋਏਗਾ ਕਿ ਤੁਸੀਂ ਇਹ ਕਿਉਂ ਲਿਖਿਆ ਹੈ, ਜਦ ਕਿ ਤੁਸੀਂ ਗੁਰਿਆਈ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਦੇ ਗਏ ਸੀ।ਇਸਦਾ ਉਤਰ ਤਾਂ ਗੁਰੂ ਸਾਹਿਬ ਹੀ ਜਾਨਣ ਪਰ ਅਸੀਂ ਇੰਨ੍ਹਾਂ ਨੂੰ ਇਹੀ ਕਹਾਂਗੇ---ਫਿੱਟੇ ਮੂੰਹ ਤੇਰੀ ਮੱਤ ਨੂੰ, ਸਿਰ ਸੁਆਹ ਤੇ ਠੂਠਾ ਹੱਥ ਨੂੰ, ਤੂੰ ਮੰਗਦਾ ਫਿਰੇਂ ਜਗਤ ਨੂੰ, ਓਇ ਪ੍ਰਮੇਸ਼ਰ ਮਾਰਿਆ।

ਰਹੀ ਗੱਲ ਚਰਿੱਤ੍ਰਾਂ ਦੀ ਕਥਾ ਬੀਬੀਆਂ ਸਾਹਮਣੇ ਨਾਂ ਹੋ ਸਕਣ ਦੀ।ਮਸਲਾ ਬੀਬੀਆਂ ਜਾਂ ਪੁਰਸ਼ਾਂ ਦਾ ਨਹੀਂ

ਹੈ। ਇਹ ਗਿਆਨ ਤੇ ਅਗਿਆਨ ਦੀ ਵਾਰਤਾ ਹੈ।ਅਸਲ ਵਿਚ ਨਿਰਗੁਣ ਨੂੰ ਸਰਗੁਣ ਸਰੂਪ ਵਿਚ ਬਿਆਨ ਕਰਨਾ ਜੇ ਅਸੰਭਵ ਨਹੀਂ ਤਾਂ ਪੇਚੀਦਾ ਜ਼ਰੂਰ ਹੈ।ਇਕ ਸ਼ਬਦ ਵਿਚਾਰਨ ਲਈ--
ਆਸਾ ਘਰੁ 6 ਮਹਲਾ 1॥ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥1॥ਲਾਲ ਬਹੁ ਗੁਣਿ ਕਾਮਣਿ ਮੋਹੀ॥ਤੇਰੇ ਗੁਣ ਹੋਹਿ ਨ ਅਵਰੀ॥1॥ਰਹਾਉ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥2॥ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥3॥ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ਇਸ ਨਿਰਗੁਣ ਦੀ ਵਾਰਤਾ ਨੂੰ ਜਦੋਂ ਸਰਗੁਣ ਵਿਚ ਦੇਖਦੇ ਹਾਂ ਤਾਂ ਉਹੀ 'ਸ਼ੰਕਾ ਸਮੱਸਿਆ' ਸਾਹਮਣੇ ਆਉਂਦੀ ਪ੍ਰਤੀਤ ਹੁੰਦੀ ਹੈ।ਦੁਨਿਆਵੀ ਸ਼ਿੰਗਾਰ ਮੋਤੀਆਂ ਦੀ ਮਾਲਾ, ਦੰਦਾਸਾ, ਕੰਗਣ, ਮੁੰਦਰੀ, ਰੇਸ਼ਮੀ ਕੱਪੜਾ, ਸੁਰਮਾ, ਮਹਿਲ, ਦੀਵਾ ਆਦਿ ਹਨ।ਪਰ ਇਥੇ ਆਤਮਿਕ ਸ਼ਿੰਗਾਰ ਪਵਿੱਤ੍ਰ ਆਚਰਣ, ਸੁਆਸ ਸੁਆਸ ਨਾਮ ਦਾ ਜਾਪ, ਖਿਮਾ, ਧੀਰਜ, ਗਿਆਨ ਆਦਿਕ ਦਾ ਵਰਨਣ ਹੈ, ਜਿਸ ਵਿਚ ਮਿਲਨ ਦੀ ਤੜਪ, ਸ਼ਿੰਗਾਰ, ਗੁਣ, ਸੇਜ ਅਤੇ ਭੋਗ ਕਰਨ ਦੀ ਕਥਾ ਹੈ।ਇਸ ਸ਼ਬਦ ਵਿਚ ਗੁਰੂ ਸਾਹਿਬ ਪਤੀ ਪਤਨੀ ਦੇ ਮਿਲਾਪ ਦੀ ਮਿਸਾਲ ਵਰਤ ਕੇ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦੀ ਗੱਲ ਸਮਝਾ ਰਹੇ ਹਨ।ਅਨੰਦ ਕਾਰਜ ਦੀ ਰਸਮ ਭੀ 'ਦੋਇ ਮੂਰਤੀ' ਨੂੰ 'ਏਕ ਜੋਤ' ਤੱਕ ਲੈ ਜਾਣ ਦੀ ਕ੍ਰਿਆ ਹੈ, ਇਹ ਗੱਲ ਵੱਖਰੀ ਹੈ ਕਿ ਕੌਣ ਕਿਥੇ ਤੱਕ ਪਹੁੰਚਦਾ ਹੈ।ਜੋਤ ਭੀ ਉਹ ਜੋ ਸਭ ਵਿਚ ਵਰਤ ਰਹੀ ਹੈ।ਫਿਰ ਮਨੁੱਖ ਸਮਾਜਿਕ ਪ੍ਰਾਣੀ ਹੈ।ਪਸ਼ੂ ਇਸ ਕ੍ਰਿਆ ਨੂੰ ਸ਼ਰੇਆਮ ਕਰਦੇ ਹਨ, ਮਨੁੱਖ ਪਸ਼ੂ ਨਹੀਂ ਹੈ।ਅਗਿਆਨ ਦੀ ਅਵਸਥਾ ਨਿਰਵਸਤਰ ਕਰਕੇ ਦੇਖਦੀ ਹੈ, ਪਰ ਬਿਬੇਕ ਪਾਰਦਰਸ਼ੀ ਹੋ ਜਾਂਦਾ ਹੈ।ਗੁਰਸਿੱਖ ਨੇ ਗ੍ਰਿਹਸਤ ਅਤੇ ਵਿਭਚਾਰ ਦੇ ਫਰਕ ਨੂੰ ਸਮਝਣਾ ਹੈ—
ਸ਼ਰਤਿ ਆਜ਼ਾਦੀ ਹੈ, ਆਜ਼ਾਦੀ ਕੀ ਕੁੱਛ ਪਾਬੰਦੀਆਂ।ਇਨਕਾ ਜੋ ਪਾਬੰਦ ਹੈ ਵੁਹ ਅਸਲ ਮੇਂ ਆਜ਼ਾਦ ਹੈ। ਨੀਤੀ ਬਚਨ ਹੈ, ਕਿ ਵਕਤਾ ਸਮੇਂ ਨੂੰ ਵਿਚਾਰ ਕੇ ਸਭਾ ਵਿਚ ਬੋਲੇ।ਇਸ ਨਿਯਮ ਤੋਂ ਉਲਟ ਕਿ--ਵਿਆਹ ਵਿਚ ਸਿਆਪਾ ਨਹੀਂ ਕਰੀਦਾ, ਘੋੜੀ ਚੜ੍ਹਦੇ ਨੂੰ ਵੈਣ ਪਾਕੇ ਵਿਦਾ ਨਹੀਂ ਕਰੀਦਾ, ਕੁੜਮਾਈ ਵੇਲੇ ਬੀ ਦਾ ਲੇਖਾ ਨਹੀਂ ਕਰੀਦਾ, ਸਤੀ ਹੋਣ ਵੇਲੇ ਭਾਂਡੇ ਨਹੀਂ ਗਿਣੀਂਦੇ ਤੇ ਅੱਗ ਲੱਗੀ ਤੋਂ ਖੂਹ ਨਹੀਂ ਪੁੱਟੀਦਾ, ਭਾਵ ਵੇਲੇ ਦਾ ਰਾਗ ਕੁਵੇਲੇ ਦੀਆਂ ਟੱਕਰਾਂ ਹੁੰਦੀਆਂ ਹਨ--ਤਿਵੇਂ ਚਰਿੱਤ੍ਰਾਂ ਦੀ ਕਥਾ ਸਮਝਣੀ ਚਾਹੀਦੀ ਹੈ।ਜੋ ਸਮੇਂ ਦੇ ਅਨੁਕੂਲ ਚਰਿੱਤ੍ਰ ਨਹੀਂ ਸੁਣਾਉਂਦਾ, ਉਹ ਸਿਆਣਾ ਨਹੀਂ।ਚਰਿੱਤ੍ਰਾਂ ਦੀ ਰਚਨਾ ਉਦੇਸ਼ ਪ੍ਰਧਾਨ ਹੁੰਦੀ ਹੈ, ਨਿਰਾ ਮਨੋਰੰਜਨ ਮਨੋਰਥ ਨਹੀਂ ਹੁੰਦਾ।ਇਹੋ ਪ੍ਰੰਪਰਾ ਅੰਸ਼ ਮਾਤਰ 'ਸ੍ਰੀ ਦਸਮ-ਗ੍ਰੰਥ ਸਾਹਿਬ' ਦੇ 'ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ' ਵਿਚ ਵੀ ਵਿਦਮਾਨ ਹੈ।ਗੁਰੂ ਆਪਣੇ ਸਿੱਖ ਦਾ ਲੋਕ ਪ੍ਰਲੋਕ ਸਵਾਰਨਹਾਰ ਹੈ।ਇਹ ਕਿਵੇਂ ਹੋ ਸਕਦਾ ਹੈ?, ਕਿ ਜਿਸ ਅਗਿਆਨ ਕਾਰਨ ਸਿੱਖ ਦੀ ਜੀਵਨ ਬੇੜੀ ਕਲੰਕਤ ਹੋਕੇ ਡੁੱਬ ਰਹੀ ਹੋਵੇ ਤੇ ਗੁਰੂ ਉਸ ਨੂੰ ਅਣਗੌਲਿਆਂ ਕਰਕੇ ਆਪਣੇ ਸਿੱਖਾਂ ਨੂੰ ਸਾਵਧਾਨ ਨਾਂ ਕਰੇ। ਜੇ ਚਰਿੱਤ੍ਰਾਂ ਦੀ ਪੁਸਤਕ ਵਿਚੋਂ ਸੁਧਰਮੀ, ਬਹਾਦਰ, ਕਪਟੀ ਅਤੇ ਕੁਕਰਮੀਆਂ ਦੀ ਜੀਵਨ ਕਥਾ ਬੀਬੀਆਂ ਨਹੀਂ ਪੜ੍ਹਨਗੀਆਂ ਤਾਂ ਸੰਸਾਰ ਦੀ ਯਾਤਰਾ ਵਿਚ ਗੁਣ ਅਤੇ ਔਗੁਣਾਂ ਨੂੰ ਕਿਵੇਂ ਸਮਝਣਗੀਆਂ? ਕੋਈ ਗੱਲ ਜੋ ਅਸੀਂ ਸੁਣਦੇ ਹਾਂ ਜਾਂ ਪੜ੍ਹਦੇ ਹਾਂ, ਉਸਦਾ ਭਾਵ ਆਪਣੇ ਮਨ ਦੀ ਦਸ਼ਾ ਅਨੁਸਾਰ ਸਮਝਦੇ ਹਾਂ, ਇਹੋ ਚਰਿੱਤ੍ਰਾਂ ਬਾਬਤ ਸਮਝਣਾ ਚਾਹੀਦਾ ਹੈ।ਜੈਸੀ ਕਿਸੇ ਦੀ ਚਿੱਤ ਬ੍ਰਿਤੀ ਹੁੰਦੀ ਹੈ, ਉਹੋ ਜਿਹਾ ਭਾਵ ਉਸਦੇ ਮਨ ਵਿਚ ਫੁਰਦਾ ਹੈ। ਚਰਿੱਤ੍ਰਾਂ ਦੇ ਪਾਠ ਤੋਂ ਮਨ ਤੇ ਭੈੜਾ ਅਸਰ ਪਾਠਕ ਦੇ ਮਨ ਦੀ ਦਸ਼ਾ ਦਾ ਦੋਸ਼ ਹੈ, ਚਰਿੱਤ੍ਰਾਂ ਦੇ ਪਾਠ ਦਾ ਨਹੀਂ। ਫਿਰ ਉਹ ਬੀਬੀਆਂ ਜੋ ਡਾਕਟਰੀ ਪੜ੍ਹਦੀਆਂ ਹਨ, ਉਹ ਹਰੇਕ ਅੰਗ ਦੀ ਕ੍ਰਿਆ ਗਹੁ ਨਾਲ ਵਾਚਦੀਆਂ ਹਨ, ਉਪਰੇਸ਼ਨ ਚੀਰ ਫਾੜ ਵੇਲੇ ਸਭ ਅੰਗਾਂ ਨੂੰ ਦੇਖਦੀਆਂ ਹਨ, ਫੇਰ ਕੀ ਡਾਕਟਰੀ ਦੀਆਂ ਪੁਸਤਕਾਂ ਘਰ ਵਿਚ ਰੱਖਣੀਆਂ ਤੇ ਬੀਬੀਆਂ ਨੂੰ ਪੜ੍ਹਾਉਣੀਆਂ ਠੀਕ ਹੋ ਸਕਦੀਆਂ ਹਨ? ਪੁਰਾਤਨ ਗੁਰਸਿੱਖ ਚਰਿਤ੍ਰੋ ਪਾਖਿਆਨ ਪੜ੍ਹਕੇ ਆਪਣੇ ਕਿਰਦਾਰ ਉੱਚੇ ਸੁੱਚੇ ਰੱਖਦੇ ਸਨ ਪਰ ਅਜੋਕੇ 70-70 ਸਾਲ ਦੇ ਬੁੱਢੜੇ ਅਖੌਤੀ ਵਿਦਵਾਨਾਂ ਨੂੰ ਇਹ ਪੜ੍ਹ ਕੇ ਕਾਮ ਜਾਗਦਾ ਹੈ। ਇਹ ਗ੍ਰੰਥ ਗੁਰਮੁਖ ਜੋਗੀਆਂ ਲਈ ਹੈ ਨਾ ਕੇ ਮਨਮੁਖ ਭੋਗੀਆਂ ਲਈ ਹੈ। ਜ਼ਿਆਦਾ ਵਿਸਥਾਰ ਵਿਚ ਨਾਂ ਜਾਕੇ ਕੁੱਝ ਸਤਰਾਂ ਭਾਈ ਵੀਰ ਸਿੰਘ ਜੀ ਦੀ ਪੁਸਤਕ 'ਬਿਜੈ ਸਿੰਘ' ਵਿਚੋਂ (ਪੰ:97) ਪੇਸ਼ ਕਰ ਰਹੇ ਹਾਂ।ਸ਼ੰਕਾਗ੍ਰਸਤ ਵਿਦਵਾਨ ਪੜ੍ਹ ਕੇ ਆਪ ਹੀ ਵਿਚਾਰ ਲੈਣ ਕਿ ਕੀ ਉਹ ਇੰਨ੍ਹਾਂ ਗੱਲਾਂ ਨੂੰ ਵਿਅਰਥ ਤੇ ਨਿਰਮੂਲ ਸਮਝਦੇ ਹਨ? ਕੀ ਇਹ ਸਤਰਾਂ ਦਸਮ ਗ੍ਰੰਥ ਸਾਹਿਬ ਦੀ ਚ੍ਰਿੱਤਰਾਂ ਵਾਲੀ ਵਿਚਾਰਧਾਰਾ ਕਿ ਬੁਰੇ ਭਲੇ ਦੀ ਪਰਖ ਕਰਕੇ ਕਿਵੇਂ ਆਪਣੇ ਧਰਮ ਵਿਚ

ਪ੍ਰਪੱਕ ਰਹਿਣਾ ਹੈ, ਉਸਦੀ ਪ੍ਰੋੜ੍ਹਤਾ ਨਹੀਂ ਕਰਦੀਆਂ? ਹਾਲਾਂ ਕਿ ਅਸਲੀਅਤ ਇਹ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਪੜ੍ਹੇ ਬਿਨਾਂ ਇੰਨ੍ਹਾਂ ਨੂੰ ਵੀ ਪੂਰੀ ਤਰ੍ਹਾਂ ਸਮਝਣਾ ਮੁਸ਼ਕਲ ਹੈ।ਠੋਕਰ ਲੱਗਣ ਤੋਂ ਬਾਅਦ ਹੀ ਪੱਥਰ ਦੇਖਿਆ ਕਿੰਨਾ ਕੁ ਸਾਰਥਕ ਹੈ? ਲਿਖਤ ਇਹ ਹੈ--

"ਪਿਆਰੀਓ ਸਿੰਘਣੀਓ ਅਰ ਦੁਖੀ ਵਿਧਵਾ ਸਿੰਘ ਇਸਤ੍ਰੀਓ! ਅਰ ਡਾਢੇ ਪਤੀਆਂ ਦੀਓ ਵਹੁਟੀਓ! ਇਸ ਸੰਸਾਰ ਵਿਚ (ਜੋ ਛਲਾਂ ਅਰ ਦਗਿਆਂ ਨਾਲ ਪੂਰਤ ਹੈ) ਤੁਹਾਨੂੰ ਬੜਾ ਸੰਭਲ ਕੇ ਚੱਲਣਾ ਚਾਹੀਦਾ ਹੈ।'ਸੁੰਦਰੀ' ਅਰ ਹੋਰ ਪੁਸਤਕਾਂ ਪੜ੍ਹ ਕੇ ਤੁਸੀਂ ਕਸ਼ਟਾਂ ਵਿਚ ਧਰਮ ਬਚਾਉਣ ਦਾ ਹੌਸਲਾ ਕਰਨਾ ਤਾਂ ਸਿੱਖਸੋ, ਪਰ ਮਿੱਠੀਆਂ ਛੁਰੀਆਂ ਤੋਂ ਬਚਣਾ ਭੀ ਸਿੱਖ ਲੈਣਾ ਚਾਹੀਦਾ ਹੈ।ਇਹ ਮਨੁੱਖਾ ਜਨਮ ਬੜਾ ਦੁਰਲੱਭ ਹੈ।ਇਸ ਵਿਚ ਧਰਮ ਬਚਾਉਣਾ ਹੀ ਸਾਡਾ ਭਾਰੀ ਕੰਮ ਹੈ।ਹੇ ਨਰਮ ਚਿੱਤ ਵਾਲੀਓ ਬੀਬੀਓ! ਠੱਗ ਪੁਰਸ਼ ਸੋਹਣੀਆਂ ਮੂਰਤਾਂ ਬਣਾ ਕੇ ਕਈ ਪ੍ਰਕਾਰ ਦੇ ਦਾਉ ਪੇਚ ਖੇਡਦੇ ਹਨ।ਮਿੱਠੇ ਬਣ ਕੇ, ਸਤਿਕਾਰ ਦੇਕੇ, ਬਿਪਤਾ ਵਿਚ ਸਹਾਇਤਾ ਕਰ ਕਰਕੇ ਧਰਮੋ ਡੇਗਣ ਦਾ ਯਤਨ ਕਰਦੇ ਹਨ।ਇਹ ਨਾਂ ਸਮਝਣਾ ਕਿ ਨਿਰੇ ਪਾਖੰਡੀ ਲੋਕ, ਅਰ ਓਪਰੇ, ਏਹ ਯਤਨ ਕਰਦੇ ਹਨ: ਨੇੜੇ ਦੇ ਸਾਕ, ਹੱਥਾਂ ਦੇ ਖਿਡਾਏ, ਘਰ ਦੇ ਲਾਗੀ, ਘਰਾਂ ਦੇ ਕਾਮੇ ਤੇ ਨੇੜੇ ਤੇੜੇ ਦੇ ਸੰਬੰਧੀ ਇਕੁਰ ਦੇ ਰੰਗ ਖੇਡਦੇ ਹਨ।ਪਰ ਖਬਰਦਾਰ! ਇਸ ਕਲੂ ਕਾਲ ਵਿਚ ਧਰਮ ਨਹੀਂ ਹਾਰਨਾ।ਸੰਸਾਰਕ ਸੁੱਖ ਛਿਨ ਭੰਗਰ ਹਨ: ਸੰਸਾਰਕ ਸੁੱਖਾਂ ਦਾ ਅੰਤ ਕੌੜਾ ਹੈ: ਸੰਸਾਰ ਦੇ ਆਨੰਦ ਭੋਗਣ ਨਾਲ ਕਲੇਸ਼ ਹੁੰਦਾ ਹੈ।ਪਰ ਧਰਮ ਲੋਕ ਪ੍ਰਲੋਕ ਦੇ ਸੁੱਖ ਦੇਣ ਵਾਲਾ ਹੈ, ਤਾਂ ਤੇ ਧਰਮ ਨੂੰ ਪਾਲੋ, ਧਰਮ ਦੀਆਂ ਖੁਸ਼ੀਆਂ ਭੋਗੋ, ਧਰਮ ਦਾ ਸੁੱਖ ਮਾਣੋ।ਅਧਰਮ ਭਾਵੇਂ ਦੁਸ਼ਮਣ ਬਣ ਕੇ ਆਵੇ, ਭਾਵੇਂ ਸੱਜਣ ਬਣ ਕੇ ਆਵੇ, ਬਚਣੇ ਦਾ ਯਤਨ ਕਰਨਾ ਚਾਹੀਦਾ ਹੈ, ਇਸ ਤਰ੍ਹਾਂ ਜਿਵੇਂ ਕਿ ਜ਼ਹਿਰੀ ਸੱਪ ਤੋਂ, ਚਾਹੇ ਉਹ ਘਰੋਂ ਨਿਕਲੇ ਚਾਹੇ ਬਾਹਰੋਂ ਆਵੇ"।

ਆਪਣੇ ਸਿੱਖ ਲਈ ਗੁਰੂ ਦਾ ਆਸ਼ਾ ਇਹ ਹੈ ਕਿ ਉਹ ਧਰਮ ਵਿਚ ਇੰਨਾਂ ਪ੍ਰਪੱਕ ਹੋਵੇ ਕਿ ਉਸਨੂੰ ਗ੍ਰਹਿ, ਤਵੀਤ, ਟੂਣਾ, ਧਾਗਾ, ਜਾਤ-ਪਾਤ, ਗ੍ਰਹਿਸਤ, ਦੁੱਖ,-ਸੁੱਖ, ਕਲੇਸ਼, ਰੋਗ, ਸੋਗ, ਬਿਜੋਗ, ਭੋਗ, ਜੰਤ੍ਰ, ਮੰਤ੍ਰ, ਤੰਤ੍ਰ, ਸੂਤਕ-ਪਾਤਕ, ਪੁੰਨਿਆਂ,-ਮੱਸਿਆ,-ਸੰਗਰਾਂਦ, ਵਰਤ, ਜਠੇਰੇ, ਚਲਿੱਤ੍ਰ, ਨਗ,-ਰੰਗ, ਭੇਖ, ਭੰਗ, ਨਿੱਛ, ਸਮਾਧ, ਸ਼ਰਾਧ, ਸ਼ਰਾਬ, ਯੱਗ, ਬਲੀ, ਅਫੀਮ, ਗੰਗਾਜਲੀ, ਰੱਖੜੀ,-ਗਾਨਾ, ਹੋਲੀ, ਲੋਹੜੀ, ਤੀਰਥ, ਬਬਾਨਤਾਰਨੇ, ਦਿਸ਼ਾ, ਸ਼ਗਨ-ਅਪਸ਼ਗਨ, ਦਿਨ-ਵਾਰ, ਜੋ 'ਅਬੀਤਬੀ ਕੀ ਚਾਕਰੀ' ਹੈ, ਡੁਲਾ, ਡਰਾ, ਧਮਕਾ, ਭਰਮਾ, ਤੇ ਫਸਾ ਨਾਂ ਸਕਣ।ਗੁਰੂ ਦਾ ਸਿੱਖ ਸਾਮ, ਦਾਮ, ਦੰਡ, ਭੇਦ ਨੂੰ ਜਾਣਦਾ ਤੇ ਸਮਝਦਾ ਹੋਵੇ।ਪੂਜਾ ਅਕਾਲ ਕੀ, ਪਰਚਾ (ਵਾ) ਸ਼ਬਦ ਕਾ, ਦੀਦਾਰ ਖਾਲਸੇ ਦਾ ਧਾਰਨੀ ਹੋਵੇ।ਜਿਸਦਾ 'ਇਸ਼ਕ' ਅੱਗੇ ਹੋਵੇ 'ਅਕਲ' ਤੋਂ, ਜੋ ਪੱਥਰਾਂ ਵਿਚੋਂ ਸੋਨਾ, ਜ਼ਹਿਰ ਵਿਚੋਂ ਅੰਮ੍ਰਿਤ, ਸਮੁੰਦਰ ਵਿਚੋਂ ਮੋਤੀ ਲੱਭ ਸਕੇ, ਕੰਵਲ ਤੇ ਚਿੱਕੜ ਦਾ ਭੇਦੀ ਹੋਵੇ ਨਹੀਂ ਤਾਂ-

ਰਤਨ ਜੁ ਲੱਧਾ ਬਾਂਦਰਾਂ ਸੋ ਲੱਧਾ ਭੀ ਗਇਓਮੁ।ਅੰਧਾ ਵੜਿਆ ਚਿੱਤ੍ਰਸ਼ਾਲ ਉਸ ਕੀ ਸੁਖ ਡਿਠਿਓਮੁ।

**17.ਅਵਤਾਰ ਕਹਾਣੀਆਂ-**

ਹਰ ਗੁਰਸਿੱਖ ਨੂੰ ਦੇਵੀ ਦੇਵਤਿਆ ਤੇ ਅਵਤਾਰਾਂ ਦੇ ਦੋਨੋ ਪੱਖਾਂ ਬਾਰੇ ਗਿਆਨ ਹੈ, ਪਰ ਦਸਮ ਗ੍ਰੰਥ ਦੀ ਵਿਰੋਧਤਾ ਕਰਨ ਵਾਲੇ ਇਹ ਸਮਝਣ ਤੋਂ ਅਸਮਰਥ ਹਨ ਕਿ ਅਕਾਲ ਪੁਰਖ ਦੀ ਦਿਬ ਸ਼ਕਤੀ ਪ੍ਰਕਿਰਤੀ ਵਿਚ ਕਿਵੇਂ ਕੰਮ ਕਰ ਰਹੀ ਹੈ?, ਉਸਦੀ ਸੱਤਾ ਸਭ ਦੇਵੀ ਦੇਵਤਿਆਂ ਅਵਤਾਰਾਂ ਸਭ ਥਾਈਂ ਵਿਆਪਕ ਹੈ, ਪਰ ਕਿਸੇ ਦੇਵੀ ਦੇਵਤੇ ਵਿਚ ਸੀਮਤ ਨਹੀਂ।ਨਾ ਉਸ ਨੂੰ ਅਕਾਰ ਵਿਚ ਬੰਨਿਆਂ ਜਾ ਸਕਦਾ ਹੈ।ਜੇ ਅਵਤਾਰ ਸਿਧਾਂਤ ਅਤੇ ਦੇਵੀ ਦੇਵਤਿਆਂ ਬਾਰੇ ਇਨ੍ਹਾਂ ਕੱਚ ਘਰੜ ਵਿਦਵਾਨਾਂ ਦੀਆਂ ਦਲੀਲਾਂ ਨੂੰ ਮੰਨ ਲਿਆ ਜਾਵੇ, ਤਾਂ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਵਾਲਿਆਂ ਬਾਰੇ ਇਹ ਕੀ ਵਿਚਾਰ ਰੱਖਦੇ ਹਨ? ਗੁਰੂ ਸਾਹਿਬ ਨੇ ਤਾਂ ਆਮ ਲੋਕਾਈ ਨੂੰ ਅਵਤਾਰਾਂ ਦੀ ਅਸਲੀਅਤ ਆਮ ਮਨੁੱਖ ਤੋਂ ਵੀ ਥੱਲੇ ਦਿਖਾ ਕੇ ਮਨੁੱਖਤਾ ਵਿਚ ਸਾਹਸ ਪੈਦਾ ਕਰਕੇ ਕਾਇਰਤਾ ਦੂਰ ਕਰਨ ਦਾ ਉਪਰਾਲਾ ਕੀਤਾ ਸੀ, ਤੇ ਹੋਇਆ ਭੀ ਇਸੇ ਤਰ੍ਹਾਂ।ਜੇਕਰ ਗੁਰੂ ਸਹਿਬ ਜਾਂ ਭਗਤਾਂ ਨੇ ਇਨ੍ਹਾਂ ਪੁਰਾਤਨ ਦੇਵੀ ਦੇਵਤਿਆਂ ਦੇ ਹਵਾਲੇ ਦਿੱਤੇ ਹਨ, ਤਾਂ ਕੇਵਲ ਆਪਣੇ ਸਿਧਾਂਤ ਦੀ ਪੁਸ਼ਟੀ ਲਈ ਦਿੱਤੇ ਹਨ, ਨਾ ਕਿ ਲੋਕ ਮਾਨਤਾ ਅਨੁਸਾਰ ਇਨ੍ਹਾਂ ਦੀ ਵਡਿਆਈ ਕਰਨ ਲਈ।ਗੁਰਬਾਣੀ ਵਿਚ ਆਏ ਅਵਤਾਰਾਂ ਬਾਰੇ 'ਗੁਰੂ ਗ੍ਰੰਥ ਸੰਕੇਤ ਕੋਸ਼' ਪੜ੍ਹ ਸਕਦੇ ਹੋ।ਕ੍ਰਿਪਾ ਕਰਕੇ ਗੁਰੂ ਸਾਹਿਬਾਨ ਨੂੰ 'ਅਵਤਾਰ' ਪੱਧਰ ਤੇ ਲਿਆਉਣ ਦੀ ਅਵੱਗਿਆ ਨਾਂ ਕਰਨੀ।ਦਸਮੇਸ਼ ਜੀ ਦਾ ਅਵਤਾਰ ਕਥਾ ਤੋਂ ਬਾਅਦ ਖੁਲਾਸਾ ਕੀਤਾ ਇਵੇਂ ਹੈ-

ਬਿਨੁ ਏਕ ਚੌਬੀਸ ਫੋਕ॥ਸਬ ਹੀ ਧਰਾ ਸਬ ਲੋਕ॥ਜਿਨਿ ਏਕ ਕਉ ਪਹਿਚਾਨ॥ਤਿਨ ਚਉਬਿਸੋ ਰਸ

ਮਾਨ॥ ਜੇ ਏਕ ਕੇ ਰਸ ਭੀਨ॥ ਤਿਨਿ ਚਉਬਿਸੋ ਰਸ ਲੀਨ॥ ਜਿਨ ਏਕ ਕੋ ਨਹੀਂ ਬੂਝ॥ ਤਿਹ ਚੌਉਬਿਸੈ ਨਹੀਂ ਸੂਝ॥ ਜਿਨਿ ਏਕ ਕੌ ਨਹੀਂ ਚੀਨ॥ ਤਿਨਿ ਚਉਬਿਸੈ ਫਲ-ਹੀਨ॥ ਜਿਨ ਏਕ ਕੋ ਪਹਿਚਾਨ॥ ਤਿਨਿ ਚਉਬਿਸੈ ਰਸ ਮਾਨ॥ ਭਾਵ ਜਿਸਨੂੰ ਅਕਾਲ ਪੁਰਖ ਦੀ ਪਹਿਚਾਨ ਹੈ, ਏਕ ਕੋ ਰਸ ਲੀਨ ਹੈ, ਏਕ ਕੀ ਬੂਝ ਹੈ, ਏਕ ਕੌ ਚੀਨ ਹੈ, ਉਹ ਹੀ ਚੌਵੀ ਅਵਤਾਰਾਂ ਦੀ ਕਥਾ ਦਾ ਅਨੰਦ ਲੈ ਸਕਦਾ ਹੈ।ਜੋ ਅਕਾਲ ਪੁਰਖ ਤੋਂ ਅਭਿੱਜ ਹੈ, ਉਹ ਇਸ ਕਥਾ ਵਿਚੋਂ ਭੀ ਕੁੱਝ ਨਹੀਂ ਹਾਸਲ ਕਰ ਸਕਦਾ।

**18.ਸਰਿਸ਼ਟੀ ਸਾਜਨਾ-ਕੰਨ ਦੀ ਮੈਲ ਤੋਂ ਉਤਪਤੀ ਕਿਵੇਂ ਹੋ ਗਈ?**

ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ-ਜਿਨ ਉਪਾਈ ਮੇਦਨੀ ਸੋਈ ਕਰਦਾ ਸਾਰ॥ 'ਮੇਦਨੀ' ਦਾ ਅੱਖਰੀ ਮਤਲਬ ਹੈ, ਮਿੱਝ ਤੋਂ ਬਣੀ ਹੋਈ।ਇਸੇ ਤਰ੍ਹਾਂ ਸ੍ਰਿਸ਼ਟੀ ਸਾਜਨਾ ਬਾਰੇ ਹੋਰ ਭੀ ਕਈ ਹਵਾਲਿਆਂ ਦਾ ਜ਼ਿਕਰ ਆਉਂਦਾ ਹੈ, ਪਰ ਇਹ ਕਿਤੇ ਨਹੀਂ ਲਿਖਿਆ ਕਿ ਬਿਲਕੁਲ ਇਸੇ ਤਰ੍ਹਾਂ ਹੀ ਹੋਇਆ ਹੈ, ਸਗੋਂ ਇਹ ਸਵੀਕਾਰਿਆ ਹੈ ਕਿ-

"ਅਨਿਕ ਬਾਰ ਪਸਰਿਓ ਪਾਸਾਰਾ"॥ ਅਤੇ ਗੁਰਬਾਣੀ ਇਹ ਭੀ ਦੱਸ ਰਹੀ ਹੈ ਕਿ-

"ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜ੍ਹੇ ਮੁਖਿ ਕੰਠੁ ਸਵਾਰਿ"॥ ਹੁਣ ਇਹੀ ਦੱਸਣ ਕਿ ਕਮਲ ਫੁੱਲ ਦੀ ਨਾਲੀ ਵਿਚੋਂ ਬ੍ਰਹਮਾ ਕਿਵੇਂ ਪੈਦਾ ਹੋ ਗਿਆ? ਸਾਨੂੰ ਪਤਾ ਹੈ ਇਹ ਪੋਲੇ ਜਿਹੇ ਮੂੰਹ ਨਾਲ ਕਹਿ ਦੇਣਗੇ ਕਿ ਇਹ ਤਾਂ ਹਿੰਦੂ ਮਿਥਿਹਾਸਕ ਪੁਰਾਣਾ ਦਾ ਹਵਾਲਾ ਹੈ।ਪਰ ਅਸੀਂ ਪੁੱਛਦੇ ਹਾਂ, ਗੁਰਬਾਣੀ ਰਾਹੀਂ ਇਸਨੂੰ ਝੂਠਾ ਸਿੱਧ ਕਰੋ। ਅੱਗੇ ਜਪੁਜੀ ਸਾਹਿਬ ਵਿਚ ਲਿਖਿਆ ਹੈ:-

"ਕੀਤਾ ਪਸਾਉ ਏਕੋ ਕਵਾਉ"॥ ਇਕ ਸ਼ਬਦ ਤੋਂ ਸਾਰਾ ਪਸਾਰਾ ਹੋਇਆ ਹੈ, ਇਸਤੋਂ ਅੱਗੇ ਦਰਜ਼ ਹੈ-

"ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪਰਵਾਨ॥ ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣ"॥ ਅੱਗੇ ਆਉਂਦਾ ਹੈ-

"ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ"॥ ਅਗਲਾ ਜ਼ਿਕਰ-

"ਮਾਈ ਮਾਇਆ ਪ੍ਰਸੂਤ ਜਮਾਇਆ"॥ ਫਿਰ-

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ"॥ ਇਕ ਹੋਰ ਜ਼ਿਕਰ-

"ਕਾਇਆ ਅੰਦਿਰਿ ਪਾਪ ਪੁੰਨ ਦੋਇ ਭਾਈ॥ ਦੁਹੀ ਮਿਲ ਕੈ ਸ੍ਰਿਸਟਿ ਉਪਾਈ"॥ ਅਤੇ-

"ਪਹਿਲ ਪੁਰੀਏ ਪੁੰਡਰਕ ਵਨਾ॥ ਤਾਚੇ ਹੰਸਾ ਸਗਲੇ ਜਨਾ"॥ ਇੰਨ੍ਹਾਂ ਸੱਤ ਪ੍ਰਮਾਣਾਂ ਵਿਚੋਂ ਉਤਪਤੀ ਦਾ ਕਿਹੜਾ ਤਰੀਕਾ ਤੁਹਾਡੀ ਬੁੱਧੀ ਠੀਕ ਮੰਨਦੀ ਹੈ? ਜਾਂ ਇਹ ਸਾਰੀਆਂ ਵਿਧੀਆਂ ਹੀ ਠੀਕ ਹਨ।ਜੇ "ਪਹਿਲ ਪੁਰੀਏ ਪੁੰਡਰਕ ਵਨਾ" ਅਤੇ "ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ"॥ ਠੀਕ ਹੋ ਸਕਦਾ ਹੈ ਤਾਂ ਫਿਰ ਬਚਿਤ੍ਰ ਨਾਟਕ ਵਾਲੀ, ਕੰਨ ਦੀ ਮੈਲ ਤੋਂ ਉਤਪਤੀ ਪ੍ਰਸੰਗ ਅਨੁਸਾਰ ਸਿਧਾਂਤ ਦੀ ਸਪਸ਼ਟਤਾ ਲਈ ਵਰਤਣਾ ਕਿਵੇਂ ਗਲਤ ਹੋ ਸਕਦਾ ਹੈ? ਦਸਮ ਗ੍ਰੰਥ ਸਾਹਿਬ ਵਾਲੇ ਇਸ ਬੰਦ ਤੋਂ ਅਗਲਾ ਬੰਦ ਗੌਰ ਨਾਲ ਸੁਣੋ-

"ਤਿਨ ਕੋ ਕਾਲ ਬਹੁਰਿ ਬਧ ਕਰਾ॥ ਤਿਨ ਕੋ ਮੇਧ ਸਮੁੰਦ ਮੋ ਪਰਾ"॥ ਮਤਲਬ ਫਿਰ ਕਾਲ ਨੇ ਉਸ ਕਾਲ ਧੁਜ ਦਾ ਬਧ ਕਰ ਦਿੱਤਾ ਅਤੇ ਉਸਦੀ ਮਿੱਝ (ਚਰਬੀ) ਸਮੁੰਦਰ ਵਿਚ ਡਿੱਗੀ।

"ਚਿਕਨ ਤਾਸ ਜਲ ਪਰ ਤਿਰ ਰਹੀ॥ ਮੇਧਾ ਨਾਮ ਤਬਤਿ ਤੇ ਰਹੀ"॥ ਭਾਵ ਉਸਦੀ ਚਰਬੀ ਪਾਣੀ ਵਿਚ ਤਰਦੀ ਰਹੀ, ਜਿਸਤੋਂ ਧਰਤੀ ਬਣੀ, ਇਸ ਲਈ 'ਧਰਤੀ' ਦਾ ਨਾਮ ਮੇਧਾ ਜਾਂ ਮੇਧਨੀ ਪੈ ਗਿਆ।ਮਹਾਨ ਕੋਸ਼ ਵਿਚ ਮੇਧਨੀ ਦੇ ਅਰਥ ਦੇਖਣ ਦੀ ਖੇਚਲ ਕਰਨਾ।ਉਥੇ ਭੀ ਭਾਈ ਕਾਨ੍ਹ ਸਿੰਘ ਜੀ ਨੇ ਮੇਧਨੀ ਦੇ ਇਹੀ ਅਰਥ ਕੀਤੇ ਹਨ।ਮੇਧਨੀ ਸ਼ਬਦ ਗੁਰਬਾਣੀ ਵਿਚ ਪੰਨਾ ਨੰ:542, 1407, 472, 580, 712, 724, 755, 936, 1092, 1096, 110, 1281, 1283, 1288 ਅਤੇ 1416 ਉਪਰ ਆਇਆ ਹੈ, ਅਤੇ ਹਰ ਵਾਰੀ ਧਰਤੀ ਦੇ ਅਰਥ ਵਿਚ ਹੀ ਵਰਤਿਆ ਗਿਆ ਹੈ।ਇਸ ਲਈ ਜੇ ਬਚਿਤ੍ਰ ਨਾਟਕ ਦਾ ਬੰਦ 14 ਗੁਰਬਾਣੀ ਦਾ ਅਨੁਸਾਰੀ ਹੈ, ਤਾਂ ਬੰਦ 13 ਕਿਵੇਂ ਅਨੁਸਾਰੀ ਨਹੀਂ ਹੋ ਸਕਦਾ ਹੈ? ਸ੍ਰਿਸ਼ਟੀ ਸਾਜਨਾ ਬਾਰੇ ਜੋ ਵੱਖ ਵੱਖ ਧਾਰਨਾਵਾਂ ਗੁਰਬਾਣੀ ਵਿਚ ਆਈਆਂ ਹਨ, ਉਨ੍ਹਾਂ ਦੇ ਵੱਖਰੇਵੇਂ ਤੋਂ ਇਹ ਭਾਵ ਨਹੀਂ ਲੈਣਾ ਕਿ ਗੁਰੂ ਸਹਿਬ ਇਨ੍ਹਾਂ ਸਾਰੀਆਂ ਦੇ ਅਨੁਸਾਰੀ ਹਨ।ਜਿਵੇਂ ਕਿ ਗੁਰੂ ਸਾਹਿਬਾਨ ਚਾਰੇ ਖਾਣੀਆਂ, ਚਾਰੇ ਬਾਣੀਆਂ, ਸੱਤ ਅਕਾਸ਼ ਪਤਾਲ, ਚੌਰਾਸੀ ਲੱਖ ਜੂਨ, ਚਾਰ ਜੁੱਗ ਲਿਖਦੇ ਹੋਏ ਭੀ ਇਨ੍ਹਾਂ ਦੇ ਅਨੁਸਾਰੀ ਨਹੀਂ ਹਨ, ਬਲਕਿ ਇਸਨੂੰ ਪ੍ਰਸੰਗ ਅਨੁਸਾਰ ਸਿਧਾਂਤ ਸਪਸ਼ਟਤਾ ਦਾ ਸਾਧਨ ਬਣਾਉਂਦੇ ਹਨ।ਸਾਧਨ ਮਨੋਰਥ

ਨਹੀਂ ਹੁੰਦਾ।ਸ੍ਰਿਸ਼ਟੀ ਸਾਜਨਾ ਬਾਰੇ ਤਾਂ ਗੁਰੂ ਸਾਹਿਬ ਇਕ ਨੁਕਤੇ ਉਪਰ ਹੀ ਨਿਬੇੜਾ ਕਰ ਦਿੰਦੇ ਹਨ-
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ਜਪੁਜੀ ਅਤੇ-
ਤੁਮਰਾ ਲਖਾ ਨ ਜਾਇ ਪਸਾਰਾ॥ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ਕਬਿਯੋ ਬਾਚ ਬੇਨਤੀ ਚੌਪਈ

**19.ਪੀਰ ਬੁਧੂ ਸ਼ਾਹ ਦੇ ਚੇਲੇ-ਕਿ ਦਸਮ ਗ੍ਰੰਥ ਵਿਚ ਇਨ੍ਹਾਂ ਜ਼ਿਕਰ ਕਿਉਂ ਨਹੀਂ ਹੈ?**

ਗੁਰੂ ਗੋਬਿੰਦ ਸਿੰਘ ਜੀ ਨੇ ਕੀ ਲਿਖਿਆ ਤੇ ਕੀ ਨਹੀਂ ਲਿਖਿਆ, ਅਸੀਂ ਕੀ ਜਾਣ ਸਕਦੇ ਹਾਂ?ਕੀ ਗੁਰੂ ਸਾਹਿਬ ਨੂੰ ਸਾਡੀ ਪ੍ਰਵਾਨਗੀ ਦੀ ਲੋੜ ਸੀ?ਗੁਰੂ ਸਾਹਿਬ ਨੇ ਬੁਧੂ ਸ਼ਾਹ ਦੇ ਚੇਲਿਆਂ ਦਾ ਜ਼ਿਕਰ ਨਾਂ ਕਰਕੇ ਪੜਦਾ ਹੀ ਢਕਿਆ ਹੈ, ਜਿਵੇਂ ਕਿ ਬਾਅਦ ਵਿਚ ਸ਼ਹੀਦ ਹੋਏ ਚਾਲੀ ਮੁਕਤਿਆਂ (ਬੇਦਾਵਾ ਲਿਖਣ ਵਾਲੇ) ਦਾ ਵੀ ਜ਼ਿਕਰ ਨਹੀਂ ਕੀਤਾ।ਪਰ ਜਦੋਂ ਉਨ੍ਹਾਂ ਸਿੰਘਾਂ ਨੇ ਦੁਬਾਰਾ ਵਾਪਸ ਆਕੇ ਗੁਰੂ ਸਾਹਿਬ ਜੀ ਨਾਲ ਰਲਕੇ ਜੰਗ ਕੀਤੇ ਅਤੇ ਸ਼ਹੀਦੀਆਂ ਪਾਈਆਂ ਤਾਂ ਫਿਰ ਖਾਲਸਾ ਮਹਿਮਾ ਵਾਲੇ ਸਵੈਯਾਂ ਵਿਚ 'ਸੁਣਕੇ ਸੱਦ ਮਾਹੀ ਦਾ' ਵਾਲਾ ਸਵੈਯਾ ਲਿਖਿਆ ਹੈ।ਪੀਰ ਬੁਧੂਸ਼ਾਹ ਦੇ ਚੇਲਿਆਂ ਬਾਰੇ ਇਤਿਹਾਸ ਇਸ ਤਰ੍ਹਾਂ ਕਹਿੰਦਾ ਹੈ ਕਿ-"ਜੰਗ ਸਿਰ ਤੇ ਆਇਆ ਵੇਖ ਕੇ ਪੀਰ ਬੁਧੂ ਸ਼ਾਹ ਵੱਲੋਂ ਸਤਿਗੁਰ ਜੀ ਦੀ ਫੌਜ ਵਿਚ ਨੌਕਰ ਰਖਾਏ ਪਠਾਣ ਬੇਈਮਾਨ ਹੋਕੇ ਗੁਰੂ ਜੀ ਦਾ ਸਾਥ ਛੱਡ ਗਏ ਤੇ ਗੁਰੂ ਜੀ ਦੇ ਡੇਰੇ ਨੂੰ ਲੁੱਟਣ ਦਾ ਲਾਲਚ ਕਰਕੇ ਪਹਾੜੀਆਂ ਨਾਲ ਜਾ ਰਲੇ"।

**20.ਲਵ ਕੁਸ਼ ਦੀ ਔਲਾਦ-**

ਮਨੁੱਖੀ ਵਿਕਾਸ ਦੇ ਪਿਛੋਕੜ ਵੱਲ ਤੱਕਦਿਆਂ ਥਿਊਰੀ ਇਹ ਕਹਿੰਦੀ ਹੈ ਪਾਣੀ ਵਾਲੇ ਜੀਵਾਂ ਤੋਂ ਸ਼ੁਰੂ ਹੋਕੇ ਧਰਤੀ ਵਾਲੇ ਜੀਵਾਂ ਦੀ ਅੰਤਮ ਨਸਲ ਬਾਂਦਰ ਤੋਂ ਅੱਗੇ ਜਾਕੇ ਮਨੁੱਖੀ ਸ਼ਰੀਰ ਦਾ ਵਿਕਾਸ ਹੋਇਆ ਹੈ।ਜੇ ਪਿਤਾ ਪੁਰਖੀ ਲੜੀ ਨੂੰ ਦੇਖੀਏ ਤਾਂ ਆਮ ਕਰਕੇ ਵੱਧ ਤੋਂ ਵੱਧ ਪੰਜ ਸੱਤ ਪੀੜ੍ਹੀਆਂ ਤੱਕ ਦਾ ਹੀ ਗਿਆਨ ਹੁੰਦਾ ਹੈ, ਉਸ ਤੋਂ ਪਿੱਛੇ ਕੌਣ ਸੀ, ਕਿੱਥੇ ਸੀ, ਕੋਈ ਪਤਾ ਨਹੀਂ।ਬਚਿਤ੍ਰ ਨਾਟਕ ਵਿਚ ਦਸਮੇਸ਼ ਜੀ ਨੇ ਜਿਥੇ ਲਵ ਕੁਸ਼ ਦਾ ਜ਼ਿਕਰ ਕੀਤਾ ਹੈ ਉਥੇ ਉਹ ਪਿਤਾ ਪੁਰਖੀ ਪੀੜ੍ਹੀਆਂ ਨਹੀਂ ਗਿਣ ਰਹੇ, ਸਗੋਂ ਇਹ ਸਿੱਧ ਕਰ ਰਹੇ ਹਨ ਕਿ ਇਕ ਪਿਤਾ ਦੀ ਔਲਾਦ ਹੁੰਦੇ ਹੋਏ ਭੀ ਆਪਸੀ ਜੰਗਾਂ ਜੁੱਧਾਂ ਵਿਚ ਕਿੰਨਾ ਵਿਨਾਸ਼ ਹੋਇਆ ਹੈ।ਗੁਰੂ ਜੀ ਦੁਨਿਆਵੀ ਯੁੱਧਾਂ ਦੇ ਸਖਤ ਬਰਖਿਲਾਫ ਸਨ, ਹਾਲਾਂ ਕਿ ਉਨ੍ਹਾਂ ਨੂੰ ਮੱਲੋ ਮੱਲੀ ਗਲ ਆ ਪਈਆਂ ਲੜਾਈਆਂ ਕਰਕੇ ਯੁੱਧ ਜਿੱਤਣੇ ਪਏ, ਪਰ ਫਿਰ ਭੀ ਕਬਜ਼ਾ ਕਿਤੇ ਨਹੀਂ ਕੀਤਾ।ਇਸ ਅਧਿਆਏ ਵਿਚ ਗੁਰੂ ਸਾਹਿਬ ਜੀ ਨੇ ਲਵ ਕੁਸ਼ ਦੇ ਵੰਸ ਬਾਰੇ ਨਹੀਂ, ਸਗੋਂ ਇਹ ਸਿੱਧ ਕੀਤਾ ਹੈ ਕਿ ਉਹ ਇਕ ਪ੍ਰਵਾਰ ਦੇ ਹੁੰਦੇ ਹੋਏ ਭੀ, ਉਨ੍ਹਾਂ ਦੀ ਆਪਸੀ ਫੁੱਟ ਕਰਕੇ ਘਮਸਾਣ ਦੇ ਯੁੱਧਾਂ ਵਿਚ ਜੋ ਵਿਨਾਸ਼ ਹੋਇਆ ਉਸਦਾ ਜ਼ਿਕਰ ਕਰਕੇ ਉਹ ਸਿੱਖਾਂ ਨੂੰ ਘਰੇਲੂ ਖਾਨਾਜੰਗੀ ਦੇ ਮਾਰੂ ਸਿੱਟਿਆਂ ਤੋਂ ਸਾਵਧਾਨ ਕਰ ਰਹੇ ਹਨ।ਪਿਛੋਕੜ ਦੇ ਸਬੰਧ ਮੁਤਾਬਿਕ ਦੇਖਿਆ ਜਾਏ ਤਾਂ ਈਸਾਈਆਂ ਦਾ ਜੀਸਸ ਯਹੂਦੀ ਪਰਵਾਰ ਵਿਚ, ਮਹੰਮਦ ਸਾਹਿਬ ਬੁੱਤ ਪੂਜ ਕੁਰੈਸ਼ੀ ਪਰਵਾਰ ਵਿਚ, ਬੁੱਧ ਹਿੰਦੂ ਪਰਵਾਰ ਵਿਚ ਅਤੇ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਹਿੰਦੂ ਪਰਵਾਰ ਵਿਚ ਹੀ ਜਨਮੇ ਸਨ।ਕਿਸੇ ਰਹਿਬਰ ਦੇ ਪਰਿਵਾਰਕ ਪਿਛੋਕੜ ਨੂੰ ਲੈਕੇ ਇਹ ਸਿੱਧ ਨਹੀਂ ਹੋ ਸਕਦਾ ਕਿ ਹੁਣ ਤੁਹਾਡਾ ਕੋਈ ਵੱਖਰਾ ਧਰਮ ਨਹੀਂ ਜਾਂ ਤੁਸੀਂ ਕੋਈ ਵੱਖਰੀ ਕੌਮ ਨਹੀਂ ਹੋ।

**21."ਮਿੱਠ ਬੋਲੜਾ ਸੁਆਮੀ ਅਤੇ ਕਦੇ ਨਾ ਬੋਲੇ ਕਉਰਾ"** ਇਸ ਖਿਆਲ ਨੂੰ ਅਧਾਰ ਬਣਾ ਕੇ ਜੋ ਇਹ ਕਹਿੰਦੇ ਹਨ ਕਿ ਗੁਰਬਾਣੀ ਅਨੁਸਾਰ ਪ੍ਰਮੇਸ਼ਰ ਮਿੱਠ ਬੋਲੜਾ, ਦਿਆਲੂ ਹੈ, ਕ੍ਰਿਪਾਲੂ ਹੈ, ਪਰ ਬਚਿਤ੍ਰ ਨਾਟਕ ਵਾਲਾ ਬਿਕਰਾਲ ਰੂਪ ਵਾਲਾ ਡਰਾਉਣਾ ਅਤੇ ਦੁਸ਼ਮਨ ਦਾ ਘਾਤ ਕਰਨ ਵਾਲਾ ਹੈ।ਪਰ ਗੁਰਬਾਣੀ ਫੁਰਮਾਨ ਹੀ ਹੈ-
ਦੁਸਟ ਅਹੰਕਾਰੀ ਮਾਰਿ ਪਚਾਏ॥ਪੰ:869
ਇਸਦਾ ਪ੍ਰਚਾਰ ਕਰਨ ਵਾਲੇ ਇਹ ਦੇਖਣ ਕਿ ਜਦ ਕਲਗੀਧਰ ਮਹਾਰਾਜ ਜੀ ਨੇ ਮਸੰਦ ਤੇਲ ਦੇ ਕੜਾਹਿਆਂ ਵਿਚ ਪਾਕੇ ਸਾੜੇ ਸੀ, ਸ੍ਰੀ ਆਨੰਦਪੁਰ ਸਾਹਿਬ ਆ ਰਹੀ ਸੰਗਤ ਦੀ ਇਕ ਬੀਬੀ ਦਾ ਅਪਹਰਣ ਕਰਨ ਬਦਲੇ ਬੱਸੀ ਪਠਾਣਾ ਦੇ ਹਾਕਮ ਜ਼ਾਬਰ ਖਾਂ ਨੂੰ ਰੇਤੇ ਵਿਚ ਗੱਡ ਕੇ ਤੀਰ ਨਾਲ ਘਾਤ ਕੀਤਾ ਸੀ, ਅਤੇ ਕੀਰਤਪੁਰ ਸਾਹਿਬ ਕੋਲ ਤੀਰ ਨਾਲ ਜ਼ਖਮੀ ਹੋਕੇ ਤੜਪਦੇ ਹੋਏ ਜੀਵਨ ਦੀ ਭੀਖ ਮੰਗਣ ਵਾਲੇ ਸੈਦ ਬੇਗ ਜਰਨੈਲ ਦਾ ਸਿਰ ਤਲਵਾਰ ਨਾਲ ਲਾਹ ਦਿੱਤਾ ਸੀ, ਤਾਂ ਕੀ ਕਲਗੀਧਰ ਮਹਾਰਾਜ ਗੁਰੂ ਨਾਨਕ ਦਾ ਦਸਵਾਂ ਰੂਪ ਨਹੀਂ ਸੀ? ਗੁਰਬਾਣੀ ਦਾ ਫੁਰਮਾਨ ਹੈ-
ਹਰਿ ਆਪੇ ਮਾਰੈ ਹਰਿ ਆਪੈ ਛੋਡੈ ਮਨ ਹਰਿ ਸਰਨੀ ਪੜਿ ਰਹੀਐ॥ਹਰਿ ਬਿਨੁ ਕੋਈ ਮਾਰਿ ਜਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ॥ਪੰ:594 ਅਤੇ-
ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥ਪੰ:168

ਦੇ ਕਥਨ ਅਨੁਸਾਰ ਜਦ ਕੋਈ ਬੰਦਾ ਬੀਮਾਰੀ ਨਾਲ ਤੜਪ ਤੜਪ ਕੇ ਮਰ ਰਿਹਾ ਹੁੰਦਾ ਹੈ, ਉਦੋਂ "ਮਿੱਠ ਬੋਲੜਾ ਸੁਆਮੀ" ਤੜਪਾ ਰਿਹਾ ਹੁੰਦਾ ਹੈ, ਜਾਂ ਬਚਿਤ੍ਰ ਨਾਟਕ ਵਾਲਾ ਬਿਕਰਾਲ ਰੂਪ ਵਾਲਾ ਮਹਾਂ ਕਾਲ ਹੁੰਦਾ ਹੈ?ਦਸਮ ਗ੍ਰੰਥ ਸਾਹਿਬ ਦੇ ਸ਼ਸਤ੍ਰ ਨਾਮ ਮਾਲਾ ਪੁਰਾਣ ਅਨੁਸਾਰ-
ਤੁਮ ਬੈਰਣ ਪ੍ਰਥਮੈ ਹਨੋ ਬਹੁਰੋ ਬਜੈ ਕ੍ਰਿਪਾਨ॥ ਕਿ ਵੈਰੀ ਦਾ ਅੰਤ ਪਹਿਲਾਂ ਕਾਲ (ਮੌਤ) ਕਰਦਾ ਹੈ, ਫਿਰ ਸ਼ਸਤ੍ਰ ਦਾ ਵਾਰ ਹੁੰਦਾ ਹੈ, ਵਰਨਾ ਜਿਸਦੀ ਅਉਧ ਵਧੀ ਹੈ, ਉਸਨੂੰ ਕੌਣ ਮਾਰ ਸਕਦਾ ਹੈ?
ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੇ ਮੂਰਖ ਮੁਗਧਾਹਾ॥ ਪੰ:606 ਕੀ ਕਿਸੇ ਮੂਰਖ ਦਾ ਬਲ ਭੰਨਣ ਲਈ ਮਿੱਠੀਆਂ ਲੋਰੀਆ ਦਿੱਤੀਆਂ ਜਾਣਗੀਆਂ, ਜਾਂ ਫੁੱਲਾਂ ਦੇ ਹਾਰ ਪਾਕੇ ਆਰਤੀ ਉਤਾਰਨ ਨਾਲ ਕਿਸੇ ਮੁਗਧ ਦਾ ਬਲ ਤੋੜਿਆ ਜਾ ਸਕਦਾ ਹੈ? ਨਿਸਚੇ ਹੀ ਅਜੇਹਾ ਕਰਨ ਵਾਲੇ ਪ੍ਰਮੇਸ਼ਰ ਦਾ ਰੂਪ ਉਹੀ ਹੋਵੇਗਾ, ਜੋ ਬਚਿਤ੍ਰ ਨਾਟਕ ਵਿਚ ਦਰਸਾਇਆ ਹੈ। ਗੁਰਬਾਣੀ ਕਹਿ ਰਹੀ ਰਹੀ ਹੈ-
ਕੇਸੀ ਕੰਸ ਮਥਨੁ ਜਿਨਿ ਕੀਆ॥ ਪੰ:874 ਕੀ ਦਸਮ ਬਾਣੀ ਤੇ ਕਿੰਤੂ ਕਰਨ ਵਾਲੇ ਦੱਸਣਗੇ, ਕਿ ਕੇਸੀ ਅਤੇ ਕੰਸ ਦੋ ਦੈਤਾਂ ਨੂੰ ਮਥਨ ਕਰਨ ਵੇਲੇ ਪ੍ਰਮੇਸ਼ਰ ਦਾ ਸਰੂਪ ਉਦੋਂ ਕੈਸਾ ਹੋਵੇਗਾ? ਫਿਰ-
ਸੋਰਠਿ ਮ:5॥ ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ॥ ਆਪੇ ਗੁਣ ਗਵਾਇਦਾ ਪਿਆਰਾ ਆਪੇ ਸਬਦਿ ਸਮਾਹਾ॥ ਆਪੇ ਲੇਖਣ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ॥ ਮੇਰੇ ਮਨ ਜਪਿ ਰਾਮ ਨਾਮ ਓਮਾਹਾ॥ ਅਨਦਿਨ ਆਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ॥ ਰਹਾਉ॥ ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥ ਆਪੇ ਸਾਵਲ ਸੁੰਦਰ ਪਿਆਰਾ ਆਪੇ ਵੰਸੁ ਵਜਾਹਾ॥ ਕੁਵਲੀਆ ਪੀੜ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪ ਪਚਾਹਾ॥ ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੇ ਆਪਿ ਚੋਜਾਹਾ॥ ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰ ਕੰਸ ਕੇਸੁ ਮਰਾਹਾ॥ ਆਪੇ ਹੀ ਬਲੁ ਆਪ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ॥ ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ॥ ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ॥ ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ॥
ਇਸੇ ਤਰ੍ਹਾਂ ਗੁਰਬਾਣੀ ਦੇ ਅਨੇਕ ਹੋਰ ਸ਼ਬਦ ਹਨ, ਜੋ ਪ੍ਰਮੇਸ਼ਰ ਦੀ ਸਰਬ-ਵਿਆਪਕਤਾ ਦਰਸਾ ਰਹੇ ਹਨ-
ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ॥ ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ॥ ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬੇਬਾਣੀ॥ ਆਪੈ ਨਾਲ ਗੋਸਟਿ ਆਪ ਉਪਦੇਸੈ ਆਪੇ ਸੁਘੜੁ ਸਰੂਪ ਸਿਆਣੀ॥ ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ॥ (ਪੰ:553)
ਕਣ ਕਣ ਵਿਚ ਪ੍ਰਮੇਸ਼ਰ ਦੀ ਜੋਤਿ ਦੇਖਣ ਵਾਲੇ ਗੁਰੂ ਸਾਹਿਬਾਨ ਨੂੰ-
ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥ ਗੋਪੀਆਂ, ਕ੍ਰਿਸ਼ਨ ਜੀ, ਸ਼ਿਵ ਸ਼ੰਕਰ ਆਦਿ ਸਭ ਵਿਚ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੇ ਅਧਾਰ ਤੇ ਸਮਦ੍ਰਿਸ਼ਟੀ ਦੇ ਮਾਲਕ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੋਨਾਂ ਅਵਸਰਾਂ ਤੇ ਇੱਕੋ ਜੋਤ ਦੇਖੀ ਹੈ, ਇਸ ਲਈ ਦਿਆਲੂ ਕ੍ਰਿਪਾਲੂ ਰੂਪ ਦੇ ਨਾਲ ਹੀ ਵਿਕਰਾਲ ਰੂਪ ਵਿਚ ਭੀ ਉਸੇ ਹਰੀ ਦੇ ਦਰਸ਼ਨ ਕਰਕੇ ਬਚਿਤ੍ਰ ਨਾਟਕ ਅਤੇ ਹੋਰ ਗ੍ਰੰਥਾਂ ਵਿਚ ਉਸਤਤਿ ਕੀਤੀ ਹੈ। ਨਿੱਤ ਨੇਮ ਵਾਲੀ ਚੌਪਈ ਵਿਚ ਆਏ-
ਹਮਰੇ ਦੁਸਟ ਸਭੈ ਤੁਮ ਘਾਵਹੁ॥ >>>ਸਭ ਬੈਰਨ ਕੌ ਆਜ ਸੰਘਰਿਯੋ॥ ਸੇਵਕ ਸਿਖ ਹਮਾਰੇ ਤਾਰੀਅਹਿ॥ ਚੁਨ ਚੁਨ ਸਤ੍ਰ ਹਮਾਰੇ ਮਾਰੀਅਹਿ॥ ਪੜ੍ਹਨ ਤੋਂ ਘਬਰਾਉਣ ਵਾਲੇ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਨਿਤਨੇਮ ਦੀ ਬਾਣੀ ਵਿਚ ਇਹ ਭੀ ਪੜ੍ਹ ਕੇ ਵਿਚਾਰਨ-
ਰਖੇ ਰਖਣਹਾਰ ਆਪਿ ਉਬਾਰੀਅਨੁ॥ ਗੁਰ ਕੀ ਪੈਰੀ ਪਾਇ ਕਾਜ ਸਵਾਰੀਅਨੁ॥ ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ॥ ***ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨ***॥ ਕੀ ਕੋਈ ਫਰਕ ਹੈ?, ਦੋਨਾਂ ਗ੍ਰੰਥਾਂ ਵਿਚਲੀ ਬਾਣੀ ਦਾ।

**22.ਬਰਾਹਮਣਵਾਦ ਦਾ ਪ੍ਰਚਾਰ-ਵਿਰੋਧੀ ਦ੍ਰਿਸ਼ਟੀ ਅਨੁਸਾਰ ਦਸਮ ਗ੍ਰੰਥ ਸਾਹਿਬ ਕਰਕੇ ਹੈ।**

ਜੋ ਇਹ ਕਹਿੰਦੇ ਹਨ ਕਿ ਦਸਮ ਗ੍ਰੰਥ ਸਾਹਿਬ ਵਿਚ ਕਰਮਕਾਂਡ, ਅਵਤਾਰਵਾਦ ਦਾ ਪ੍ਰਚਾਰ ਹੈ, ਉਹ ਸੱਜਣ ਸਿੱਖ ਜਗਤ ਦੀ ਭਲਾਈ ਖਾਤਰ ਦਸਮ ਗ੍ਰੰਥ ਸਾਹਿਬ ਵਿਚੋਂ ਇਕ ਵੀ ਤੁਕ ਲੱਭ ਕੇ ਦੱਸ ਦੇਣ ਜਿੱਥੇ ਗੁਰੂ ਸਾਹਿਬਾਨ ਨੇ ਇਹ ਲਿਖਿਆ ਹੋਵੇ ਕਿ ਅਸੀਂ ਇਹ ਚੀਜ਼ਾਂ ਨੂੰ ਮੰਨਣ ਤੇ ਪ੍ਰਚਾਰਨ ਹਿੱਤ ਲਿਖ ਰਹੇ ਹਾਂ। ਦਸਮੇਸ਼ ਬਾਣੀ ਵਿਚ ਤਾਂ ਧਾਰਮਿਕ ਲੁੱਟ ਖਸੁੱਟ, ਭੇਖ, ਕਰਮਕਾਂਡ, ਬੁੱਤ ਪੂਜਾ ਆਦਿ ਦਾ ਪ੍ਰਚੰਡ ਵਿਅੰਗਮਈ ਸ਼ੈਲੀ ਅਤੇ ਬਹੁਤ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ। ਦਸਮ ਗ੍ਰੰਥ ਸਾਹਿਬ ਵਿਚ ਤਾਂ

ਇਹ ਦਰਸਾਇਆ ਹੈ ਕਿ ਦੇਵ-ਪੂਜਾ, ਮੂਰਤੀ-ਪੂਜਾ, ਅਵਤਾਰ-ਪੂਜਾ, ਵਰਣਮਰਿਯਾਦਾ, ਜਾਤ ਪਾਤ, ਸਤੀ, ਤੀਰਥ ਇਸ਼ਨਾਨ, ਸੁਰਗ-ਨਰਕ, ਸੁੱਚ-ਭਿੱਟ, ਸੂਤਕ-ਪਾਤਕ, ਰੋਜ਼ੇ, ਵਰਤ, ਸ਼ਗਨ-ਅਪਸ਼ਗਨ, ਮੰਤ, ਜੰਤ੍ਰ, ਤੰਤ੍ਰ, ਟੂਣੇ, ਤਵੀਤ ਆਦਿ ਭਰਮ-ਕਰਮ ਤਿਆਗਣ ਯੋਗ ਹਨ, ਕਿਉਂਕਿ ਇਹ ਅਦ੍ਵੈਤਵਾਦੀ ਵਿਸ਼ਵਾਸ਼ ਤੇ ਪ੍ਰੇਮਾ ਭਗਤੀ ਨੂੰ ਨਿਰਮਲ ਨਹੀਂ ਰਹਿਣ ਦਿੰਦੇ।ਸ਼ਾਇਦ ਇਸੇ ਕਰਕੇ ਪੰਥ ਦੋਖੀਆਂ ਨੂੰ ਇਹ ਹਜ਼ਮ ਹੋਣਾ ਮੁਸ਼ਕਲ ਹੈ।ਦਸਮੇਸ਼ ਜੀ ਆਪਣੀ ਲਿਖਤ ਵਿਚ ਰਾਮ ਦੇ ਨਾਲ ਰਹੀਮ, ਪੁਰਾਣ ਦੇ ਨਾਲ ਕੁਰਾਨ ਅਤੇ ਬੇਦ ਦੇ ਨਾਲ ਕਤੇਬ ਦਾ ਖੰਡਨ ਕਰਦੇ ਹਨ।ਦਸਮੇਸ਼ ਬਾਣੀ ਖੰਡਨ ਮੰਡਲੀ ਕੋਈ ਅਠਾਰ੍ਹਵੀਂ ਸਦੀ ਦਾ ਬ੍ਰਾਹਮਣ ਕਵੀ ਦੱਸੇ?, ਜਿਸ ਨੇ ***ਇਸਲਾਮ ਦੇ ਸਿਧਾਂਤ*** ਨੂੰ ਬਚਿਤ੍ਰ ਨਾਟਕ ਵਰਗੀ ਗੜਗੱਜ ਸ਼ਬਦਾਵਲੀ ਵਿਚ ਖੰਡਨ ਕਰਨ ਦੀ ਜ਼ੁਰਅਤ ਕੀਤੀ ਹੋਵੇ।

**23.ਪੁਨਰ ਜਨਮ ਫਿਲਾਸਫੀ ਤੇ ਦਸਮ ਗ੍ਰੰਥ ਵਿਰੋਧੀਆਂ ਨੂੰ ਇਤਰਾਜ਼-**

ਆਵਾਗਾਉਣ ਭਾਵ ਜਨਮ ਮਰਣ; ਪੈਦਾ ਹੋਣਾ ਤੇ ਮਰਨਾ।ਜੀਵ ਆਤਮਾ ਦਾ ਸ਼ੁਭ ਅਸ਼ੁਭ ਕਰਮਾਂ ਦੇ ਫਲ ਭੋਗਣ ਲਈ ਮਨੁੱਖ ਪਸ਼ੂ ਪੰਛੀ ਆਦਿ ਲੱਖਾਂ ਜੂਨਾਂ ਵਿਚ ਜੰਮਣਾ ਅਤੇ ਮਰਨਾ।ਇਸ ਸੰਸਾਰ ਚੱਕਰ ਤੋਂ ਆਤਮਗਯਾਨ ਪ੍ਰਾਪਤ ਹੋਣ ਪਰ, ਜਦ ਕਰਮਜਾਲ ਤੋਂ ਛੁਟਕਾਰਾ ਹੁੰਦਾ ਹੈ, ਤਦ ਜੀਵ ਮੁਕਤੀ ਪਾਕੇ ਸਦਾ ਲਈ ਆਵਾਗਮਨ ਤੋਂ ਰਹਿਤ ਹੋ ਜਾਂਦਾ ਹੈ।ਗੁਰਬਾਣੀ ਦਾ ਫੁਰਮਾਨ-

ਗਉੜੀ ਗੁਆਰੇਰੀ ਮਹਲਾ 5॥ਕਈ ਜਨਮ ਭਏ ਕੀਟ ਪਤੰਗਾ॥ਕਈ ਜਨਮ ਗਜ ਮੀਨ ਕੁਰੰਗਾ॥ਕਈ ਜਨਮ ਪੰਖੀ ਸਰਪ ਹੋਇਓ॥ਕਈ ਜਨਮ ਹੈਵਰ ਬ੍ਰਿਖ ਜੋਇਓ॥1॥ਮਿਲੁ ਜਗਦੀਸ ਮਿਲਨ ਕੀ ਬਰੀਆ॥ਚਿਰੰਕਾਲ ਇਹ ਦੇਹ ਸੰਜਰੀਆ॥1॥ਰਹਾਉ॥ਕਈ ਜਨਮ ਸੈਲ ਗਿਰਿ ਕਰਿਆ॥ਕਈ ਜਨਮ ਗਰਭ ਹਿਰਿ ਖਰਿਆ॥ਕਈ ਜਨਮ ਸਾਖ ਕਰਿ ਉਪਾਇਆ॥ਲਖ ਚਉਰਾਸੀਹ ਜੋਨਿ ਭ੍ਰਮਾਇਆ॥ਅਤੇ-

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ॥ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ॥(ਜੈਤਸਰੀ ਮ:5) ਅਤੇ-

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥ (ਬਾਵਨ) ਅਤੇ-

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ॥
ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ॥(ਰਾਮਕਲੀ)
ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥(ਗਉੜੀ ਥਿਤੀ ਮ:5) ਫਿਰ ਪੂਰਬ ਜਨਮ, ਭਾਵ ਵਰਤਮਾਨ ਤੋਂ ਪਹਿਲਾ ਜਨਮ, ਪਿਛਲਾ ਜਨਮ ਬਾਰੇ ਗੁਰਬਾਣੀ ਵਿਚ-
ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥(ਜੈਤਸਰੀ ਮ:5) ਕਰਕੇ ਦਰਜ਼ ਹੈ।

ਯਾਦ ਰਹੇ ਚਾਰੇ ਪੱਛਮੀ ਯਹੂਦੀ, ਈਸਾਈ, ਇਸਲਾਮ ਤੇ ਜ਼ਰਦਰੁਸਤ ਧਰਮ ਪੁਨਰ ਜਨਮ ਫਿਲਾਸਫੀ ਵਿਚ ਯਕੀਨ ਨਹੀਂ ਰੱਖਦੇ।ਚਾਰੇ ਪੂਰਬੀ ਹਿੰਦੂ, ਬੋਧੀ, ਜੈਨੀ ਤੇ ਸਿੱਖ ਧਰਮ ਪੁਨਰ ਜਨਮ ਫਿਲਾਸਫੀ ਦੇ ਧਾਰਨੀ ਹਨ।

**24.ਦਸਮੇਸ਼ ਬਾਣੀ ਵਿਚ ਪ੍ਰਸ਼ਨ ਰੂਪੀ ਬਾਣੀ ਫਾਲਤੂ ਹੈ-**

ਪ੍ਰਸ਼ਨ ਰੂਪੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਕਈ ਜਗ੍ਹਾ ਆਈ ਹੈ ਜਿਵੇਂ ਕਿ-

ਗਉੜੀ॥ਝਗਰਾ ਏਕੁ ਨਿਬੇਰਹੁ ਰਾਮ॥ਜਉ ਤੁਮ ਅਪਨੇ ਜਨ ਸੌ ਕਾਮੁ॥1॥ਰਹਾਉ॥ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ॥ਰਾਮੁ ਬਡਾ ਕੈ ਰਾਮਹਿ ਜਾਨਿਆ॥1॥ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ਬੇਦੁ ਬਡਾ ਕਿ ਜਹਾਂ ਤੇ ਆਇਆ॥2॥ਕਹਿ ਕਬੀਰ ਹਉ ਭਇਆ ਉਦਾਸੁ॥ਤੀਰਥੁ ਬਡਾ ਕਿ ਹਰਿ ਕਾ ਦਾਸੁ॥ਇਸ ਬਾਰੇ ਕੀ ਖਿਆਲ ਹੈ? ਗੁਰਬਾਣੀ ਵਿਚ ਬਹੁਤ ਜਗ੍ਹਾ ਇਸ ਤਰ੍ਹਾਂ ਪ੍ਰਸ਼ਨ ਰੂਪੀ ਬਾਣੀ ਦੇਖੀ ਜਾ ਸਕਦੀ ਹੈ।ਇੰਨ੍ਹਾਂ ਦਾ ਇਹ ਇਤਰਾਜ਼ ਭੀ ਬਾਕੀ ਸੰਕਿਆਂ ਵਾਂਗ ਹੀ ਨਿਰਮੂਲ ਹੈ।

**25.ਸ਼ਸਤ੍ਰ ਪੂਜਾ**-ਕਿੰਤੂ ਕਰਨ ਵਾਲੇ ਕਹਿੰਦੇ ਹਨ ਸ਼ਸਤ੍ਰ ਪੂਜਾ ਹਿੰਦੂ ਧਰਮ ਦਾ ਅੰਗ ਹੈ, ਸਿੱਖੀ ਵਿਚ ਨਹੀਂ।

ਇਤਰਾਜ਼ ਕਰਨ ਵਾਲੇ ਕਹਿੰਦੇ ਹਨ ਕਿ ਬਚਿਤ੍ਰ ਨਾਟਕ ਦੇ ਪਹਿਲੇ ਅਧਿਆਇ ਦਾ ਪਹਿਲਾ ਸਵੈਯਾ ਗੁਰਮਤਿ ਦੇ ਉਲਟ ਹੈ।ਗੁਰਬਾਣੀ ਵਿਚ ਕਿਸੇ ਸ਼ਸਤ੍ਰ ਦੀ ਕੋਈ ਮਾਨਤਾ ਨਹੀਂ ਹੈ।ਸਤਿਗੁਰ ਜੀ ਨੇ ਜੀਵਨ ਜਾਚ ਲਈ "ਗਿਆਨ ਖੜਗ" ਤਥਾ "ਗਰੀਬੀ ਗਦਾ ਹਮਾਰੀ" ਧਾਰਨ ਲਈ ਕਿਹਾ ਹੈ।

ਬਲਿਹਾਰ ਜਾਈਏ ਦਸਮੇਸ਼ ਬਾਣੀ ਵਿਰੋਧੀ ਧਿਰ ਦੀ ਚਤੁਰ ਬੁੱਧੀ ਦੇ।ਕਿੰਤੂ ਕਰਨ ਵਾਲਿਆਂ ਨੇ ਲਿਖਿਆ ਹੈ, ਕਿ ਸ਼ਸਤ੍ਰਾਂ ਦੀ ਗੁਰਬਾਣੀ ਵਿਚ ਕੋਈ ਮਾਨਤਾ ਨਹੀਂ।ਕੀ ਇਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਇਸ ਸ਼ਬਦ ਦੇ ਹੁੰਦਿਆਂ ਹੋਇਆਂ ਭੀ ਗਲਤ ਹੈ?ਗੁਰਵਾਕ ਹੈ-

ਤਿਲਕ ਹੀਣੰ ਜਥਾ ਬਿਪਰਾ ਅਮਰ ਹੀਣੰ ਜਥਾ ਰਾਜਨਹ॥

ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸਨਵਹ॥(ਸਲੋਕ ਸਹਿਕ੍ਰਿਤੀ)

ਭਾਵ ਗੁਰੂ ਸਾਹਿਬ ਉਪਦੇਸ਼ ਦੇ ਰਹੇ ਹਨ, ਕਿ ਜਿਸ ਤਰ੍ਹਾਂ ਬ੍ਰਾਹਮਣ ਦੀ ਪਹਿਚਾਨ ਤਿਲਕ ਤੋਂ ਹੁੰਦੀ ਹੈ, ਬਗੈਰ ਹੁਕਮ ਹਾਸਲ ਤੋਂ ਰਾਜੇ ਦੀ ਕੋਈ ਮਾਨਤਾ ਨਹੀਂ, ਅਤੇ ਸ਼ਸਤ੍ਰ ਤੋਂ ਬਗੈਰ ਸੂਰਬੀਰ ਦਾ ਕੋਈ ਮੁੱਲ ਨਹੀਂ, ਇਸੇ ਤਰ੍ਹਾਂ ਧਰਮ ਤੋਂ ਬਗੈਰ ਵੈਸ਼ਨੋ ਹੈ।ਹੁਣ ਕਿੰਤੂ ਕਰਨ ਵਾਲੇ ਦੱਸਣ ਕਿ ਦਸਮੇਸ਼ ਪਿਤਾ ਨੇ ਖਾਲਸਾ ਪੰਥ ਭੜਭੂੰਜਿਆਂ ਦਾ ਪੰਥ ਯਾ ਘਸਿਆਰਿਆਂ ਦਾ ਪੰਥ ਬਣਾਇਆ ਸੀ, ਕਿ ਸੂਰਬੀਰ ਯੋਧਿਆਂ ਦਾ ਪੰਥ ਬਣਾਇਆ ਸੀ? ਗੁਰਬਾਣੀ ਕਹਿ ਰਹੀ ਹੈ, ਕਿ ਸ਼ਸਤ੍ਰ ਤੋਂ ਬਿਨਾਂ ਸੂਰਬੀਰ ਦਾ ਕੋਈ ਮੁੱਲ ਨਹੀਂ, ਅਤੇ ਦਸਮੇਸ਼ ਪਿਤਾ ਨੇ ਭੀ ਇਹੀ ਕਿਹਾ ਹੈ:-

ਇਹੈ ਰਹਿਤ ਮੇਰੀ ਸੁਨੋ ਹੇ ਪਿਆਰੇ।ਬਿਨਾਂ ਸ਼ਸਤ੍ਰ ਕੇਸੰ ਦੇਉਂ ਨ ਦੀਦਾਰੇ।ਤਾਂ ਤੇ "ਤੇਗ ਰਾ ਫਤਹ" ਮਹਾਂ ਬਲੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੇ-

ਜਿਤੇ ਸ਼ਸਤ੍ਰ ਨਾਮੰ॥ਨਮਸਕਾਰ ਤਾਮੰ॥ਜਾਂ—

ਮਮ ਪ੍ਰਿਤਿਪਾਰਣ ਜੈ ਤੇਗੰ॥ਕਹਿ ਦਿੱਤਾ ਤਾਂ ਦਸਮੇਸ਼ ਪਿਤਾ ਦਾ ਦੋਸ਼ ਨਹੀਂ, ਦੋਸ਼ ਉਸ ਨਾ ਸਮਝਣ ਵਾਲੀ ਬੁੱਧੀ ਦਾ ਹੈ।

ਕਿੰਤੂ ਕਰਨ ਵਾਲਿਆਂ ਨੇ ਲਿਖਿਆ ਹੈ, ਕਿ ਅੱਜ ਕੱਲ ਦੇ ਜੁੱਗ ਵਿਚ ਜਿੱਥੇ ਦੂਰੋਂ ਮਾਰ ਕਰਨ ਵਾਲੀ ਬੰਦੂਕ, ਤੋਪ ਅਤੇ ਮਿਜ਼ਾਈਲਾਂ ਹਨ, ਤਲਵਾਰ ਦੀ ਕੀ ਕੀਮਤ ਹੈ? 'ਮੈਂ ਨ ਮਾਨੂੰ' ਵਾਲਿਆਂ ਦੀ ਇਹ ਲਿਖਤ ਪੜ੍ਹ ਕੇ ਉਨ੍ਹਾਂ ਦੀ ਬੁੱਧੀ ਤੇ ਤਰਸ ਆਉਂਦਾ ਹੈ।ਸਾਡੀ ਜਾਚੇ ਕਿੰਤੂ ਕਰਨ ਵਾਲਿਆਂ ਨੂੰ ਸਿੱਖੀ ਦਾ ੳ ਅ ੲ ਭੀ ਨਹੀਂ ਆਉਂਦਾ, ਅਤੇ ਉਹ ਆਪਣੇ ਆਪ ਨੂੰ ਗੁਰਮਤਿ ਦੇ ਮਹਾਂਰਥੀ ਹੋਣ ਦੇ ਦਮਗਜੇ ਮਾਰ ਰਹੇ ਹਨ।ਕੀ ਦਸਮੇਸ਼ ਪਿਤਾ ਕੋਲ ਦੂਰੋਂ ਮਾਰ ਕਰਨ ਵਾਲੇ ਨੇਜ਼ੇ, ਤੀਰ ਕਮਾਨ, ਪਿਸਤੌਲ ਅਤੇ ਬੰਦੂਕ ਨਹੀਂ ਸੀ।ਗੁਰੂ ਸਾਹਿਬ ਨੇ ਕਿਸੇ ਹਥਿਆਰ ਨੂੰ ਰੱਖਣ ਦੀ ਮਨਾਹੀ ਨਹੀਂ ਕੀਤੀ, ਪਰ ਪ੍ਰਧਾਨਤਾ ਕ੍ਰਿਪਾਨ ਨੂੰ ਦਿੱਤੀ।ਇਸ ਪਿੱਛੇ ਕੀ ਰਾਜ਼ ਸੀ, ਉਹ ਇੰਨ੍ਹਾਂ ਨੂੰ ਪਤਾ ਨਹੀਂ, ਇਸੇ ਲਈ ਅਜਿਹੀਆਂ ਬਚਕਾਨਾ ਗੱਲਾਂ ਕਰਦੇ ਹਨ। ਇਸਦਾ ਭੇਦ ਇਹ ਹੈ:-ਸਿੱਖੀ ਦਾ ਅਸੂਲ ਹੈ–ਆਪ ਜੀਓ ਹੋਰਨਾਂ ਨੂੰ ਜਿਉਣ ਦਿਓ-

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ॥ਬਾਕੀ ਸ਼ਸਤ੍ਰ, ਉਹ ਦੂਰੋਂ ਮਾਰ ਕਰਨ ਵਾਲੇ (offensive) ਹਨ, ਕੇਵਲ ਕ੍ਰਿਪਾਨ ਹੀ ਸਵੈ ਰੱਖਿਆ ਵਾਲਾ (defensive) ਹਥਿਆਰ ਹੈ।

ਬਾਕੀ ਸਾਰੇ ਹਥਿਆਰ ਅਪੂਰਣ ਹਨ।ਗੋਲੀ ਤੋਂ ਬਗੈਰ ਪਿਸਤੌਲ ਤੇ ਬੰਦੂਕ ਕਿਸ ਕੰਮ? ਤੀਰ ਤੋਂ ਬਗੈਰ ਕਮਾਨ ਕੀ ਕਰੇਗੀ? ਬਰਛਾ ਅਤੇ ਟਕੂਆ ਦੀ ਭੀ ਫਾਲ ਲੋਹੇ ਦੀ ਅਤੇ ਦਸਤਾ ਲੱਕੜ ਦਾ ਹੋਣ ਕਰਕੇ ਅਪੂਰਣ ਹਨ।ਪਰ ਕ੍ਰਿਪਾਨ ਇਕ ਸੰਪੂਰਨ ਹਥਿਆਰ ਹੈ, ਟੁੱਟ ਭੀ ਜਾਵੇਗੀ ਤਾਂ ਅੱਧੀ ਕ੍ਰਿਪਾਨ ਨਾਲ ਭੀ ਬੰਦਾ ਬਚਾਉ ਕਰ ਸਕਦਾ ਹੈ।ਕ੍ਰਿਪਾਨ ਬਹਾਦਰੀ ਦਾ ਚਿੰਨ੍ਹ ਹੈ।ਕ੍ਰਿਪਾਨ ਸਰਦਾਰੀ ਦੀ ਨਿਸ਼ਾਨੀ ਹੈ।ਫੌਜ ਵਿਚ ਗਜ਼ਟਡ ਅਫਸਰਾਂ ਨੂੰ ਕ੍ਰਿਪਾਨ ਮਿਲਦੀ ਹੈ।ਦੇਹਰਾਦੂਨ ਮਿਲਟਰੀ ਆਫੀਸਰ ਟ੍ਰੇਨਿੰਗ ਵੇਲੇ ਸਭ ਤੋਂ ਅੱਛੇ ਕੈਡਿਟ ਨੂੰ ਮੈਡਲ ਅਤੇ ਕ੍ਰਿਪਾਨ ਦਿੱਤੀ ਜਾਂਦੀ ਹੈ।ਕਿਤੇ ਭੀ ਇਨਾਮ ਵਿਚ ਪਿਸਤੌਲ, ਬੰਦੂਕ ਜਾਂ ਏ.ਕੇ.47 ਨਹੀਂ ਦਿੱਤੀ ਜਾਂਦੀ।ਦੇਸ਼ ਦੇ ਹਾਕਮਾਂ ਨੂੰ ਗਜ਼ਟਡ ਆਫੀਸਰ ਤਲਵਾਰ ਨਾਲ ਸਲਾਮੀ ਦਿੰਦੇ ਹਨ।ਇੰਗਲੈਂਡ ਦੀ ਰਾਣੀ ਵੱਲੋਂ ਸਭ ਤੋਂ ਵੱਡਾ ਇਨਾਮ ਅੱਜ ਭੀ ਕ੍ਰਿਪਾਨ ਹੀ ਭੇਟ ਕੀਤੀ ਜਾਂਦੀ ਹੈ।

ਪਿਸਤੌਲ, ਬੰਦੂਕ ਦਾ ਘੋੜਾ ਇਕ ਬੱਚਾ ਭੀ ਦੱਬ ਕੇ ਚਲਾ ਸਕਦਾ ਹੈ, ਪਰ ਤਲਵਾਰ ਚਲਾਉਣ ਲਈ ਡੌਲਿਆਂ ਵਿਚ ਤਾਕਤ ਚਾਹੀਦੀ ਹੈ, ਜੋ ਗੁਰਮਤਿ ਅਨੁਸਾਰ ਸ਼ੁੱਧ ਆਚਾਰ ਵਾਲੇ ਸੰਜਮੀ ਜੀਵਨ ਨਾਲ ਹੀ ਆ ਸਕਦੀ ਹੈ।

ਹਥਿਆਰਬੰਦ ਹੋਣਾ ਆਜ਼ਾਦ ਕੌਮਾਂ ਦੀ ਨਿਸ਼ਾਨੀ ਹੈ।ਪਠਾਣ ਗੁਲਾਮ ਨਹੀਂ ਹੋਇਆ।ਉਥੇ ਬੰਦੂਕ ਰੱਖਣ ਲਈ ਕੋਈ ਲਾਈਸੰਸ ਦੀ ਲੋੜ ਨਹੀਂ।ਗੋਰਖੇ ਨੂੰ ਖੋਖਰੀ ਰੱਖਣ ਲਈ ਕਿਤੋਂ ਇਜਾਜ਼ਤ ਨਹੀਂ ਲੈਣੀ

ਪੈਂਦੀ।ਮੁਗਲਾਂ ਵੇਲੇ ਕੋਈ ਗੁਲਾਮ ਤਲਵਾਰ ਨਹੀਂ ਰੱਖ ਸਕਦਾ ਸੀ।

ਖਾਲਸੇ ਦਾ ਤਲਵਾਰਧਾਰੀ ਹੋਣਾ ਇਹ ਦਰਸਾਂਦਾ ਹੈ, ਕਿ ਖਾਲਸਾ ਬੋਧੀਆਂ ਅਤੇ ਜੈਨੀਆਂ ਵਰਗੀ 'ਅਹਿੰਸਾ ਪਰਮੋ ਧਰਮਾ' ਦਾ ਪੁਜਾਰੀ ਨਹੀਂ।ਇਹ ਲੋੜ ਪੈਣ ਤੇ ਸਵੈ-ਮਾਨ, ਸਤਿਕਾਰ ਅਤੇ ਹੋਂਦ ਕਾਇਮ ਰੱਖਣ ਤੋਂ ਇਲਾਵਾ ਮਜ਼ਲੂਮ ਦੀ ਰੱਖਿਆ ਲਈ ਹਿੰਦੂਆਂ ਵਾਂਗ ਗਊਆਂ ਦੇ ਵੱਗ ਅੱਗੇ ਨਹੀਂ ਝੁਕੇਗਾ, ਬਲਕਿ ਤਲਵਾਰ ਲੈਕੇ ਜੂਝੇਗਾ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਤੋਂ ਪਿੱਛੋਂ ਸਾਰੇ ਗੁਰੂ ਸਾਹਿਬ ਸ਼ਸਤ੍ਰਧਾਰੀ ਰਹੇ ਹਨ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕਮਰਕੱਸੇ ਦੀ ਕ੍ਰਿਪਾਨ ਮਹਾਰਾਜਾ ਬੜੌਦਾ ਦੇ ਤੋਸ਼ੇਖਾਨੇ ਵਿਚ ਪਈ ਹੈ।ਦਸਮੇਸ਼ ਪਿਤਾ ਦੇ ਸਿੱਖਾਂ ਨੂੰ ਬਖਸ਼ੇ ਹੋਏ ਕਈ ਸ਼ਸਤ੍ਰ ਅਜੇ ਥਾਂ ਥਾਂ ਪਏ ਹਨ, ਜਿੰਨ੍ਹਾਂ ਨੂੰ ਸਿੱਖ ਹੁਣ ਭੀ ਸਤਿਕਾਰ ਨਾਲ ਨਮਸਕਾਰ ਕਰਦੇ ਹਨ।

ਇਤਿਹਾਸ ਗਵਾਹ ਹੈ, ਜਿਹੜੀਆਂ ਕੌਮਾਂ ਸ਼ਸਤ੍ਰ ਵਾਲੇ ਕੇਵਲ 'ਗਿਆਨ ਖੜਗ' ਵਿਚ ਵਿਸ਼ਵਾਸ਼ ਰੱਖਣ ਵਾਲੀਆਂ ਹਨ, ਕਦੇ ਜ਼ਿੰਦਾ ਨਹੀਂ ਰਹਿ ਸਕਦੀਆਂ।ਸਾਡੇ ਦੇਸ਼ ਵਿਚ ਮਹਾਰਾਜਾ ਅਸ਼ੋਕ ਨੇ ਕਾਲਿੰਗਾ ਦੀ ਲੜਾਈ ਪਿੱਛੋਂ ਬੁੱਧ ਧਰਮ ਅਪਣਾ ਕੇ ਹਥਿਆਰ ਗੰਗਾ ਵਿਚ ਸੁੱਟ ਦਿੱਤੇ ਤਾਂ ਦੇਸ਼ ਲਈ ਗੁਲਾਮੀ ਦਾ ਬੀਜ ਬੀਜ ਦਿੱਤਾ।ਬਾਰਾਂ ਸੌ ਸਾਲਾਂ ਦਾ ਸੰਤਾਪ ਭੋਗਣ ਪਿੱਛੋਂ ਜਦ ਪ੍ਰਮੇਸ਼ਰ ਨੂੰ ਦਯਾ ਆਈ, ਤਾਂ ਕਲਗੀਧਰ ਮਹਾਰਾਜ ਨੂੰ ਇੱਥੇ ਭੇਜਿਆ, ਅਤੇ ਮਰਦ ਅਗੰਮੜੇ ਨੇ ਬਾਲੜੀ ਉਮਰ ਵਿਚ ਉਸੇ ਪਟਨੇ (ਜਿੱਥੇ ਅਸ਼ੋਕ ਨੇ ਹਥਿਆਰ ਸੁੱਟੇ ਸੀ) ਵਿਚ ਗੰਗਾ ਦੇ ਕੰਢੇ ਸ਼ਸਤ੍ਰ ਧਾਰਨ ਕਰਕੇ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਕਿ ਸ਼ਸਤ੍ਰਧਾਰੀ ਹੋਣਾ ਜ਼ਰੂਰੀ ਹੈ।ਇਕ ਸਮੇਂ ਜਦੋਂ ਦਸਮੇਸ਼ ਪਿਤਾ ਬਹਾਦਰ ਸ਼ਾਹ ਦੇ ਦਰਬਾਰ ਵਿਚ ਸ਼ਸੋਭਤ ਸਨ, ਤਾਂ ਸਯਦ ਨੇ ਕੋਈ ਕਰਾਮਾਤ ਦਿਖਾਉਣ ਲਈ ਕਿਹਾ। ਦਸਮੇਸ਼ ਜੀ ਨੇ ਪਹਿਲਾਂ ਇਕ ਦਿਨਾਰ ਦਿਖਾਕੇ ਕਿਹਾ ਕਿ ਪੈਸਾ ਵੱਡੀ ਕਰਾਮਾਤ ਹੈ, ਇਹ ਬੰਦੇ ਨੂੰ ਪਰਸੂ ਤੋਂ ਪਰਸ ਰਾਮ ਜੀ ਬਣਾ ਦਿੰਦਾ ਹੈ।ਸਯਦ ਨੇ ਕਿਹਾ ਕਿ ਇਹ ਤਾਂ ਪੈਸੇ ਦੀ ਕਰਾਮਾਤ ਹੈ।ਫਿਰ ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਵੱਲ ਇਸ਼ਾਰਾ ਕੀਤਾ, ਕਿ ਕਰਾਮਾਤ ਸਾਹਮਣੇ ਹੈ।ਰਾਜੇ ਦਾ ਇਕ ਬੋਲ ਕਿਸੇ ਨੂੰ ਫਾਂਸੀ ਤੇ ਲਟਕਾ ਸਕਦਾ ਹੈ ਅਤੇ ਕਿਸੇ ਨੂੰ ਫਾਂਸੀ ਤੋਂ ਹਟਾ ਕੇ ਜ਼ਿੰਦਗੀ ਬਖਸ਼ ਸਕਦਾ ਹੈ।ਫਿਰ ਸਯਦ ਨੇ ਕਿਹਾ ਕਿ ਇਹ ਕਰਾਮਾਤ ਭੀ ਬਾਦਸ਼ਾਹ ਦੀ ਹੈ, ਤੁਸੀਂ ਆਪਣੀ ਕੋਈ ਕਰਾਮਤ ਦਿਖਾਉ।ਤਾਂ ਫਿਰ ਮਹਾਰਾਜ ਨੇ ਕ੍ਰਿਪਾਨ ਦੇ ਮੁੱਠੇ ਤੇ ਹੱਥ ਰੱਖ ਕੇ ਕਿਹਾ, ਕਿ ਸਭ ਤੋਂ ਵੱਡੀ ਕਰਾਮਾਤ ਇਹ ਹੈ।ਪਹਿਲੀਆਂ ਦੋਵੇਂ ਕਰਾਮਾਤਾਂ ਇਸ ਕਰਾਮਾਤ ਦੇ ਅਧੀਨ ਹਨ।ਜੇ ਕਹੋ ਤਾਂ ਤੁਹਾਨੂੰ ਵਰਤ ਕੇ ਦਿਖਾਈਏ? ਇਹ ਸੁਣ ਕੇ ਸੱਯਦ ਦਾ ਚਿਹਰਾ ਪੀਲਾ ਪੈ ਗਿਆ ਤੇ ਸਿਰ ਝੁਕਾ ਕੇ ਬੈਠ ਗਿਆ।ਗੁਰੂ ਸਾਹਿਬ ਜੀ ਕਹਿੰਦੇ ਸੁਣ ਸਯਦ! ਅਸੀਂ ਇਹੀ ਕਰਾਮਾਤ ਹਿੰਦੁਸਤਾਨੀਆਂ ਨੂੰ ਦੇਣ ਆਏ ਹਾਂ, ਜਿਸਦੀ ਬਰਕਤ ਨਾਲ ਇਹ ਆਪਣੀ ਸਦੀਆਂ ਦੀ ਗੁਲਾਮੀ ਕੱਟ ਸਕਣਗੇ।

ਇਤਿਹਾਸ ਗਵਾਹ ਹੈ ਕਿ ਜਦ ਖਾਲਸੇ ਨੇ ਦਸਮੇਸ਼ ਪਿਤਾ ਦੀ ਬਖਸ਼ੀ ਇਹ ਕਰਾਮਾਤ ਵਰਤੀ ਤਾਂ ਦੇਸ਼ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ।ਪਰ ਅਫਸੋਸ ਕਿ ਸ਼ੰਕਾ ਵਾਦੀਆਂ ਨੂੰ ਇਹ ਮੁਫਤ ਦੀ ਮਿਲੀ ਕਰਾਮਾਤ ਹਜ਼ਮ ਨਹੀਂ ਆ ਰਹੀ।ਚੰਗਾ ਹੈ ਦਸਮੇਸ਼ ਬਾਣੀ ਵਿਰੋਧੀ ਸਿੱਖੀ ਨੂੰ ਅਲਵਿਦਾ ਕਹਿਕੇ, ਕਿਸੇ ਜੈਨੀ ਮੰਦਰ ਦੇ ਪੁਜਾਰੀ ਬਣ ਜਾਣ।ਫਜ਼ੂਲ ਦਾ ਵਿਰੋਧ ਕਰਨ ਵਾਲੇ ਕਿਸੇ ਡੂੰਘੀ ਚਾਲ ਅਨੁਸਾਰ ਸਿੱਖਾਂ ਨੂੰ ਸ਼ਸਤ੍ਰ-ਹੀਣ ਕਰਨਾ ਚਾਹੁੰਦੇ ਹਨ।ਵਿਰੋਧ ਕਰਨ ਵਾਲੇ, ਸ਼ਾਸਤ੍ਰਾਂ ਅਨੁਸਾਰ ਹਿੰਦੂਆਂ ਦੀ ਸ਼ਸਤ੍ਰ ਪੂਜਾ ਵਾਲਾ ਵਿਧੀ ਵਿਧਾਨ ਦਸਮ ਗ੍ਰੰਥ ਸਾਹਿਬ ਵਿਚੋਂ ਦੱਸਣ ਦੀ ਖੇਚਲ ਕਰਨ ਅਤੇ ਨਾਲ ਹੀ ਬਚਿਤ੍ਰ ਨਾਟਕ ਵਿਚੋਂ ਉਦਾਹਰਨਾਂ ਦੇਕੇ ਦੱਸਣ ਕਿ ਹਿੰਦੂ ਮੱਤ ਵਾਲੀ ਸ਼ਸ਼ਤ੍ਰ ਪੂਜਾ ਅਪਨਾਉਣ ਲਈ ਕਿੱਥੇ ਲਿਖਿਆ ਹੈ? ਜਦ ਕਿ ਐਸਾ ਬਿਲਕੁਲ ਨਹੀਂ ਹੈ।ਵਿਰੋਧੀ ਧਿਰ ਸਿਰਫ ਸਾਧਾਰਨ ਲੋਕਾਂ ਨੂੰ ਗੁਮਰਾਹ ਕਰਨ ਦਾ ਕੁਕਰਮ ਕਰਦੇ ਹਨ।

ਕੁਲ ਦੁਨੀਆਂ ਨੂੰ ਪਤਾ ਹੈ ਕਿ ਬੁੱਧ ਧਰਮ, ਅਸ਼ੋਕ ਸਮੇਂ ਰਾਜ ਧਰਮ ਬਣ ਕੇ ਸੰਸਾਰ ਤੇ ਫੈਲਿਆ, ਅਤੇ ਸ਼ੰਕਰਾਚਾਰੀਯਾ ਨੇ ਰਾਜਪੂਤ ਰਾਜਿਆਂ ਦੀ ਮੱਦਦ ਦੇ ਨਾਲ ਤਲਵਾਰ ਦੇ ਜ਼ੋਰ ਸਦਕਾ, ਇਸ ਦੇਸ਼ ਵਿਚੋਂ ਬੁੱਧ ਧਰਮ ਦਾ ਸਫਾਇਆ ਕਰ ਦਿੱਤਾ।ਤਲਵਾਰ ਦੇ ਜ਼ੋਰ ਨਾਲ ਇਸਲਾਮ ਦਾ ਝੰਡਾ ਸਾਰੇ ਪਾਸੇ ਝੁਲਿਆ।ਕਿੰਤੂ ਕਰਨ ਵਾਲੇ ਇਤਿਹਾਸ ਵਿਚ ਕੋਈ ਐਸਾ ਰਾਜ ਦੱਸ ਸਕਦੇ ਹਨ?, ਜੋ ਸ਼ਸਤਰ ਤੋਂ ਬਗੈਰ ਬਣਿਆਂ ਹੋਵੇ? ਜੇ ਖਾਲਸੇ ਨੇ ਰਾਜ ਪ੍ਰਾਪਤ ਕੀਤਾ, ਤਾਂ ਸ਼ਸਤ੍ਰ ਦੇ ਜ਼ੋਰ ਤੇ, ਪਰ ਇੰਨ੍ਹਾਂ ਨਿਰਾਧਾਰ ਕਿੰਤੂ ਕਰਨ ਵਾਲਿਆਂ ਨੇ ਆਪਣੀਆਂ ਲਿਖਤਾਂ ਅਨੁਸਾਰ ਸਿੱਖਾਂ ਨੂੰ ਸ਼ਸਤ੍ਰ-ਹੀਣ ਕਰਨ ਤੇ ਲੱਕ ਬੰਨ੍ਹਿਆਂ ਹੈ।

ਬਦਕਿਸਮਤ ਹੈ ਉਹ ਕੌਮ, ਜਿਸ ਵਿਚ ਵਿਅਰਥ ਕਿੰਤੂ ਕਰਨ ਵਾਲੇ ਇੰਨ੍ਹਾਂ ਵਰਗੇ ਅਖੌਤੀ ਬੁੱਧੀਜੀਵੀ ਅਤੇ

ਧਾਰਮਿਕ ਮਹਾਂਰਥੀ ਪੈਦਾ ਹੋ ਜਾਣ।ਜੋ ਕੁੱਝ ਇੰਨ੍ਹਾਂ ਨੇ ਸ਼ਸਤਰਾਂ ਬਾਰੇ ਲਿਖਿਆ ਹੈ, ਸਾਡੇ ਖਿਆਲ ਮੁਤਾਬਿਕ ਇੰਨ੍ਹਾਂ ਨੇ ਕੋਈ ਨਸ਼ਾ ਕਰਕੇ ਨੀਮ-ਬੇਹੋਸ਼ੀ ਦੀ ਅਵਸਥਾ ਵਿਚ ਲਿਖਿਆ ਹੈ।ਜਾਪਦਾ ਹੈ ਇਹ ਉਨ੍ਹਾਂ ਵੇਲਿਆਂ ਦੇ ਸਮਾਜਿਕ ਅਤੇ ਰਾਜਸੀ ਹਾਲਾਤ ਤੋਂ ਬਿਲਕੁਲ ਨਾਵਾਕਫ ਹਨ, ਅਤੇ ਮਨੋ ਵਿਗਿਆਨ ਦੇ ਵਿਸ਼ੇ ਤੋਂ ਬਿਲਕੁਲ ਕੋਰੇ ਹਨ।ਸਮਾਜ, ਹਿੰਦੂ ਪ੍ਰਥਾ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦੀ ਵੰਡ ਵਿਚ ਹੋਣ ਕਾਰਨ ਕੇਵਲ ਖੱਤਰੀ ਹੀ ਹਥਿਆਰ ਦੀ ਵਰਤੋਂ ਦਾ ਅਧਿਕਾਰੀ ਸੀ।ਖੱਤਰੀਆਂ ਵਿਚੋਂ ਭੀ ਦੇਖਿਆ ਜਾਏ ਤਾਂ ਕੇਵਲ ਰਾਜਪੂਤ ਰਜਵਾੜਿਆਂ ਅਤੇ ਠਾਕੁਰਾਂ ਕੋਲ ਹੀ ਹਥਿਆਰ ਸਨ।ਇਸ ਹਿਸਾਬ ਨਾਲ 95% ਹਿੰਦੂ ਸਮਾਜ ਸ਼ਸਤ੍ਰ-ਹੀਣ ਸੀ, ਅਤੇ ਮੁਸਲਮਾਨ ਹਾਕਮਾਂ ਦੇ ਸ਼ਾਹੀ ਫੁਰਮਾਨ ਅਨੁਸਾਰ ਇੰਨ੍ਹਾਂ ਨੂੰ ਹਥਿਆਰ ਰੱਖਣ ਦੀ ਮਨਾਹੀ ਸੀ।ਇਸੇ ਕਰਕੇ ਹੀ ਉਸ ਵੇਲੇ 95% ਜਨ ਸਾਧਾਰਨ ਦੀ ਮਾਨਸਿਕਤਾ ਇਹ ਸੀ ਕਿ-

ਧਰਮ ਹਮਾਰਾ ਤੋਲਣ ਤੱਕੜੀ।ਨੰਗੀ ਕਰਦ ਕਬਹੂੰ ਨਹਿਂ ਪਕੜੀ।ਚਿੜੀ ਉਡੇ ਤੋ ਹਮ ਡਰ ਜਾਏਂ।ਕੈਸੇ ਹਮ ਤਲਵਾਰ ਚਲਾਏਂ।ਅਜਿਹੀ ਦਸ਼ਾ ਵਿਚ ਬਚਿੱਤ੍ਰ ਨਾਟਕ ਅਤੇ ਹੋਰ ਥਾਵਾਂ ਤੇ ਸ਼ਸਤਰਾਂ ਦਾ ਸਤਿਕਾਰ ਅਤੇ "ਜੈ ਤੇਗੰ" ਵਾਲੇ ਸ਼ਬਦਾਂ ਦਾ ਪ੍ਰਚਾਰਨਾ ਲੋਕਾਂ ਦੀ ਮਾਨਸਿਕਤਾ ਬਦਲਣ ਲਈ ਅਤਿ ਜ਼ਰੂਰੀ ਸੀ।ਹਿਟਲਰ ਨੇ ਜੰਗ ਲੜਨ ਤੋਂ ਬਹੁਤ ਚਿਰ ਪਹਿਲਾਂ ਇਹ ਕਾਨੂੰਨ ਬਣਾਇਆ ਸੀ, ਕਿ ਹਰ ਨਵੇਂ ਜਨਮੇ ਬੱਚੇ ਦੇ ਪੰਘੂੜੇ ਨਾਲ ਖੇਲਣ ਲਈ ਖਿਡੌਣੇ ਪਿਸਤੌਲ ਅਤੇ ਬੰਦੂਕ ਟੰਗੀ ਹੋਣੀ ਚਾਹੀਦੀ ਹੈ।ਇੰਨ੍ਹਾਂ ਦੀ ਮੈਂ ਨ ਮਾਨੂੰ ਬੁੱਧੀ ਨੂੰ ਇੰਨ੍ਹਾਂ ਗੱਲਾਂ ਦਾ ਕਿਵੇਂ ਪਤਾ ਲੱਗੇ?

**26.ਬ੍ਰਾਹਮਣ ਦੀ ਲਿਖਤ-** ਦਸਮੇਸ਼ ਬਾਣੀ ਤੇ ਕਿੰਤੂ ਕਰਨ ਵਾਲਿਆਂ ਨੇ ਸਿਰਫ ਇਹ ਕਹਿਕੇ ਕਿ 'ਇਹ ਕਿਸੇ ਸ਼ਿਵ ਭਗਤ ਬ੍ਰਾਹਮਣ ਦੀ ਲਿਖਤ ਹੈ' ਤੇ 'ਇਸ ਗ੍ਰੰਥ ਦਾ ਕਰਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਹੋ ਸਕਦਾ' ਕਹਿਕੇ ਖੂਹ ਵਿਚ ਇੱਟ ਮਾਰੀ ਹੈ, ਜਿਸਦਾ ਕੋਈ ਥਾਉਂ ਥੇਹ ਨਹੀਂ।ਕਿਹਾ ਚੰਗਾ ਹੁੰਦਾ, ਜੇ ਖੋਜ ਕਰਕੇ ਉਸ ਬ੍ਰਾਹਮਣ ਦਾ ਨਾਮ ਅਤੇ ਪਿੰਡ ਦਾ ਪਤਾ ਭੀ ਦੱਸਦੇ, ਅਤੇ ਨਾਲ ਹੀ ਉਸ ਦੀਆਂ ਹੋਰ ਲਿਖਤਾਂ ਦਾ ਪਤਾ ਭੀ ਦੱਸਦੇ, ਤਾਂ ਕਿ ਇੰਨ੍ਹਾਂ ਦੀ ਖੋਜ ਦੀ ਪੜਚੋਲ ਕਰਕੇ ਕੋਈ ਸਿੱਟਾ ਕੱਢਿਆ ਜਾ ਸਕਦਾ।ਹੁਣ ਉਹ ਗੱਲ ਹੋਈ ਕਿ ਭਾਈ ਮੈਂ ਫਲਾਣੇ ਦੇ ਘਰ ਜਾਣਾ ਹੈ, ਕਿੱਥੇ ਹੈ? ਉਤਰ ਮਿਲਿਆ ਜਿਸ ਘਰ ਤੇ ਕਾਂ ਬੈਠਾ ਹੈ।ਜਦ ਬੰਦਾ ਘਰ ਕੋਲ ਪਹੁੰਚਾ, ਕਾਂ ਉਡ ਕੇ ਦਸ ਘਰ ਛੱਡ ਕੇ ਹੋਰ ਮਕਾਨ ਤੇ ਜਾ ਬੈਠਾ।ਸਾਰਾ ਦਿਨ ਫਿਰਦਾ ਰਿਹਾ, ਨਾਂ ਕਾਂ ਉਡਣੋ ਹਟਿਆ ਤੇ ਨਾ ਮਕਾਨ ਲੱਭਾ।ਜੇ ਇਹ ਕਿਸੇ ਬ੍ਰਾਹਮਣ ਦੀ ਕ੍ਰਿਤ ਹੁੰਦੀ ਤਾਂ ਹੁਣ ਤੱਕ ਇਹ ਕੇਵਲ ਖਾਲਸਾ ਪੰਥ ਦੀ ਵਿਰਾਸਤ ਹੀ ਕਿਉਂ ਰਹੀ? ਇਸਨੂੰ ਸਨਾਤਨ ਧਰਮ ਨੇ ਕਿਉਂ ਨਾ ਅਪਣਾਇਆ?, ਯਾ ਹੁਣ ਤੱਕ ਬਨਾਰਸ ਹਿੰਦੂ ਯੂਨੀਵਰਸਿਟੀਆਂ ਦਾ ਸ਼ਿੰਗਾਰ ਕਿਉਂ ਨਾ ਬਣ ਸਕੀ? ਇਸ ਗ੍ਰੰਥ ਵਿਚ ਬੇਦਾਂ ਅਤੇ ਪੱਛਮੀ ਮੱਤ ਦੀਆਂ ਕਤੇਬਾਂ ਦਾ ਖੰਡਨ ਹੈ, ਕੋਈ ਬ੍ਰਾਹਮਣ ਬੇਦਾਂ ਦਾ ਖੰਡਨ ਨਹੀਂ ਕਰ ਸਕਦਾ।ਐਸਾ ਕੋਈ ਗ੍ਰੰਥ ਹੈ?, ਜੋ ਕਿ ਉਸ ਸਮੇਂ ਦੇ ਬ੍ਰਾਹਮਣ ਦਾ ਲਿਖਿਆ ਹੋਵੇ, ਅਤੇ ਉਸ ਵਿਚ ਬ੍ਰਾਹਮਣ ਦੀ ਵਡਿਆਈ ਨਾ ਦਰਜ਼ ਹੋਵੇ, ਅਤੇ ਸ਼ੂਦਰਾਂ ਵਾਸਤੇ ਨਫਰਤ ਨਾ ਦਿਖਾਈ ਹੋਵੇ।ਪਰ ਇਸ ਗ੍ਰੰਥ ਵਿਚ ਦੋਨੋ ਗੱਲਾਂ ਨਹੀਂ ਹਨ।ਐਸਾ ਕੋਈ ਬ੍ਰਾਹਮਣ ਨਜ਼ਰ ਨਹੀਂ ਆਉਂਦਾ, ਜੋ ਆਪਣੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ 'ਓਮ ਨਮੋ ਸ਼ਿਵਾਇ' ਜਾਂ ਸੁਰਸਤੀ ਦੇਵੀ, ਸ਼੍ਰੀ ਗਨੇਸ਼ ਜਾਂ ਹੋਰ ਕਿਸੇ ਦੇਵੀ ਦੇਵਤੇ ਦੀ ਉਪਮਾ ਰੂਪ ਵਿਚ ਬੇਨਤੀ ਨਾ ਕਰਦਾ ਹੋਵੇ।ਇਸਦਾ ਸਮੁੱਚੇ ਦਸਮ-ਗ੍ਰੰਥ ਸਾਹਿਬ ਵਿਚ ਅਭਾਵ ਹੈ, ਇਸ ਕਰਕੇ ਇਸ ਗ੍ਰੰਥ ਦਾ ਕਰਤਾ ਕੋਈ ਬ੍ਰਾਹਮਣ ਨਹੀਂ ਹੋ ਸਕਦਾ।ਅਜੇ ਕਿੰਤੂ ਕਰਨ ਵਾਲਿਆਂ ਦੀ ਬੁੱਧੀ ਅਰਧ ਗ੍ਰਿਹਣੀ ਹੈ, ਇਸ ਲਈ ਦਸਮ ਗ੍ਰੰਥ ਨੂੰ ਬ੍ਰਾਹਮਣ ਦੀ ਲਿਖਤ ਕਹਿ ਰਹੇ ਹਨ, ਜਿਸ ਦਿਨ ਪੂਰਾ ਗ੍ਰਿਹਣ ਲੱਗ ਗਿਆ, ਉਸ ਦਿਨ ਇਨ੍ਹਾਂ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਦੀ ਭਗਤ ਬਾਣੀ ਦੇ ਸ਼ਬਦ ਭੀ ਇਸੇ ਤਰ੍ਹਾਂ ਲੱਗਣਗੇ, ਤੇ ਇੰਨ੍ਹਾਂ ਦੀ ਪਰਖ ਕਸਵੱਟੀ ਇਸਨੂੰ ਗੁਰਬਾਣੀ ਮੰਨਣ ਤੋਂ ਇਨਕਾਰੀ ਹੋ ਜਾਵੇਗੀ।

**27.ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥ਇਹ ਭੀ ਸ਼ੰਕਾ ਗ੍ਰਸਤ ਟੋਲੇ ਨੂੰ ਮਾਫਕ ਨਹੀਂ ਹੈ।**

ਦਸਮੇਸ਼ ਪਿਤਾ ਦੀ ਨਿਰੋਲ ਪੰਜਾਬੀ ਰਚਨਾ 'ਚੰਡੀ ਦੀ ਵਾਰ' ਅਤੇ 'ਮਿੱਤ੍ਰ ਪਿਆਰੇ ਨੂੰ' ਤੇ ਕਿੰਤੂ ਕਰਨ ਵਾਲੇ ਕਿਹੜਾ ਗੁਰੂ ਕ੍ਰਿਤ ਮੰਨਣ ਲਈ ਤਿਆਰ ਹਨ।ਉਥੇ ਇੰਨ੍ਹਾਂ ਨੇ ਇਹ ਹੁੱਜਤ ਕੱਢ ਮਾਰੀ ਕਿ 'ਸੂਲ ਸੁਰਾਹੀ' ਕਿਸੇ 'ਪਿਅੱਕੜ' ਵੱਲ ਸੰਕੇਤ ਕਰਦਾ ਹੈ, ਅਤੇ 'ਭੱਠ ਖੇੜਿਆਂ ਦਾ ਰਹਿਣਾ' ਇਹ ਹੀਰ ਰਾਂਝੇ ਦੇ ਪਿੰਡ 'ਖੇੜੇ' ਬਾਰੇ ਲਿਖਿਆ ਹੈ, ਇਸ ਵਾਸਤੇ ਇਹ ਦਸਮੇਸ਼ ਕ੍ਰਿਤ ਨਹੀਂ।'ਸੂਲ ਸੁਰਾਹੀ' ਤਾਂ ਉਹ ਹੀ ਸਮਝ ਸਕਦਾ ਹੈ ਜਿਸਨੂੰ ਸਾਹਿਤਕ ਅਲੰਕਾਰ (ਗਹਿਣੇ) ਸਮਝ ਆਉਂਦੇ ਹੋਣ ਤੇ ਉਹ ਹੀ ਇੰਨ੍ਹਾਂ ਦਾ ਮੁੱਲ ਪਾ


Sri Satguru Jagjit Singh Ji eLibrary NamdhariElibrary@gmail.com

ਸਕਦਾ ਹੈ, ਜਿਵੇਂ-
ਗ਼ਲਬਾ ਲਬ ਬਿਕੁਨ ਦਮ ਬਦੱਮ ਨੋਸ਼ ਕੁਨ॥ਗਮੇ ਹਰ ਦੁ ਆਲਮ ਫਰਾਮੋਸ਼ ਕੁਨ॥ਦਸਮੇਸ਼ ਜੀ
ਕਿ ਹੇ ਸਤਿਗੁਰੂ ਜੀ! ਮੈਨੂੰ ਆਪਣੇ ਨਾਮ ਦਾ ਨੱਕੋ ਨੱਕ ਭਰਿਆ ਹੋਇਆ ਪਿਆਲਾ ਬਖਸ਼ੋ, ਜਿਸ ਨੂੰ ਮੈ ਹਰ ਵੇਲੇ ਪੀਂਦਾ ਰਹਾਂ ਅਤੇ ਦੋਹਾਂ ਲੋਕਾਂ ਦੇ ਗਮ ਫਿਕਰਾਂ ਨੂੰ ਭੁਲਾ ਦਿਆਂ।
ਇਸੇ ਤਰ੍ਹਾਂ 'ਭੱਠ ਖੇੜਿਆਂ ਦਾ ਰਹਿਣਾ' ਬਾਰੇ ਹੈ।ਹੁਣ ਜਿਸ ਬੰਦੇ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਪਿੰਡਾਂ ਬਾਰੇ ਕੋਈ ਗਿਆਨ ਹੀ ਨਾਂ ਹੋਵੇ, ਉਸਦਾ ਕੀ ਇਲਾਜ ਹੋ ਸਕਦਾ ਹੈ?ਪੰਜਾਬੀ ਬੋਲੀ ਵਿਚ ਖੇੜੇ ਦੇ ਕੀ ਅਰਥ ਹਨ, ਦਾ ਪਤਾ ਨਾ ਹੋਵੇ ਉਸਦਾ ਕੀ ਇਲਾਜ ਕਰੀਏ? ਪੰਜਾਬ ਵਿਚ ਅਣਗਿਣਤ ਪਿੰਡ ਖੇੜੇ ਨਾਮ ਵਾਲੇ ਹਨ।ਅਨੇਕਾਂ ਪਿੰਡਾਂ ਦੇ ਵਿਚਕਾਰ ਇਕ ਉਚੇ ਚਬੂਤਰੇ ਤੇ ਪੂਜਣ-ਯੋਗ ਥੜ੍ਹੇ ਬਣੇ ਹੋਏ ਹਨ, ਉਸਨੂੰ ਖੇੜਾ ਕਹਿੰਦੇ ਹਨ।ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਅਨੁਸਾਰ ਖੇੜੇ ਦੇ ਅਰਥ ਹਨ-ਪਿੰਡ, ਗ੍ਰਾਮ-
ਪ੍ਰਥਮੇ ਵਸਿਆ ਸਤ ਕਾ ਖੇੜਾ॥(ਰਾਮਕਲੀ)
'ਭੱਠ ਖੇੜਿਆਂ ਦਾ ਰਹਿਣਾ' (ਹਜ਼ਾਰੇ ਪਾ:10) ਭਾਵ-ਦੇਹ ਸ਼ਰੀਰ।ਲੁਧਿਆਣਾ ਅਤੇ ਮਾਲਵੇ ਵਿਚ ਲੋਕਾਂ ਦਾ ਤਕੀਆ ਕਲਾਮ ਹੈ:-ਨਗਰ ਖੇੜਾ ਵੱਸਦਾ ਰਹੇ, ਅਤੇ ਇਤਿਹਾਸ ਅਨੁਸਾਰ ਇਹ ਸ਼ਬਦ ਭੀ ਮਹਾਰਾਜ ਨੇ ਮਾਛੀਵਾੜੇ, ਤਸੀਲ ਸਮਰਾਲਾ, ਜ਼ਿਲਾ ਲੁਧਿਆਣਾ ਵਿਚ ਉਚਾਰਨ ਕੀਤਾ ਸੀ।ਪਰ ਕਿੰਤੂ ਕਰਨ ਵਾਲੇ ਅਤੇ ਇੰਨ੍ਹਾਂ ਦੇ ਪਿੱਛ ਲੱਗੂਆਂ ਨੇ ਕੇਵਲ 'ਹੀਰ ਦਾ ਪਿੰਡ' ਕਹਿ ਕੇ, ਇਸ ਸ਼ਬਦ ਨੂੰ ਖੰਡਣ ਦਾ ਬੀੜਾ ਚੁੱਕਿਆ ਹੋਇਆ ਹੈ। ਕਹਾਵਤ ਹੈ; ਮੈਂ ਤੇਰੇ ਵੱਸਣਾ ਨਹੀਂ ਕਿਉਂਕਿ ਤੇਰੀ ਖਾਂਦੇ ਦੀ ਦਾਹੜੀ ਹਿਲਦੀ ਹੈ।ਇਸ ਸ਼ਬਦ ਵਿਚਲੀ ਰਮਜ਼ ਤੇ ਰਹੱਸ ਨੂੰ ਸਮਝਣ ਵਿਚ ਅਸਮਰੱਥ ਹੋਣ ਕਰਕੇ ਹੀ ਸਾਰਾ ਭੁਲੇਖਾ ਪੈਂਦਾ ਹੈ।
**28.ਗੁਰੂ ਸਾਹਿਬ ਜੀ ਦੇ ਸਮੇਂ ਤੋਂ ਬਾਅਦ ਹੋਂਦ ਵਿਚ ਆਇਆ**-ਦਸਮੇਸ਼ ਬਾਣੀ ਵਿਰੋਧੀਆਂ ਦੀ ਲਿਖਤ ਅਨੁਸਾਰ ਇਹ ਗ੍ਰੰਥ ਦਸਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ (1708ਈ:) ਪਿੱਛੋਂ ਹੋਂਦ ਵਿਚ ਆਇਆ ਹੈ।ਜੇ ਸਮੇਂ ਦੀਆਂ ਪਰਸਥਿਤੀਆਂ ਵੱਲ ਝਾਤ ਮਾਰੀਏ, ਤਾਂ ਦਸਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ ਤੋਂ ਲੈਕੇ ਮਿਸਲਾਂ ਦੇ ਸਥਾਪਤ ਹੋਣ ਤੱਕ ਖਾਲਸੇ ਨੂੰ 'ਝਾੜੀਂ ਜਾਂ ਪਹਾੜੀਂ 'ਗੁਜ਼ਰ ਕਰਨਾ ਪਿਆ ਹੈ।ਉਸ ਵਕਤ ਨਾ ਪੰਥ ਵਿਚ ਇੰਨੇ ਲਿਖਾਰੀ ਸੀ, ਨਾ ਸਮਾਂ ਸੀ, ਨਾ ਛਾਪੇਖਾਨੇ ਸੀ, ਕਿ ਇਸ ਗ੍ਰੰਥ ਦੇ ਉਤਾਰੇ ਕਰਕੇ ਪੰਥ ਵਿਚ ਵੰਡੇ ਜਾ ਸਕਦੇ।ਅਜਿਹੇ ਬਿਖੜੇ ਸਮੇਂ ਵਿਚ ਅਜਿਹੀ ਔਖੀ ਭਾਸ਼ਾ ਵਾਲੇ ਗ੍ਰੰਥ ਨੂੰ ਯਾਦ ਕਰਨਾ ਭੀ ਕੋਈ ਆਸਾਨ ਨਹੀਂ ਸੀ।ਇਤਿਹਾਸ ਦੀ ਗਵਾਹੀ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਵੇਲੇ ਇਹ ਗ੍ਰੰਥ ਆਮ ਸਿੱਖਾਂ ਕੋਲ ਉਪਲਬਧ ਸੀ।ਪਹਿਲੇ ਸਿੱਖ ਇਤਿਹਾਸਕਾਰ, ਮੱਸਾ ਰੰਘੜ ਦਾ ਸਿਰ ਵੱਢਣ ਵਾਲੇ ਬਾਬਾ ਮਹਿਤਾਬ ਸਿੰਘ ਦੇ ਪੋਤੇ, ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ, ਸਭ ਤੋਂ ਪਹਿਲੀ ਸ਼ਹੀਦੀ, ਭਾਈ ਤਾਰਾ ਸਿੰਘ ਵਾਂ ਦੀ ਹੋਈ।ਜਦ ਤੁਰਕ ਫੌਜ ਨੇ ਤਾਰਾ ਸਿੰਘ ਤੇ ਚੜ੍ਹਾਈ ਕੀਤੀ, ਉਸ ਕੋਲ ਸਿੰਘ ਥੋੜ੍ਹੇ ਹੀ ਸਨ। ਸਿੰਘਾਂ ਨੇ ਭਾਈ ਤਾਰਾ ਸਿੰਘ ਨੂੰ ਸਲਾਹ ਦਿੱਤੀ, ਕਿ ਹੁਣ ਇਕ ਪਾਸੇ ਹੋ ਜਾਈਏ, ਫੌਜ ਬਹੁਤ ਹੀ ਆ ਰਹੀ ਹੈ। ਭਾਈ ਸਾਹਿਬ ਨੇ ਸਿੰਘਾਂ ਨੂੰ ਕਿਹਾ ਕਿ ਅਰਦਾਸ ਕਰਕੇ ਪੋਥੀ (ਜੋ ਉਨ੍ਹਾਂ ਕੋਲ ਸੀ) ਵਿਚੋਂ ਹੁਕਮ ਲੈ ਲਵੋ।ਅਰਦਾਸ ਕਰਕੇ ਜੋ ਸ਼ਬਦ ਆਇਆ ਉਹ ਇਹ ਸੀ--
ਸਵੈਯਾ-ਜੋ ਕਹੂੰ ਕਾਲ ਤੇ ਭਾਜ ਕੈ ਬਾਚੀਅਤ ਤੋ ਕਿਹ ਕੁੰਟ ਕਹੋ ਭਜਿ ਜੈਯੈ॥ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਐਯੈ॥ਐਸੋ ਨ ਕੋ ਗਯੋ ਕੋਈ ਸੁ ਦਾਵ ਰੇ ਜਾਹਿ ਉਪਾਵ ਸੋ ਘਾਵ ਬਚੈਯੈ॥ਜਾਂ ਤੇ ਨ ਛੂਟੀਐ ਮੂੜ! ਕਹੂ ਹਸਿ ਤਾਂ ਕੀ ਨ ਕਯੋਂ ਸਰਣਾਗਤਿ ਜੈਯੈ॥(ਬਚਿਤ੍ਰ ਨਾਟਕ 96)
ਇਸ ਸਵੈਯੇ ਦੇ ਪਾਠ ਪਿੱਛੋਂ ਭਾਈ ਸਾਹਿਬ ਨੇ ਸਾਰੇ ਸਿੰਘਾਂ ਨੂੰ ਕਿਹਾ, ਕਿ ਗੁਰਬਾਣੀ ਦੇ ਹੁਕਮ ਅਨੁਸਾਰ, ਮੈਂ ਤਾ ਇਥੇ ਹੀ ਸ਼ਹੀਦੀ ਪਾਵਾਂਗਾ।ਤੁਹਾਡੇ ਵਿਚੋਂ ਜੇ ਕਿਸੇ ਨੇ ਸ਼ਹੀਦ ਹੋਣਾ ਹੈ, ਉਹ ਰਹੇ, ਬਾਕੀ ਚਲੇ ਜਾਵੋ।ਤਾਂ ਤੇ ਸਭ ਨੇ ਇਕੱਠੇ ਲੜ ਕੇ ਸ਼ਹੀਦੀ ਪਾਈ।ਭਾਈ ਸਾਹਿਬ ਦੇ ਨਾਂ ਤੇ ਹੁਣ ਤੱਕ ਉਨ੍ਹਾਂ ਦੇ ਪਿੰਡ ਵਿਚ ਸ਼ਹੀਦੀ ਮੇਲਾ ਲੱਗਦਾ ਹੈ।ਸਾਨੂੰ ਪੱਕੀ ਉਮੀਦ ਹੈ, ਕਿ ਕਿੰਤੂ ਕਰਤਾ ਆਪਣੀ ਪਾਲਸੀ 'ਆਲਾ ਹਿਕਮਤੇ ਅਮਲੀ' ਅਨੁਸਾਰ ਇਸ ਪੋਥੀ ਨੂੰ ਭੀ ਕਿਸੇ ਬ੍ਰਾਹਮਣ ਦਾ ਲਿਖਿਆ ਸਾਬਤ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ।ਜਦ ਕਿ ਇਸ ਪੋਥੀ ਦੇ ਅਸਲ ਦੀ ਇਕ ਨਕਲ ਮਹਾਰਾਜਾ ਪਟਿਆਲਾ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ ਅਤੇ ਦੂਸਰੀ ਕਾਪੀ ਈਸਟ ਇੰਡੀਆ ਕੰਪਨੀ ਵੱਲੋਂ ਲੰਦਨ ਭੇਜੀ ਗਈ।ਇਸ ਵਾਰਤਾ ਦਾ ਸਿੱਟਾ ਇਹ ਹੈ ਕਿ ਦਸਮੇਸ਼ ਬਾਣੀ ਦਾ ਇਕ ਗ੍ਰੰਥ 'ਵਿਦਿਆ ਸਾਗਰ' ਦੇ ਰੂਪ ਵਿਚ ਸੀ ਜੋ ਕਿ ਬਾਅਦ ਵਿਚ ਸਰਸਾ ਨਦੀ ਦੀ ਭੇਟ ਹੋ ਗਿਆ।ਪਰ ਇਸ ਗ੍ਰੰਥ ਦੇ ਉਤਾਰੇ ਪੋਥੀਆਂ ਦੇ ਰੂਪ ਵਿਚ ਸਿੱਖਾਂ ਕੋਲ

ਉਪਲਬਦ ਸਨ ਜੋ ਬਾਅਦ ਵਿਚ ਭਾਈ ਮਨੀ ਸਿੰਘ ਜੀ ਨੇ ਦੁਬਾਰਾ ਦਸਮ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਤ ਕਰ ਦਿੱਤੇ।ਬਾਅਦ ਵਿਚ ਫਿਰ ਗੁਰੂ-ਪੰਥ ਦੁਆਰਾ ਦਸਮ ਗ੍ਰੰਥ ਸਾਹਿਬ ਦੇ ਕੀਤੇ ਅਲੱਗ ਅਲੱਗ 32 ਹੱਥ ਲਿਖਤ ਉਤਾਰਿਆਂ ਦੇ ਲਿਖਤੀ ਭਿੰਨ ਭੇਦ ਦੀ ਸੁਧਾਈ ਕਰਕੇ ਮੌਜੂਦਾ ਰੂਪ ਦਿੱਤਾ ਗਿਆ ਹੈ।

**29.ਪ੍ਰਮਾਤਮਾ ਦੇ 'ਬਹੁ ਰੰਗੀ' ਹੋਣ ਤੇ ਕਿੰਤੂ**-ਦਸਮ ਗ੍ਰੰਥ ਵਿਰੋਧੀ 'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ'॥ਨੂੰ ਠੀਕ ਮੰਨ ਕੇ ਬਚਿਤ੍ਰ ਨਾਟਕ ਦੇ ਛੰਤ 18 ਤੋਂ ਅੱਗੇ ਕਵੀ ਨੇ ਪ੍ਰਮੇਸ਼ਰ ਦਾ ਭਿਆਨਕ ਰੂਪ ਵਰਨਣ ਕਰ ਦਿੱਤਾ, ਕਹਿੰਦੇ ਹਨ।

ਬਚਿਤ੍ਰ ਨਾਟਕ ਦੀ ਬਾਣੀ ਤੇ ਇਹ ਦੋਸ਼ ਲਾਉਣ ਵਾਲੇ ਨੂੰ ਗੁਰਮਤਿ ਦੇ ੳ ਅ ੲ ਦਾ ਭੀ ਪਤਾ ਨਹੀਂ।ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਵਿਚ ਵਾਹਿਗੁਰੂ ਨੂੰ ਨਿਰਗੁਣ ਅਤੇ ਸਰਗੁਣ ਦੋਨਾਂ ਸਰੂਪਾਂ ਵਿਚ ਮੰਨਿਆਂ ਗਿਆ ਹੈ ਜਥਾ:-

ਨਿਰਗੁਨ ਆਪਿ ਸਰਗੁਨੁ ਭੀ ਓਹੀ॥ਕਲਾਧਾਰਿ ਜਿਨਿ ਸਗਲੀ ਮੋਹੀ॥ਸੁਖਮਨੀ

ਸਰਗੁਣ ਰੂਪ ਕਿਉਂਕਿ (ਸਪੇਸ ਐਂਡ ਟਾਈਮ) ਕਾਲ ਅਤੇ ਸਮੇਂ ਦੇ ਅਧੀਨ ਹੈ, ਇਸ ਲਈ ਨਾਸ਼ਵੰਤ ਹੈ ਅਤੇ ਨਿਰਗੁਣ ਸਰੂਪ ਸਦਾ ਥਿਰ ਰਹਿਣ ਵਾਲਾ ਹੈ।ਇਸ ਲਈ ਗੁਰੂ ਸਾਹਿਬ ਨੇ ਨਿਰਗੁਣ ਸਰੂਪ ਦਾ ਧਿਆਉਣਾ ਕੀਤਾ ਹੈ ਅਤੇ ਸਿੱਖਾਂ ਨੂੰ ਉਪਦੇਸ਼ ਦਿੱਤਾ ਹੈ, ਪਰ ਸਰਗੁਣ ਰੂਪ ਨੂੰ ਨਕਾਰਿਆ ਨਹੀਂ।ਜਦ ਗੁਰੂ ਨਾਨਕ ਸੱਚੇ ਪਾਤਸ਼ਾਹ ਆਖਦੇ ਹਨ 'ਬਲਿਹਾਰੀ ਕੁਦਰਤਿ ਵਸਿਆ' ਤਾਂ ਕੁਦਰਤ ਦੀ ਹਰ ਚੀਜ਼ ਵਿਚੋਂ ਕਾਦਰ ਦੇ ਦਰਸ਼ਨ ਕਰਕੇ ਬਲਿਹਾਰ ਹੁੰਦੇ ਹਨ ਅਤੇ ਜਦ ਆਖਦੇ ਹਨ "ਸਭੁ ਮਹਿ ਜੋਤਿ ਜੋਤਿ ਹੈ ਸੋਇ" ਇਸ ਦਾ ਭੀ ਇਹੀ ਅਰਥ ਹੈ ਕਿ ਹਰ ਚੀਜ਼ ਵਿਚ ਉਸਦੀ ਜੋਤ ਵਰਤ ਰਹੀ ਹੈ, ਅਤੇ ਇਸ ਜੋਤ ਕਰਕੇ ਹੀ ਕਹਿ ਰਹੇ ਹਨ:-

ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ॥ਪੰ:27

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥(ਸੋਹਿਲਾ)

ਅਰਥ:-ਹੇ ਪ੍ਰਮੇਸ਼ਰ ਜੀ (ਨਿਰਗੁਣ ਸਰੂਪ ਕਰਕੇ) ਤੇਰੀ ਆਪਣੀ ਕੋਈ ਅੱਖ ਨਹੀਂ ਪਰ ਹਰ ਇਕ ਅੱਖ ਵਿਚ ਤੇਰੀ ਜੋਤ ਹੋਣ ਕਰਕੇ ਤੇਰੀਆਂ ਅਨੇਕ ਅੱਖਾਂ ਹਨ।ਇਸੇ ਤਰ੍ਹਾਂ ਤੇਰਾ ਆਪਣਾ ਕੋਈ ਆਕਾਰ (ਮੂਰਤਿ ਨਹੀਂ), ਪਰ ਸਭ ਮੂਰਤਾਂ ਵਿਚ ਤੇਰੀ ਜੋਤ ਹੋਣ ਕਰਕੇ ਤੇਰੀਆਂ ਅਨੇਕ ਮੂਰਤੀਆਂ ਹਨ।

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥ਪੰ:23

ਸਭਿ ਘਟਿ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ॥ਪੰ: 591

ਇਸੇ ਤਰ੍ਹਾਂ ਦਸਮੇਸ਼ ਪਿਤਾ ਨੇ ਭੀ ਦੋਨਾਂ ਰੂਪਾਂ (ਸਰਗੁਣ ਤੇ ਨਿਰਗੁਣ) ਵਿਚ ਪ੍ਰਮੇਸ਼ਰ ਦੇ ਦਰਸ਼ਨ ਕਰਕੇ ਉਸਤਤਿ ਕੀਤੀ ਹੈ:-

ਕਤਹੂੰ ਸੁਚੇਤ ਹੁਇ ਕੈ ਚੇਤਨਾ ਕਉ ਚਾਰੁ ਕੀਓ ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ॥<br>
ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ ਕਹੂੰ ਮਹਾ ਦਾਨਿ ਹੁਇ ਕੈ ਮਾਂਗਿਓ ਧਨ ਦੇਤ ਹੋ॥<br>
ਕਹੂੰ ਮਹਾਰਾਜਨ ਕਉ ਦੀਜਤ ਅਨੰਤ ਦਾਨ ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥<br>
ਕਹੂੰ ਬੇਦਿ ਰੀਤਿ ਕਹੂੰ ਤਾ ਸਿਉ ਬਿਪਰੀਤਿ ਕਹੂੰ ਤ੍ਰਿਗੁਣ ਅਤੀਤ ਕਹੂੰ ਸਰਗੁਣ ਸਮੇਤ ਹੋ॥ਅ.ਉ.

ਇਸੇ ਲਈ ਦਸਮੇਸ਼ ਜੀ ਨੇ ਬਚਿਤ੍ਰ ਨਾਟਕ ਦੇ ਪਹਿਲੇ 18 ਛੰਦਾਂ ਤੱਕ ਨਿਰਗੁਣ ਪ੍ਰਮੇਸ਼ਰ ਦੀ ਉਸਤਤਿ ਕਰਕੇ ਅੱਗੇ ਵਿਰਾਟ ਰੂਪ ਵਿਚ (ਸਰਗੁਣ) ਦੇ ਦਰਸ਼ਨ ਕਰਕੇ ਉਸਤਤਿ ਕੀਤੀ ਹੈ।ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਐਸੇ ਪ੍ਰਮਾਣ ਮਿਲਦੇ ਹਨ:-

1.ਹਰਿ ਆਪੇ ਕਾਨੁ ਉਪਾਇਦਾ ਮੇਰੇ ਗੋਵਿੰਦਾ ਹਰਿ ਆਪੇ ਗੋਪੀ ਖੋਜੀ ਜੀਉ॥<br>
2.ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰ ਕੰਸ ਕੇਸ ਮਾਰਾਹਾ॥ਪੰ: 606<br>
3.ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲ ਜੀਉ॥

ਇਥੇ ਹੀ ਬੱਸ ਨਹੀਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਫੁਰਮਾ ਰਹੇ ਹਨ ਕਿ ਮੈਨੂੰ ਬ੍ਰਹਮਾ, ਸ਼ਿਵ ਜੀ, ਸਿੱਧੀਆਂ ਪ੍ਰਾਪਤ ਸਿੱਧਾਂ, ਮੁਨੀਆਂ ਅਤੇ ਇੰਦਰ ਵਿਚ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ:-

ਬ੍ਰਹਮੁ ਮਹੇਸੁ ਸਿਧ ਮੁਨਿ ਇਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥ਪੰ:534 ਅਤੇ-

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ਪੰ:726

**30.ਕਲਮ ਦੇ ਧਨੀ**-ਦਸਮੇਸ਼ ਪਿਤਾ ਦੀ ਬਾਣੀ ਅਤੇ ਜੀਵਨ ਦਾ ਅਧਿਐਨ ਕੀਤਿਆਂ ਪਤਾ ਲੱਗਦਾ ਹੈ, ਕਿ ਜਿਸ ਸ਼ਕਤੀਸ਼ਾਲੀ ਅੰਦਾਜ਼ ਵਿਚ ਗੁਰੂ ਸਾਹਿਬ ਦੇ ਤੀਰ ਅਤੇ ਤਲਵਾਰ ਚੱਲਦੀ ਸੀ, ਉਸੇ ਤੇਜ਼ ਤਰਾਰ ਵੇਗ

ਵਿਚ ਉਨ੍ਹਾਂ ਦੀ ਕਲਮ ਚੱਲਦੀ ਸੀ।ਅਕਾਲ ਉਸਤਤਿ ਦੇ ਹੇਠ ਲਿਖੇ ਕਬਿੱਤਾਂ ਦਾ ਨਜ਼ਾਰਾ ਦੇਖੋ।
(ਵਿਸਥਾਰ ਦੇ ਡਰੋਂ ਅਰਥ ਨਹੀਂ ਲਿਖ ਰਹੇ)

1.ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ ਗਿਦੂਆ ਬਸਾਨ ਬਾਸ ਕਰਯੋ ਈ ਕਰਤ ਹੈ॥
ਘੁਘੂ ਮਟਬਾਸੀ ਲਗੇ ਡੋਲਤ ਉਦਾਸੀ ਮ੍ਰਿਗ ਤਰਵਰ ਸਦੀਵ ਮੋਨ ਸਾਧੇ ਹੀ ਮਰਤ ਹੈ॥
ਬਿੰਦ ਕੇ ਸਿਧੈਯਾ ਤਾਹਿ ਹੀਜ ਕੀ ਬਡੈਯਾ ਦੇਤ ਬੰਦਰਾ ਸਦੀਵ ਪਾਂਇ ਨਾਂਗੇ ਹੀ ਫਿਰਤ ਹੈ॥
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥71॥

2. ਸੀਸ ਪਟਕਤ ਜਾਕੇ ਕਾਨ ਮੈ ਖੰਜੂਰਾ ਧਸੈ ਮੂੰਡ ਛਟਕਤ ਮਿਤ੍ਰ ਪੁੱਤ੍ਰ ਹੂੰ ਕੇ ਸੋਕ ਸੋਂ॥
ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ ਸਦਾ ਬਨ ਕੋ ਭ੍ਰਮਯਾ ਔਰ ਦੂਸਰੋ ਨ ਬੋਕ ਸੋਂ॥
ਕਹਾ ਭਯੋ ਭੇਡ ਜਉ ਘਸਤ ਸੀਸ ਬ੍ਰਿਛਨ ਸੋ ਮਾਟੀ ਕੇ ਭਛੱਯਾ ਬੋਲ ਪੂਛ ਲੀਜੈ ਜੋਕ ਸੋਂ॥
ਕਾਮਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਭੇਟੈ ਪ੍ਰਲੋਕ ਸੋ॥ਅਤੇ ਇਸੇ ਤਰ੍ਹਾਂ ਬਾਕੀ ਕਬਿੱਤ, ਸਵੈਯੇ ਤਲਵਾਰ ਦੀ ਧਾਰ ਵਾਂਗੂੰ ਭਰਮ ਅਤੇ ਅਗਿਆਨਤਾ ਦੇ ਪਰਖੱਚੇ ਉਡਾ ਰਹੇ ਹਨ। ਕਿੰਤੂ ਕਰਤਾ ਕਿਤੇ ਮਹਾਨਕੋਸ਼ ਨੂੰ ਹੀ ਦੇਖ ਲੈਂਦੇ ਤਾਂ ਦਸਮ ਗ੍ਰੰਥ ਸਾਹਿਬ ਦੇ ਖੰਡਨ ਦਾ ਹੀਆ ਹੀ ਨਾ ਕਰਦੇ। ਮਹਾਨਕੋਸ਼ ਦੇ ਪੰ:418 ਉਤੇ ਗੁਰਮੁਖੀ ਅਰਥਾਂ ਦੇ ਸੰਧਰਭ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਗੁਰਮੁਖੀ ਲਿਪੀ ਦਾ ਪੜਾਅ ਵਾਰ ਅੱਖਰਾਂ ਵਿਚ ਆਈ ਤਬਦੀਲੀ ਦਾ ਫੋਟੋਆਂ ਰਾਹੀਂ ਵਰਨਣ ਕੀਤਾ ਹੈ।ਇਕ ਫੋਟੋ ਵਿਚ ਦਸਮੇਸ਼ ਜੀ ਦੇ ਹਸਤ ਕਮਲਾਂ ਦੀ ਸਿਕਸ਼ਤਾ ਪੰਜਾਬੀ ਲਿਖਤ ਦੀ ਫੋਟੋ ਦਿੱਤੀ ਹੈ।ਨਾਲ ਹੀ ਲਿਖਿਆ ਹੈ, ਕਿ ਇਹ ਫੋਟੋ ਭਾਈ ਮਨੀ ਸਿੰਘ ਜੀ ਵੱਲੋਂ ਇਕੱਤਰ ਕੀਤੀ ਦਸਮ ਗ੍ਰੰਥ ਦੀ ਬੀੜ ਜੋ ਹਜ਼ੂਰ ਸਾਹਿਬ ਪਈ ਹੈ, ਦੇ ਪੰ:559 ਦੀ ਫੋਟੋ ਹੈ, ਅਤੇ ਇਹ ਕਲਕੀ ਅਵਤਾਰ ਦੇ ਅਧਿਆਇ ਵਿਚੋਂ ਲਈ ਗਈ ਹੈ।ਇਸਦੇ ਨਾਲ ਹੀ ਪਾਠਕਾਂ ਦੇ ਗਿਆਤ ਲਈ ਉਨ੍ਹਾਂ ਨੇ ਇਸਦੇ ਹੁਣ ਦੇ ਗੁਰਮੁਖੀ ਸਰੂਪ ਦੇ ਅੱਖਰਾਂ ਵਿਚ ਲਿਖ ਕੇ ਭੀ ਅਰਥ ਕੀਤੇ ਹਨ।ਪਰ ਸਾਨੂੰ ਯਕੀਨ ਹੈ ਕਿ ਕਿੰਤੂ ਕਰਨ ਵਾਲੇ ਇਸਨੂੰ ਸ਼ਿਵ ਭਗਤ ਬ੍ਰਾਹਮਣ ਲੇਖਕ ਹੀ ਕਹਿਣਗੇ, ਕਿਉਂਕਿ ਇਹ ਇੰਨ੍ਹਾਂ ਦੇ ਧੁਰ ਅੰਤਰ ਆਤਮੇ ਬਸਿਆ ਹੋਇਆ ਹੈ।

**31.ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਹੋਰ ਸਰੋਤਾਂ ਦੀ ਮਹੱਤਤਾ**-ਕੇਵਲ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਅਨੁਸਾਰ ਕਿੰਤੂ ਕਰਨ ਵਾਲੇ ਦੱਸਣ, ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਵਰਨਣ ਹੋਰ ਕਿਸ ਗ੍ਰੰਥ ਵਿਚ ਮਿਲਦਾ ਹੈ? ਦਸਮ ਗ੍ਰੰਥ ਸਾਹਿਬ ਦੇ ਵਿਰੋਧੀ, ਗੁਰੂ ਗੋਬਿੰਦ ਸਿੰਘ ਜੀ ਦੀ ਆਪਣੇ ਗੁਰ ਪਿਤਾ ਦੀ ਸ਼ਹੀਦੀ ਦੀ ਹੱਥ ਲਿਖਤ ਗਵਾਹੀ ਨੂੰ ਭੀ ਮਿਟਾਉਣ ਦੀ ਕੋਸ਼ਿਸ਼ ਵਿਚ ਹਨ।ਦਸਮ ਗ੍ਰੰਥ ਸਾਹਿਬ ਵਿਚ ਇਹ ਦਰਜ਼ ਕਿ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ਕੀਨੋ ਬਡੋ ਕਲੂ ਮਹਿ ਸਾਕਾ॥ਸਾਧਨ ਹੇਤ ਇਤੀ ਜਿਨ ਕਰੀ॥ਸੀਸੁ ਦੀਆ ਪਰ ਸੀ ਨ ਉਚਰੀ॥ਧਰਮ ਹੇਤ ਸਾਕਾ ਜਿਨ ਕੀਆ॥ਸੀਸੁ ਦੀਆ ਪਰ ਸਿਰਰੁ ਨ ਦੀਆ॥ਨਾਟਕ ਚੇਟਕ ਕੀਏ ਕੁਕਾਜਾ॥ਪ੍ਰਭ ਲੋਗਨ ਕਹ ਆਵਤ ਲਾਜਾ॥ਦੋਹਿਰਾ॥ਠੀਕਰਿ ਫੋਰਿ ਦਿਲੀਸ ਸਿਰਿ, ਪ੍ਰਭ ਪੁਰ ਕੀਆ ਪਯਾਨ॥ ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥ਹੈ ਹੈ ਹੈ ਸਭ ਜਗ ਭਯੋ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।(ਪੰਨਾ54) ਦੇ ਬਾਵਜੂਦ ਭੀ ਡਾ.ਫੌਜਾ ਸਿੰਘ ਨੇ ਇਕ ਲੇਖ ਲਿਖਿਆ ਸੀ, ਜਿਸਦਾ ਉਤਰ ਸਿਰਦਾਰ ਕਪੂਰ ਸਿੰਘ ਜੀ (ਆਈ.ਸੀ.ਐਸ.) ਨੇ ਦਿੱਤਾ ਸੀ।ਉਹ ਲੇਖ ਇਸ ਲਿਖਤ ਦੇ ਅਖੀਰ ਵਿਚ ਦੇਣ ਦੀ ਖੁੱਲ੍ਹ ਲੈ ਰਹੇ ਹਾਂ, ਜ਼ਰੂਰ ਪੜ੍ਹਨਾ।

ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਅਨੁਸਾਰ ਕਿੰਤੂ ਕਰਨ ਵਾਲੇ ਦੱਸਣ ਕਿ ਦੇਗ ਤੇਗ ਫਤਹਿ, ਬੋਲੇ ਸੋ ਨਿਹਾਲ ਦਾ ਜੈਕਾਰਾ, ਖਾਲਸੇ ਦਾ ਕੇਸਰੀ ਨਿਸ਼ਾਨ ਸਾਹਿਬ, ਨਿਸ਼ਾਨ ਸਾਹਿਬ ਉਪਰ ਖੰਡਾ ਕ੍ਰਿਪਾਨ ਦਾ ਸਿਗਨੀਆ, ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣਾ, ਖੰਡੇ ਕੀ ਪਾਹੁਲ, ਕਛਿਹਰਾ, ਕੜਾ, ਕੰਘਾ, ਕ੍ਰਿਪਾਨ ਦੇ ਧਾਰਨ ਕਰਨ ਵਾਸਤੇ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ, ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਚਾਨਣੀ ਲਾਉਣ, ਪੰਘੂੜੇ ਤੇ ਬਿਰਾਜਮਾਨ ਕਰਨ, ਗਦੈਲੇ ਲਾਉਣ ਤੇ ਰੁਮਾਲੇ ਪਾਉਣ ਲਈ ਕਿਥੇ ਦਰਜ਼ ਕੀਤਾ ਹੋਇਆ ਹੈ?ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਛਾਪੀ ਗਈ ਪੰਥ-ਪ੍ਰਵਾਣਤ 'ਰਹਿਤ ਮਰਿਯਾਦਾ' ਅਨੁਸਾਰ ਆਪਣੇ ਸੰਸਕਾਰ, ਪੰਥ ਦੀ ਚੜ੍ਹਦੀ ਕਲਾ ਲਈ ਗੁਰ ਮਰਯਾਦਾ ਅਨੁਸਾਰ ਮਤੇ ਕਰਨ ਦੀ ਵਿਧੀ ਬਾਰੇ ਜੋ ਲਿਖਿਆ ਹੈ, ਜਿਸਦੇ ਸਰੋਤ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਹਨ।ਜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰਲੇ ਸਰੋਤਾਂ ਨੂੰ ਤਿਆਗ ਕੇ ਇਹ ਸਭ ਕੁੱਝ ਛੱਡ ਦਿਉਗੇ, ਤਾਂ ਸਾਡੇ ਪੱਲੇ ਕੀ ਰਹਿ ਜਾਵੇਗਾ?

**32.ਸਮੁੱਚੇ ਦਸਮ ਗ੍ਰੰਥ ਸਾਹਿਬ ਨੂੰ ਦਸਮੇਸ਼ ਕ੍ਰਿਤ ਮੰਨਣਾ ਵਿਦਵਾਨਤਾ-**
ਕਿਉਂਕਿ ਇਹ ਭਾਸ਼ਾ, ਉਦੇਸ਼, ਵੰਨਗੀਆਂ, ਇਤਿਹਾਸ ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਇਹ ਇਕ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਤਿ ਉਤਮ ਕਲਾ ਦਾ ਨਮੂੰਨਾ ਹੈ।ਭਾਰਤੀ ਸਾਹਿਤ ਵਿਚ ਇਸਦੇ ਮੁਕਾਬਲੇ ਕੋਈ ਹੋਰ ਦਾਰਸ਼ਨਿਕ ਗ੍ਰੰਥ ਨਹੀਂ ਹੈ।

**33.ਸਮੁੱਚੇ ਦਸਮ ਗ੍ਰੰਥ ਸਾਹਿਬ ਦੀਆਂ ਕੁੱਝ ਰਚਨਾਵਾਂ ਨੂੰ ਦਸਮੇਸ਼ ਕ੍ਰਿਤ ਮੰਨਣਾ ਅਗਿਆਨਤਾ-**
ਜਿੰਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰਾਂ ਭਾਈ ਗੁਰਦਾਸ ਜੀ, ਦਸਮ ਗ੍ਰੰਥ ਸਾਹਿਬ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਅਤੇ ਸਿੱਖ ਇਤਿਹਾਸ ਨੂੰ ਧਿਆਨ ਨਾਲ ਨਹੀਂ ਪੜ੍ਹਿਆ, ਉਨ੍ਹਾਂ ਨੂੰ ਇਹ ਭੁਲੇਖਾ ਪੈਂਦਾ ਹੈ।

**34.ਸਮੁੱਚੇ ਦਸਮ ਗ੍ਰੰਥ ਸਾਹਿਬ ਨੂੰ ਹੀ ਦਸਮੇਸ਼ ਕ੍ਰਿਤ ਨਾਂ ਮੰਨਣਾ ਮੂਰਖਤਾ-**
ਮੈਂ ਨ ਮਾਨੂੰ ਵਾਲਿਆਂ ਨੂੰ ਨਾਂ ਜਾਣਕਾਰੀ ਹੈ, ਨਾਂ ਲੈਣੀ ਚਾਹੁੰਦੇ ਹਨ।ਇਸਦੀ ਮਿਸਾਲ ਇਹ ਹੈ ਕਿ ਦਸਮ ਗ੍ਰੰਥ ਸਾਹਿਬ ਜੀ ਦੀਆਂ ਸਭ ਰਚਨਾਵਾਂ ਦੀਆਂ ਕੜੀਆਂ ਆਪਸ ਵਿਚ ਇਸ ਤਰ੍ਹਾਂ ਮਿਲਦੀਆਂ ਜੁਲਦੀਆਂ ਹਨ ਕਿ ਕੋਈ ਇਸ ਗੱਲ ਤੋਂ ਇਨਕਾਰੀ ਹੋ ਹੀ ਨਹੀਂ ਸਕਦਾ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਨਹੀਂ ਹੈ, ਯਾ ਇਸਦੇ ਲਿਖਾਰੀ ਇਕ ਤੋਂ ਜ਼ਿਆਦਾ ਹਨ।

**35.ਸੁਤੰਤ੍ਰ ਅਨੁਵਾਦ**-ਦਸਮ ਗ੍ਰੰਥ ਸਾਹਿਬ ਵਿਚ ਕੀਤੇ ਅਨੁਵਾਦ ਭਾਵੇਂ ਉਹ ਰਮਾਇਣ ਹੈ ਜਾਂ ਮਹਾਂਭਾਰਤ ਹੈ ਜਾਂ ਦੇਵੀ ਸਤੋਤ੍ਰ ਹੈ, ਉਹ ਹੂ-ਬਹੂ ਨਕਲ ਨਹੀਂ ਹੈ।ਉਨ੍ਹਾਂ ਵਿਚ ਵਾਧ ਘਾਟ ਕਰਕੇ ਦਸਮੇਸ਼ ਜੀ ਨੇ ਆਪਣਾ ਆਦੇਸ਼, ਨਜ਼ਰੀਆ, ਮਨੋਰਥ, ਆਸ਼ਾ, ਉਦੇਸ਼ ਤੇ ਮਾਰਸ਼ਲ ਸਪਿਰਟ ਭਰਨ ਲਈ ਆਮ ਲੋਕਾਈ ਸਾਹਮਣੇ ਪੇਸ਼ ਕਰਕੇ 'ਚਿੜੀਆਂ ਤੋਂ ਬਾਜ਼ ਤੁੜਾਉਣ' ਵਾਲੀ ਨੀਤੀ ਵਰਤੀ ਹੈ।ਆਮ ਲੋਕਾਂ ਨੂੰ 'ਈਸ਼ਵਰੋ ਵਾ ਦਿਲੀਸ਼ਵਰੋ' ਦੀ ਧਾਰਨਾ ਦੇ ਉਲਟ ਜ਼ੁਲਮੀ ਰਾਜ ਪ੍ਰਬੰਧ ਦੇ ਖਿਲਾਫ ਲਾਮ ਬੰਦ ਕਰ ਦੇਣ ਦੀ ਕਲਾ ਵਰਤਾਈ ਹੈ।ਆਮ ਲੋਕ ਮਨਾਂ ਵਿਚ ਵਸੀਆਂ ਉਹ ਧਾਰਨਾਵਾਂ ਜੋ ਵਰਣਵੰਡ, ਅਵਤਾਰਵਾਰ, ਬਹੁਦੇਵਵਾਦ, ਮੂਰਤੀ ਪੂਜਾ ਆਦਿ ਨੂੰ ਸ਼ਹਿ ਦਿੰਦੀਆਂ ਅਤੇ ਪ੍ਰਚੱਲਤ ਸਨ, ਨੂੰ ਕਿਤੇ ਉਤਸ਼ਾਹਤ ਨਹੀਂ ਕੀਤਾ, ਸਗੋਂ ਉਨ੍ਹਾਂ ਦਾ ਕਰੜੀ ਵਿਅੰਗਾਤਮਕ ਸ਼ਬਦਾਵਲੀ ਵਿਚ ਖੰਡਨ ਕੀਤਾ ਹੈ।ਮਿਸਾਲ ਦੇ ਤੌਰ ਤੇ ਰਾਮਾਵਤਾਰ ਵਿਚ ਸੀਤਾ ਦੀ 'ਅਗਨਿਪ੍ਰੀਛਾ' ਦੀ ਗੱਲ ਤਾਂ ਹੈ, ਪਰ ਆਮ ਧਾਰਨਾ ਦੇ ਉਲਟ ਇਹ ਨਾਂ ਤਾਂ ਅਯੁੱਧਿਆ ਵਿਚ ਤੇ ਨਾਂ ਹੀ ਕਿਸੇ ਅਖੌਤੀ ਸ਼ੂਦਰ ਦੇ ਰਾਮ ਨੂੰ ਤਾਹਨਾ ਮਾਰਨ ਕਰਕੇ ਹੋਇਆ ਸਾਕਾ ਹੈ।ਇਹ 'ਹੂ-ਬਹੂ ਅਨੁਵਾਦ' ਦੇ ਉਲਟ 'ਸੁਤੰਤ੍ਰ ਅਨੁਵਾਦ' ਦੀ ਇਕ ਮਿਸਾਲ ਹੈ।

ਅਕਾਲ ਉਸਤਤ ਵਿਚ ਆਏ 'ਦੇਵੀ ਸਤੋਤ੍ਰ' ਦੇ ਸੁਤੰਤ੍ਰ ਅਨੁਵਾਦ ਬਾਰੇ ਇਤਿਹਾਸ ਇਸ ਤਰ੍ਹਾਂ ਹੈ ਕਿ-
"ਜਿਸ ਸਮੇਂ ਸਤਿਗੁਰੂ ਜੀ ਇਹ ਬਾਣੀ ਉਚਾਰ ਰਹੇ ਸਨ ਤੇ ਕੋਲ ਬੈਠੇ ਲਿਖਾਰੀ ਲਿਖ ਰਹੇ ਸਨ, ਉਸ ਸਮੇਂ ਪੰਡਤ ਕੇਸ਼ਵ ਦਾਸ ਦੇ ਸੱਦੇ ਤੇ ਕਾਸ਼ੀ ਨਿਵਾਸੀ ਪੰਡਤ ਕਾਸ਼ੀ ਰਾਮ ਸਤਿਗੁਰੂ ਜੀ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ।ਜਦੋਂ ਇਹ ਪੰਡਤ ਅਨੰਦਪੁਰ ਦੇ ਨੇੜੇ ਪਹੁੰਚਿਆ ਸੀ ਤਾਂ ਇਸ ਨੇ ਹਰ ਪਾਸੇ ਸਤਿਗੁਰੂ ਜੀ ਦੀ ਮਹਿਮਾ ਸੁਣੀ ਕਿ ਆਪ ਪੂਰਨ ਕਲਾਧਾਰੀ ਈਸ਼ਵਰ ਦੇ ਅਵਤਾਰ ਹਨ।ਪੰਡਤ ਨੇ ਹਰ ਪਾਸਿਓਂ ਸਤਿਗੁਰੂ ਜੀ ਦੀ ਵਡਿਆਈ ਸੁਣ ਕੇ ਆਪਣੇ ਮਨ ਵਿਚ ਇਹ ਸੰਕਲਪ ਧਾਰਿਆ ਕਿ ਜਿਹੜਾ 'ਦੁਰਗਾ ਸਤੋਤ੍ਰ' ਮੈਨੂੰ ਜ਼ੁਬਾਨੀ ਯਾਦ ਹੈ, ਜੇ ਸਤਿਗੁਰੂ ਜੀ ਉਸਦਾ ਅਨੁਵਾਦ ਆਪਣੀ ਭਾਸ਼ਾ ਵਿਚ ਕਰਕੇ ਮੈਨੂੰ ਸੁਨਾਉਣ ਤੇ ਦੂਜਾ ਮੈਨੂੰ ਕਾਬਲ ਦੇ ਮੇਵੇ ਖਾਣ ਲਈ ਦੇਣ, ਤਾਂ ਹੀ ਮੈਂ ਉਨ੍ਹਾਂ ਨੂੰ ਕਲਾਧਾਰੀ ਈਸ਼ਵਰ ਦਾ ਅਵਤਾਰ ਮੰਨਾਂਗਾ।

ਜਿਸ ਵੇਲੇ ਇਹ ਸੰਕਲਪ ਧਾਰਕੇ ਪੰਡਤ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ, ਤਾਂ ਸਤਿਗੁਰੂ ਜੀ ਨੇ ਕਾਬਲ ਦੀ ਆਈ ਸੰਗਤ ਵੱਲੋਂ ਭੇਟ ਕੀਤੇ ਕਾਬਲ ਦੇ ਮੇਵੇ ਪੰਡਤ ਕਾਸ਼ੀ ਰਾਮ ਨੂੰ ਖਾਣ ਲਈ ਦਿੱਤੇ।ਜਦੋਂ ਪੰਡਤ ਮੇਵੇ ਖਾਕੇ ਪ੍ਰਸੰਨ ਹੋ ਗਿਆ ਤਾਂ ਫਿਰ ਸਤਿਗੁਰੂ ਜੀ ਨੇ ਪੰਡਤ ਦਾ ਕੰਠ ਕੀਤਾ 'ਦੇਵੀ ਸਤੋਤ੍ਰ' ਆਪਣੀ ਕਵਿਤਾ ਵਿਚ ਅਨੁਵਾਦ ਕਰਕੇ ਉਸ ਨੂੰ ਸੁਣਾਇਆ।

ਇਹ ਦੋਵੇਂ ਸੰਕਲਪ ਪੂਰੇ ਹੋਣ ਤੇ ਪੰਡਤ ਪੂਰਨ ਤੌਰ ਤੇ ਸਤਿਗੁਰੂ ਜੀ ਦਾ ਸ਼ਰਧਾਲੂ ਤੇ ਪ੍ਰੇਮੀ ਸਿੱਖ ਬਣ ਗਿਆ। ਪੰਡਤ ਜਿਸ ਨੂੰ ਦੇਵੀ ਉਸਤਤ ਸਮਝਦਾ ਸੀ, ਗੁਰੂ ਜੀ ਤੋਂ ਉਸਦਾ ਅਨੁਵਾਦ ਸੁਣਕੇ ਪੰਡਤ ਜੀ ਦੇ ਕਪਾਟ ਖੁੱਲ੍ਹ ਗਏ ਕਿ ਦੇਵੀ ਆਪਣੇ ਆਪ ਵਿਚ ਕੋਈ ਸ਼ਕਤੀ ਨਹੀਂ, ਅਸਲੀ ਸ਼ਕਤੀ ਤਾਂ ਪ੍ਰਮਾਤਮਾਂ ਆਪ ਹੈ।ਫਿਰ ਉਹੀ ਉਸਤਤ ਦੇਵੀ ਦੀ ਨਾਂ ਰਹਿ ਕੇ ਅਕਾਲ ਪੁਰਖ ਦੀ ਉਸਤਤ ਹੋ ਗਈ।ਇਸ ਲਈ ਉਸਨੇ ਬਾਕੀ ਜ਼ਿੰਦਗੀ ਸਤਿਗੁਰਾਂ ਦੇ ਚਰਨਾਂ ਵਿਚ ਰਹਿ ਕੇ ਅਨੰਦਪੁਰ ਵਿਚ ਹੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ

ਬਤੀਤ ਕੀਤੀ।
ਇਹ ਵੀਹ ਤ੍ਰਿਭੰਗੀ ਛੰਦ ਉਹੋ 'ਦੇਵੀ ਸਤੋਤ੍ਰ' ਹੈ, ਜੋ ਸਤਿਗੁਰੂ ਜੀ ਨੇ ਪੰਡਤ ਦੀ ਨਿਸ਼ਾ ਕਰਨ ਲਈ ਉਚਾਰਕੇ ਉਸਨੂੰ ਸੁਣਾਇਆ ਸੀ। 'ਅਕਾਲ ਉਸਤਤ' ਬਾਣੀ ਲਿਖ ਰਹੇ ਲਿਖਾਰੀ ਨੇ ਇਹ ਛੰਦ ਵੀ 'ਅਕਾਲ ਉਸਤਤ' ਦੇ ਨਾਲ ਹੀ ਲਿਖ ਦਿੱਤੇ ਤੇ ਇੰਨ੍ਹਾਂ ਛੰਦਾਂ ਦੇ ਨੰਬਰ ਵੀ ਬਾਕੀ ਬਾਣੀ ਦੇ ਨਾਲ ਹੀ ਚੱਲਦੇ ਰੱਖੇ।ਇਸ ਤਰ੍ਹਾਂ ਇਹ ਛੰਦ 'ਅਕਾਲ ਉਸਤਤ' ਬਾਣੀ ਵਿਚ ਦਰਜ਼ ਹੋਏ ਮਿਲਦੇ ਹਨ।
ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਜੋਤ ਤੇ ਸ਼ਕਤੀ ਭਗਵਤੀ ਦੇਵੀ ਵਿਚ ਵਰਤਦੀ ਵੇਖ ਕੇ ਉਸ ਅਕਾਲੀ ਸ਼ਕਤੀ ਦੀ ਹੀ ਉਸਤਤ ਉਚਾਰਨ ਕੀਤੀ ਹੈ, ਤਾਂ ਕਿ ਲੋਕਾਂ ਨੂੰ ਇਹ ਗਿਆਨ ਹੋ ਸਕੇ ਕਿ ਸਾਰਾ ਪ੍ਰਤਾਪ ਅਕਾਲੀ ਸ਼ਕਤੀ ਦਾ ਹੀ ਹੈ।ਕੋਈ ਵੀ ਦੇਵੀ ਦੇਵਤਾ ਅਵਤਾਰ ਆਪਣੇ ਆਪ ਵਿਚ ਕੁੱਝ ਭੀ ਨਹੀਂ।ਦੇਵੀ ਦੇਵਤਿਆਂ ਬਾਰੇ ਇਹ ਖਿਆਲ ਕਿ ਭੀੜ ਸਮੇਂ ਦੇਵੀ ਦੇਵਤੇ ਸਹਾਇਕ ਹੁੰਦੇ ਹਨ, ਆਮ ਲੋਕਾਈ ਵਿਚ ਪ੍ਰਚੱਲਤ ਸਨ।ਇੰਨ੍ਹਾਂ ਦਾ ਖੰਡਨ ਕਰਕੇ ਗੁਰੂ ਜੀ ਨੇ ਇਹ ਸਾਹਸ ਆਮ ਲੋਕਾਂ ਵਿਚ ਪੈਦਾ ਕੀਤਾ ਹੈ, ਕਿ ਤੁਸੀਂ ਭੀ ਪ੍ਰਮਾਤਮਾਂ ਨਾਲ ਸਿੱਧਾ ਸਬੰਧ ਜੋੜ ਕੇ ਦੇਵੀ ਦੇਵਤਿਆਂ ਵਰਗੇ ਤਾਂ ਕੀ, ਸਗੋਂ ਪ੍ਰਮਾਤਮਾਂ ਦਾ ਹੀ ਰੂਪ ਹੋ ਸਕਦੇ ਹੋ।ਜਿਸ ਨਾਲ ਤੁਸੀਂ ਆਪਣੀ ਅਤੇ ਦੇਸ਼, ਕੌਮ ਤੇ ਧਰਮ ਦੀ ਰੱਖਿਆ ਕਰਨ ਦੇ ਸਮਰੱਥ ਹੋ ਸਕਦੇ ਹੋ, ਜਿਸਦਾ ਪ੍ਰਤੱਖ ਸਬੂਤ ਖਾਲਸਾ ਪੰਥ ਹੈ"।
ਕ੍ਰਿਸ਼ਨਾਵਤਾਰ ਵਿਚ 'ਅਥ ਜੁੱਧ ਪ੍ਰਬੰਧ ਲਿਖਯਤੇ' ਦਸਮੇਸ਼ ਜੀ ਦੀ ਮੌਲਿਕ ਰਚਨਾ ਹੈ, ਜੋ 'ਸ਼ਬਦਾਰਥ ਦਸਮ ਗ੍ਰੰਥ ਸਾਹਿਬ' ਦੀ ਪੋਥੀ ਦੂਜੀ ਦੇ ਪੰ:507 ਤੋਂ ਲੈਕੇ ਪੰ:571 ਤੱਕ ਅਤੇ 'ਸੈਂਚੀ ਪਹਿਲੀ ਦਸਮ ਗ੍ਰੰਥ ਸਾਹਿਬ' ਦੇ ਪੰ:392 ਤੋਂ ਪੰ:474 ਤੱਕ ਲਿਖਿਆ ਹੋਇਆ ਹੈ, ਪਰ ਇਹ ਭਾਗਵਤ ਦੇ 'ਦਸਮ ਸਕੰਧ' ਵਿਚ ਕਿਧਰੇ ਨਹੀਂ ਮਿਲਦਾ।ਇਸ ਵਿਚ ਨੇਕੀ ਤੇ ਬਦੀ ਦੇ ਯੋਧਿਆਂ ਦੇ ਉਹ ਨਾਮ ਵਰਤੇ ਹੋਏ ਮਿਲਦੇ ਹਨ, ਜੋ ਉਸ ਸਮੇਂ ਸਨ ਹੀ ਨਹੀਂ।ਸਿੰਘ ਨਾਮ ਤੇ ਮੁਸਲਿਮ ਨਾਵਾਂ ਦੀ ਸੂਚੀ ਵਿਚੋਂ ਕੁੱਝ ਨਾਮ ਲਿਖ ਰਹੇ ਹਾਂ, ਜੋ ਨੇਕੀ ਤੇ ਬਦੀ ਪ੍ਰਤੀਕ ਦੋਹਾਂ ਧਿਰਾਂ ਦੇ ਯੋਧੇ ਸਨ--ਨਰ ਸਿੰਘ, ਗਜ ਸਿੰਘ, ਧਨ ਸਿੰਘ, ਹਰੀ ਸਿੰਘ, ਰਨ ਸਿੰਘ, ਅਣਗ ਸਿੰਘ, ਅਚਲ ਸਿੰਘ, ਅਮਿਤ ਸਿੰਘ, ਅਮਰ ਸਿੰਘ, ਅਨਘ ਸਿੰਘ, ਅਡਰ ਸਿੰਘ, ਅਜਬ ਸਿੰਘ, ਅਘਟ ਸਿੰਘ, ਬੀਰ ਸਿੰਘ, ਅਟਲ ਸਿੰਘ, ਅਰਜਨ ਸਿੰਘ, ਅਮਿੱਟ ਸਿੰਘ, ਧੂਮ ਸਿੰਘ, ਧੁਜ ਸਿੰਘ, ਮਨਿ ਸਿੰਘ, ਧਉਲ ਸਿੰਘ, ਧਰਾਧਰ ਸਿੰਘ, ਸਾਹਿਬ ਸਿੰਘ, ਸਦਾ ਸਿੰਘ, ਸੁੰਦਰ ਸਿੰਘ, ਸਾਜਨ ਸਿੰਘ, ਸਕਤਿ ਸਿੰਘ, ਸੈਨ ਸਿੰਘ, ਸਫਲ ਸਿੰਘ, ਅਰਿ ਸਿੰਘ, ਸਵਛ ਸਿੰਘ, ਸਮਰ ਸਿੰਘ, ਆਹਵ ਸਿੰਘ, ਸੰਘਰ ਸਿੰਘ, ਅਨੁਰੁੱਧ ਸਿੰਘ, ਬੀਰਭਦ੍ਰ ਸਿੰਘ, ਬਾਸੁਦੇਵ ਸਿੰਘ, ਅਸਮ ਸਿੰਘ, ਜਸ ਸਿੰਘ, ਇੰਦ੍ਰ ਸਿੰਘ, ਅਭੈ ਸਿੰਘ, ਇੱਛ ਸਿੰਘ, ਸੁਭੱਟ ਸਿੰਘ, ਉਤਰ ਸਿੰਘ, ਉਜਲ ਸਿੰਘ, ਉਦਮ ਸਿੰਘ, ਸੰਕਰ ਸਿੰਘ, ਅਨੂਪ ਸਿੰਘ, ਅਨੂਪਮ ਸਿੰਘ, ਅਪੂਰਬ ਸਿੰਘ, ਕੰਚਨ ਸਿੰਘ, ਕੋਪ ਸਿੰਘ, ਕੋਟਿ ਸਿੰਘ, ਮੋਹ ਸਿੰਘ, ਕਟਕ ਸਿੰਘ, ਕ੍ਰਿਸ਼ਨ ਸਿੰਘ, ਕੋਮਲ ਸਿੰਘ, ਕਨਕਾਚਲ ਸਿੰਘ, ਈਸਰ ਸਿੰਘ, ਕਰਮ ਸਿੰਘ, ਜਯ ਸਿੰਘ, ਜਾਲਪ ਸਿੰਘ, ਗਜਾ ਸਿੰਘ, ਜਗਤ ਸਿੰਘ, ਕਠਨਿ ਸਿੰਘ, ਬਰ ਸਿੰਘ, ਗਵਨ ਸਿੰਘ, ਧਰਮ ਸਿੰਘ, ਭਵ ਸਿੰਘ, ਸਾਰਿ ਸਿੰਘ, ਸੂਰਤ ਸਿੰਘ, ਸਪੂਰਨ ਸਿੰਘ, ਬਰ ਸਿੰਘ, ਮਤਿ ਸਿੰਘ, ਸ੍ਰੀਮਤਿ ਸਿੰਘ, ਕਰਨ ਸਿੰਘ, ਅਰਨ ਸਿੰਘ, ਬਰਨ ਸਿੰਘ, ਚਪਲ ਸਿੰਘ, ਚਤਰ ਸਿੰਘ, ਚੰਚਲ ਸਿੰਘ, ਚਿਤ੍ਰ ਸਿੰਘ, ਚਉਪ ਸਿੰਘ, ਛਤ੍ਰ ਸਿੰਘ, ਮਾਨ ਸਿੰਘ, ਸਤ੍ਰ ਸਿੰਘ, ਛਕਤ ਸਿੰਘ, ਛੋਹ ਸਿੰਘ, ਗਉਰ ਸਿੰਘ, ਬਾਲਮ ਸਿੰਘ, ਮਹਾਮਤਿ ਸਿੰਘ, ਜਗਜਿੱਤ ਸਿੰਘ, ਧਨੇਸ ਸਿੰਘ, ਜੋਬਨ ਸਿੰਘ, ਜੀਵਨ ਸਿੰਘ, ਜਗ ਸਿੰਘ, ਸਦਾ ਸਿੰਘ, ਜਸ ਸਿੰਘ, ਬੀਰਮ ਸਿੰਘ, ਮੋਹਨ ਸਿੰਘ, ਝੜਾਝੜ ਸਿੰਘ, ਜੂਝਨ ਸਿੰਘ, ਤੇਜਸ ਸਿੰਘ, ਉਤਮ ਸਿੰਘ, ਪ੍ਰਲੈ ਸਿੰਘ, ਪਰਮ ਸਿੰਘ, ਫਤਹਿ ਸਿੰਘ, ਫਉਜ ਸਿੰਘ, ਅਤਿਪਵਿੱਤਰ ਸਿੰਘ, ਭੀਮ ਸਿੰਘ, ਬਿਕਟਿ ਸਿੰਘ, ਰੁਦ੍ਰ ਸਿੰਘ, ਹਿੰਮਤ ਸਿੰਘ, ਮਹੋਤਕਟ ਸਿੰਘ ਤੇ ਅੰਤ ਵਿਚ **ਖੜਗ ਸਿੰਘ** ਅਤੇ ਮੁਸਲਮ ਨਾਂਵ ਅਜਾਇਬਖਾਂ, ਗੈਰਤਖਾਂ, ਸੈਦਖਾਂ, ਸ਼ੇਖ ਸਾਦਿਕ, ਸ਼ੇਖ ਫਰੀਦ, ਸੈਦ ਨਾਹਰਿ, ਸੈਦ ਮੀਰ, ਨਾਹਰਿਖਾਂ, ਝੜਾਝੜਖਾਂ, ਬਹਾਦਰਖਾਂ, ਨਿਹੰਗਖਾਂ, ਜ਼ਾਹਿਦਖਾਂ, ਹਯੱਬਰਖਾਂ, ਵਾਹਿਦਖਾਂ, ਤਾਹਿਰਖਾਂ, ਦਿਲਾਵਰਖਾਂ, ਦਲੇਲ ਖਾਂ, ਫਰਜ਼ੁਲਹਿਖਾਂ, ਨਿਜਾਬਤਖਾਂ, ਹਿੰਮਤਖਾਂ, ਜ਼ਾਫਰਖਾਂ ਆਦਿਕ ਵਰਨਣ ਕੀਤੇ ਹਨ।ਯਾਦ ਰਹੇ 'ਕ੍ਰਿਸ਼ਨ ਯੁੱਧ' ਵਿਚ ਜਰਾ ਸੰਧਿ ਅਤੇ ਕਾਲਜਮੁਨ ਆਦਿ ਦਾ ਜ਼ਿਕਰ ਦਸਮ ਸਕੰਧ ਵਿਚ ਹੈ ਤੇ ਇਹ ਖਿਆਲ ਰਹੇ ਕਿ ਲੜਨ ਵਾਲੀਆਂ ਦੋਵੇਂ ਧਿਰਾਂ ਜਾਦਵ ਵੰਸੀ ਹੀ ਸਨ।ਸੁਨਣ ਵਿਚ ਆਉਂਦਾ ਹੈ ਕਿ 'ਅਕਲ ਦੇ ਲੋਦੇ ਨਹੀਂ ਲੱਗਦੇ' ਪਰ ਦਸਮੇਸ਼ ਬਾਣੀ ਪੜ੍ਹ ਕੇ—
ਮੂਕ ਊਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜ੍ਹਿ ਜਾਇ॥ ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ॥ ਇਸ ਤਰ੍ਹਾਂ ਗਿਆਨਮਈ ਬੀਰ-ਰਸ ਰੋਮ ਰੋਮ ਵਿਚ ਸਮਾ ਕੇ ਕੁਲਾਂ ਤਾਰਨ ਦਾ ਵਸੀਲਾ ਬਣ ਜਾਂਦਾ ਹੈ।ਇਹ

'ਜੁੱਧ ਪ੍ਰਬੰਧ' ਦਸਮੇਸ਼ ਜੀ ਨੇ ਕਿਉਂ ਲਿਖਿਆ—
ਦੋਹਰਾ॥ਕ੍ਰਿਸਨ ਜੁੱਧ ਜੋ ਹਉਂ ਕਹਿਯੋ ਅਤਿ ਹੀ ਸੰਗਿ ਸਨੇਹ॥ਜਿਹ ਲਾਲਚ ਇਹ ਮੈਂ ਰਚਿਯੋ ਮੋਹਿ ਵਹੈ ਬਰੁ ਦੇਹਿ॥ਅਤੇ ਗੁਰੂ ਜੀ ਨੇ ਵਰ ਕੀ ਮੰਗਿਆ ਹੈ--
ਸਵੈਯਾ॥ਹੇ ਰਵਿ ਹੇ ਸਸਿ ਹੇ ਕਰੁਨਾ ਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ॥ਔਰ ਨ ਮਾਂਗਤ ਹਉਂ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥ਸਸਤ੍ਰਨ ਸੋਂ ਅਤਿ ਹੀ ਰਨ ਭੀਤਰ ਜੂਝਿ ਮਰੋਂ ਕਹਿ ਸਾਚ ਪਤੀਜੈ॥ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਸਯਾਮ ਇਹੈ ਵਰੁ ਦੀਜੈ॥ਕ੍ਰਿ.ਅ ਅਤੇ--
ਜਉ ਕਿਛੁ ਇੱਛ ਕਰੋਂ ਧਨ ਕੀ ਤਉ ਚਲਯੋ ਧਨੁ ਦੇਸਨ ਦੇਸ ਤੇ ਆਵੈ॥ਅਉ ਸਭ ਰਿੱਧਨ ਸਿੱਧਨ ਪੈ ਹਮਰੋ ਨਹੀਂ ਨੈਕੁ ਹੀਯੋ ਲਲਚਾਵੈ॥ਅਉਰ ਸੁਨੋ ਕਛੁ ਜੋਗ ਬਿਖੈ ਕਹਿ ਕਉਨ ਇਤੋ ਤਪੁ ਕੈ ਤਨੁ ਤਾਵੈ॥ਜੂਝਿ ਮਰੋਂ ਰਨ ਮੈਂ ਤਜਿ ਭੈ ਤੁਮ ਤੇ ਪ੍ਰਭ ਸਯਾਮ ਇਹੈ ਵਰੁ ਪਾਵੈ॥ਰਿੱਧੀਆਂ ਸਿੱਧੀਆਂ ਤੇ ਜੋਗ ਨੂੰ ਮੁੱਢੋਂ ਨਕਾਰ ਕੇ ਰਣ ਵਿਚ ਨਿੱਡਰ ਹੋਕੇ ਮਰਨ ਦਾ ਵਰ ਕੀ ਕੋਈ ਸ਼ਿਵ ਭਗਤ ਮੰਗ ਸਕਦਾ ਹੈ?
ਭਗਵਤ ਪੁਰਾਣ ਦੇ 'ਦਸਮ ਸਕੰਧ' ਦਾ ਸੁਤੰਤਰ ਅਨੁਵਾਦ ਕਰਨ ਦਾ ਕਾਰਨ ਭੀ ਦੇਖੋ-
ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥ਅਵਰ ਬਾਸਨਾ ਨਾਂਹਿ ਪ੍ਰਭ ਧਰਮ-ਯੁੱਧ ਕੇ ਚਾਇ॥ਕ੍ਰਿ.ਅ
ਇਕ ਨੁਕਤਾ ਇਹ ਵੀ ਹੈ ਕਿ ਜ਼ਫਰਨਾਮਾ ਵਿਚ ਇਕ ਮਿਲਦਾ ਜੁਲਦਾ ਸ਼ੇਅਰ ਸ਼ੇਖ ਸਾਅਦੀ ਦਾ ਹੈ-
ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥ਭਾਵ ਜਦੋਂ ਦਲੀਲ ਦੀ, ਅਪੀਲ ਦੀ, ਵਕੀਲ ਦੀ ਸੁਣਵਾਈ ਨਾਂ ਹੋਵੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ, ਤੇ ਫਿਰਦੌਸੀ ਕਹਾਵਤ-
ਚਿਹ ਖੁਸ਼ ਗੁਫਤ ਫਿਰਦੌਸੀਏ ਖੁਸ਼ ਜ਼ੁਬਾਂ॥ਸ਼ਿਤਾਬੀ ਬਵਦ ਕਾਰਿ ਆਹਰਮਨਾਂ॥ਭਾਵ ਕਿ ਬਿਨਾਂ ਵਿਚਾਰੇ ਕਾਹਲੀ ਕਰਨਾਂ ਸ਼ੈਤਾਨਾਂ ਦਾ ਕੰਮ ਹੈ।ਤਾਂ ਕੀ ਇਹ ਮੰਨਿਆਂ ਜਾ ਸਕਦਾ ਹੈ?, ਕਿ ਸਾਰਾ ਜ਼ਫਰਨਾਮਾ ਹੀ ਸ਼ੇਖ ਸਾਅਦੀ ਜਾਂ ਫਿਰਦੌਸੀ ਕ੍ਰਿਤ ਦਾ ਅਨੁਵਾਦ ਹੈ?
ਜੇ ਨਰ ਸਯਾਮ ਜੂ ਕੇ ਪਰਸੇ ਪਗ ਤੇ ਨਰ ਫੇਰਿ ਨ ਦੇਹ ਧਰੈਂਗੇ॥ਕੀ 'ਸਯਾਮ' ਲਫਜ਼ ਦੀ ਦੁਹਾਈ ਪਾਉਣ ਵਾਲੇ ਇਥੇ ਇਸਨੂੰ ਦਸਮੇਸ਼ ਜੀ ਦੇ ਨਾਮ ਨਾਲ ਜੋੜ ਸਕਦੇ ਹਨ? ਹਰਗਿਜ਼ ਨਹੀਂ।ਕਿਉਂਕਿ ਗੁਰੂ ਜੀ ਦਾ ਕਹਿਣਾ ਹੈ-
ਜੇ ਹਮ ਕੋ ਪਰਮੇਸੁਰ ਉਚਰਿ ਹੈ॥ਤੇ ਸਭ ਨਰਕ ਕੁੰਡ ਮਹਿ ਪਰਿ ਹੈ॥ਬ.ਨਾ. ਇਥੇ 'ਸਯਾਮ' ਨਾਂ ਤਾਂ 'ਦਸਮੇਸ਼ ਜੀ' ਲਈ ਤੇ ਨਾਂ ਹੀ 'ਕ੍ਰਿਸ਼ਨ' ਲਈ ਆਇਆ ਹੈ, ਸਗੋਂ ਇਹ ਤ੍ਰੈਕਾਲ ਸੱਤਿ, ਸਰਬ ਸ਼ਕਤੀਮਾਨ, ਅਕਾਲਪੁਰਖ ਪ੍ਰਮੇਸ਼ਰ ਲਈ ਵਰਤਿਆ ਨਾਮ ਹੈ।
ਦਸਮੇਸ਼ ਜੀ ਦਾ ਜੀਵਨ ਅਤੇ ਸਿੱਖਿਆ ਸਾਰ ਨੂੰ ਘੱਟੋ ਘੱਟ ਲਫਜ਼ਾਂ ਵਿਚ ਕਹਿਣਾ ਹੋਵੇ ਤਾਂ ਸਿਰਦਾਰ ਕਪੂਰ ਸਿੰਘ ਜੀ (ਆਈ.ਸੀ.ਐਸ.) ਹੀ ਮੁਕੰਮਲ ਬਿਆਨ ਕਰ ਸਕਦੇ ਹਨ—"ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਇਹ ਹੈ, ਕਿ ਪ੍ਰਾਕ੍ਰਿਤਕ ਪ੍ਰਗਤੀ ਉਤੇ ਤਾਂ ਮਨੁੱਖ ਦਾ ਵਸਿਕਾਰ ਨਹੀਂ ਹੈ, ਪਰ ਅਧਿਆਤਮਕ ਪ੍ਰਗਤੀ ਮਨੁੱਖ ਅਧੀਨ ਹੈ।ਖਾਲਸਾ ਪੰਥ ਦੀ ਸਾਜਨਾ ਦਾ ਮੂਲ ਤੇ ਅਮਲੀ ਕਾਰਣ ਇਹ ਸਿਧਾਂਤ ਹੀ ਹੈ, ਅਤੇ ਖਾਲਸਾ ਦਾ ਪ੍ਰੋਗਰਾਮ ਤੇ ਆਸ਼ਾ ਉਦੇਸ਼ ਇਹ ਹੈ, ਕਿ ਕਿਸੇ ਹਾਲਤ ਵਿਚ ਵੀ ਅਤੇ ਕਿਸੇ ਕਾਲ ਨੀਤੀ ਦੇ ਪ੍ਰਭਾਵ ਹੇਠਾਂ ***ਪ੍ਰਾਧੀਨਤਾ*** ਸਵੀਕਾਰ ਨਾ ਕਰੇ"।
ਗੁਰੂ ਸਾਹਿਬਾਨ ਦਾ ਸਾਰਾ ਜੀਵਨ ਹੀ ਕਰਾਮਾਤੀ ਹੈ, ਪਰ ਉਨ੍ਹਾਂ ਨੇ ਆਪ ਕਰਮਾਤਾਂ ਦਾ ਅਤਿਖੰਡਨ ਕੀਤਾ ਹੈ।
ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਗੁਰੂ ਸਹਿਬਾਨ ਜੀ ਦੇ ਸ਼ਬਦ ਭਗਤਾਂ ਨਾਲ ਹੂ-ਬਹੂ ਮੇਲ ਖਾਂਦੇ ਮਿਲਦੇ ਹਨ।ਕੱਲ ਨੂੰ ਇਹ ਇਤਰਾਜ਼ ਭੀ ਹੋ ਸਕਦਾ ਹੈ ਕਿ ਗੁਰੂ ਸਾਹਿਬਾਂ ਨੇ ਭਗਤ ਬਾਣੀ ਦਾ 'ਸੁਤੰਤਰ ਅਨੁਵਾਦ' ਕੀਤਾ ਹੈ।ਪਰ ਜੋ ਨਿਰੋਲ ਸੱਚ ਹੈ ਉਸਨੂੰ ਕਿਥੇ, ਕਿਸਨੇ, ਕਿਵੇਂ, ਕਿਉਂ ਤੇ ਕਦੋਂ ਆਖਿਆ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।ਬਦੀ ਭਾਵੇਂ ਨੇਕੀ ਤੇ ਕਿੰਨੀ ਭਾਰੂ ਰਹੇ, ਅੰਤਿਮ ਜਿੱਤ ਨੇਕੀ ਦੀ ਹੋਣੀ ਹੈ!!

*ਅਮਰਜੀਤ ਸਿੰਘ ਖੋਸਾ*
*ਸਤਵਿੰਦਰਪਾਲ ਸਿੰਘ ਜੰਗੀ*

## ਸਭ ਥਾਈਂ ਹੋਇ ਸਹਾਇ॥

ਸਿੱਖਾਂ ਦੀ ਅਰਦਾਸ ਵਿਚ "ਪ੍ਰਿਥਮ ਭਗੌਤੀ ਵਾਲੇ ਸ਼ਬਦ ਅਤੇ ਨਾਨਕ ਨਾਮ ਵਾਲੀਆਂ ਦੋ ਅੰਤਿਮ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ", ਇਹ ਪੱਕੀ ਹਿਦਾਇਤ ਹੈ 'ਗੁਰੂ-ਪੰਥ' ਵੱਲੋਂ।ਪਰ ਇਸਦੇ ਬਾਵਜੂਦ ਵੀ ਇਨ੍ਹਾਂ ਦੇ ਲਿਖਣ ਜਾਂ ਕਹਿਣ ਕਰਕੇ ਇਸ ਸ਼ਬਦ ਦਾ ਅਸਲ ਆਸ਼ੇ ਤੋਂ ਬਹੁਤ ਦੂਰ ਹੋ ਜਾਣਾ ਸੁਭਾਵਕ ਹੀ ਹੋ ਗਿਆ ਹੈ।ਇਹ ਸ਼ਬਦ ਕਿਸੇ ਆਮ ਲਿਖਾਰੀ ਦੀ ਰਚਨਾਂ ਨਹੀਂ ਸਗੋਂ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ 'ਦਸਮ ਗ੍ਰੰਥ ਸਾਹਿਬ' ਵਿਚੋਂ 'ਵਾਰ ਸ੍ਰੀ ਭਗੌਤੀ ਜੀ' ਦਾ ਮੰਗਲਾਚਰਨ ਹੈ।ਇਸ ਸ਼ਬਦ ਜਾਂ ਅਰਦਾਸ ਦਾ ਸਹੀ ਸਰੂਪ, ਠੀਕ ਉਚਾਰਨ ਤੇ ਅਸਲ ਆਸ਼ੇ ਨੂੰ ਸਮਝਣ ਦਾ ਯਤਨ ਅਸੀਂ ਹੇਠ ਲਿਖੀਆਂ ਪੰਗਤੀਆਂ ਰਾਹੀਂ ਕਰ ਰਹੇ ਹਾਂ। ਅਰਦਾਸ ਇਹ ਹੈ:-

ੴ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗੌਤੀ ਜੀ ਸਹਾਇ॥ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ॥ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ਸਭ ਥਾਈਂ ਹੋਇ ਸਹਾਇ॥

ਇਸ ਵਿਚ ਗੁਰੂ ਜੀ ਕਹਿੰਦੇ ਹਨ ਕਿ ਮੈਂ ਪਹਿਲਾਂ ਉਸ ਸਰਬਸ਼ਕਤੀਮਾਨ ਜਾਗਤਿ ਜੋਤਿ ਪ੍ਰਭੂ ਨੂੰ ਯਾਦ ਕਰਕੇ (ਇਹ ਰਚਨਾ ਲਿਖਣੀ ਸ਼ੁਰੂ ਕਰਦਾ ਹਾਂ) ਜੋ ਗੁਰੂ ਨਾਨਕ ਜੀ ਨੇ ਧਿਆ ਲਈ ਸੀ।ਗੁਰੂ ਅੰਗਦ, ਅਮਰਦਾਸ ਤੇ ਰਾਮਦਾਸ ਜੀ ਨੂੰ ਸਹਾਈ ਹੋਈ ਸੀ।ਗੁਰੂ ਅਰਜਨ, ਹਰਗੋਬਿੰਦ ਤੇ ਸ੍ਰੀ ਹਰਿਰਾਇ ਜੀ ਨੇ ਵੀ ਇਸ ਨੂੰ ਸਿਮਰਿਆ ਸੀ।ਉਹ ਹੀ ਸ਼ਕਤੀ ਸ੍ਰੀ ਹਰਿਕ੍ਰਿਸ਼ਨ ਜੀ ਨੇ ਵੀ ਧਿਆਈ ਹੈ, ਜਿਸ ਸ਼ਕਤੀ ਦੀ ਇਕ ਮਿਹਰ ਭਰੀ ਤੱਕਣੀ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ।ਉਸੇ ਨੂੰ ਹੀ ਗੁਰੂ ਤੇਗ ਬਹਾਦਰ ਜੀ ਨੇ ਸਿਮਰਿਆ ਹੈ, ਜਿਸਦੇ ਸਿਮਰਨ ਸਦਕਾ ਘਰ ਵਿਚ ਨਉਂ ਨਿਧਾਂ ਦਾ ਆਉਣਾ ਬਣਦਾ ਹੈ।ਉਹ ਆਦਿ ਸ਼ਕਤੀ (ਭਗੌਤੀ) ਜਿਸਨੇ ਵੀ, ਜਿੱਥੇ ਵੀ, ਧਿਆਈ ਹੈ, ਸਿਮਰੀ ਹੈ, ਉਸ ਦਾ ਧਿਆਨ ਧਰਿਆ ਹੈ, ਉਸ ਨੂੰ ਉਸੇ ਜਗ੍ਹਾ 'ਸਭ ਤਾਈਂ' ਸਹਾਈ ਹੋਈ ਹੈ।

ਜਦੋਂ ਤਿੰਨ ਲਫਜ਼ 'ਲਈ', 'ਹੋਈ' ਤੇ 'ਸਿਮਰੌ' ਨੂੰ ਬੋਲਣ ਜਾਂ ਲਿਖਣ ਵੇਲੇ ਬਿੰਦੀ ਲਾਕੇ 'ਲਈਂ', 'ਹੋਈਂ' ਤੇ 'ਸਿਮਰੌਂ' ਬਣਾ ਦਿੰਦੇ ਹਨ ਤਾਂ ਅਰਥ ਆਪਣੀ ਅਸਲੀਅਤ ਤੋਂ ਬਿਲਕੁਲ ਬਦਲਾਏ ਜਾਂਦੇ ਹਨ।ਇਸ ਨਾਲ ਸਭ ਤੋਂ ਪਹਿਲਾਂ ਦਸ ਗੁਰੂਆਂ ਦੇ 'ਏਕ ਜੋਤ' ਵਾਲੇ ਸਿਧਾਂਤ ਨੂੰ ਢਹਿ ਢੇਰੀ ਕੀਤਾ ਜਾਂਦਾ ਹੈ।ਫਿਰ ਅੱਡ-ਅੱਡ ਗੁਰੂਆਂ ਦੀ (ਅਖੌਤੀ) ਫੋਟੋ ਦੀ ਹੋਂਦ ਵੀ ਇਸ ਕਰਕੇ ਹੀ ਕਾਇਮ ਕੀਤੀ ਜਾਂਦੀ ਹੈ।ਉਸ ਤੋਂ ਅੱਗੇ ਅਲੱਗ-ਅਲੱਗ ਗੁਰੂਆਂ ਨੂੰ ਕਿਸੇ ਖਾਸ ਵਿਧੀ ਦੁਆਰਾ ਧਿਆਉਣ ਜਾਂ ਸਿਮਰਨ ਦੱਸ ਕੇ ਤਰ੍ਹਾਂ-ਤਰ੍ਹਾਂ ਦੀਆਂ ਪ੍ਰਾਪਤੀਆਂ ਵਾਲੀਆਂ ਸਾਖੀਆਂ ਬਣਦੀਆਂ ਹਨ।ਇਸ (ਨਿੱਕੀ ਜਿਹੀ ਨਹੀਂ) ਗੱਲ ਨਾਲ ਸਿੱਖੀ ਦੇ ਮੁੱਢਲੇ ਅਸੂਲਾਂ ਨੂੰ ਭੰਗ ਕਰਕੇ, ਅਕਾਲੀ ਜੋਤ ਦੇ ਪੁਜਾਰੀਆਂ ਨੂੰ ਮੂਰਤੀ ਪੂਜ ਬਣਾਕੇ ਦੁਨਿਆਵੀ ਦੁੱਖਾਂ ਤੋਂ ਛੁਟਕਾਰਾ ਜਾਂ ਨਉ ਨਿਧੀਆਂ ਦੀ ਪ੍ਰਾਪਤੀ ਵਾਲੇ ਰਾਹ ਤੋਰ ਦਿੱਤਾ ਜਾਂਦਾ ਹੈ, ਜਿਸ ਨਾਲ ਸਿੱਖੀ ਦਾ ਦੂਰ ਦਾ ਵੀ ਨਾਤਾ ਨਹੀਂ।ਫਿਰ ਜੋ ਕਰੜੀ ਤਾੜਨਾਂ ਦਸਮੇਸ਼ ਜੀ ਨੇ ਕੀਤੀ ਸੀ ਕਿ 'ਜੇ ਹਮ ਕੋ ਪ੍ਰਮੇਸੁਰ ਉਚਰਿ ਹੈ॥ਤੇ ਸਭ ਨਰਕਿ ਕੁੰਡ ਮਹਿ ਪਰਿ ਹੈ'॥ (ਬਚਿਤ੍ਰ ਨਾਟਕ) ਨੂੰ ਵੀ ਬਿਲਕੁਲ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਹੈ।

ਇੰਨ ਬਿੰਨ ਇਹੀ ਗੱਲ ਸੁਖਮਨੀ ਦੇ ਮੁੱਢਲੇ ਸ਼ਲੋਕ॥ਆਦਿ ਗੁਰਏ ਨਮਹ॥ਜੁਗਾਦਿ ਗੁਰਏ ਨਮਹ॥ ਸਤਿਗੁਰਏ ਨਮਹ॥ਸ੍ਰੀ ਗੁਰਦੇਵ ਏ ਨਮਹ॥੧॥(ਗਉੜੀ ਸੁਖਮਨੀ ਮ:੫) ਮੰਗਲਾਚਰਣ ਨਾਲ ਵੀ ਕੀਤੀ ਜਾਂਦੀ ਹੈ।ਲੇਖ ਲੰਬਾ ਹੋਣ ਦੇ ਸੰਕੋਚ ਵਜੋਂ ਇੱਥੇ ਇਹ ਬਿਆਨ ਕਰਨ ਤੋਂ ਗੁਰੇਜ਼ ਕਰਦੇ ਹਾਂ, ਕਿ ਕੌਣ ਕਿਸ ਤਰ੍ਹਾਂ ਦੀ ਵਿਆਖਿਆ ਕਰਦਾ ਹੈ।ਸਲੋਕ ਵਿਚ ਤਾਂ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ, ਆਦਿ ਵਿਚ (ਪਹਿਲਾਂ) ਗੁਰੂ ਨੂੰ ਨਮਸਕਾਰ ਕਰਦੇ ਹਨ।(ਕਿਹੜਾ ਗੁਰੂ?) ਜੋ ਗੁਰੂ ਜੁੱਗਾਂ ਦੇ ਵੀ ਆਦਿ ਵਿਚ ਸੀ।ਸਤਿਗੁਰੂ ਨੂੰ ਨਮਸਕਾਰ ਹੈ, ਸ੍ਰੀ ਗੁਰਦੇਵ ਜੀ ਨੂੰ ਨਮਸਕਾਰ ਹੈ।ਇਨ੍ਹਾਂ (ਸ਼ਲੋਕ ਦੀਆਂ) ਚਾਰ ਤੁਕਾਂ ਨੂੰ

ਕਿਸੇ ਖਾਸ ਗੁਰ ਵਿਅਕਤੀ ਜਾਂ ਕਿਸੇ ਨੰਬਰਵਾਰਲੀ ਤਰਤੀਬ ਨਾਲ ਸੰਬੰਧਤ ਕਰਨਾ ਬਿਲਕੁਲ ਗਲਤ ਹੈ।ਦਸ ਗੁਰੂ ਸਾਹਿਬਾਨ ਹੀ 'ਏਕ ਜੋਤ' ਹੁੰਦੇ ਹੋਏ 'ਅਕਾਲੀ ਜੋਤ', 'ਆਦਿ ਗੁਰ' ਜਾਂ 'ਆਦਿ ਸ਼ਕਤੀ' ਦੇ ਹੀ ਪੁਜਾਰੀ ਸਨ।ਇਸ ਵਿਚ ਤਾਂ ਸ਼ੰਕੇ ਦੀ ਗੁੰਜਾਇਸ਼ ਹੀ ਭਰਮੀਆਂ ਨੂੰ ਅਰਸ਼ੋਂ ਫਰਸ਼ ਤੇ ਸੁੱਟਣ ਵਾਲੀ ਹਾਲਤ ਬਣਾ ਸਕਦੀ ਹੈ।ਇਸ ਸ਼ਲੋਕ ਵਿਚ ਸਿਰਫ ਤੇ ਸਿਰਫ ਅਕਾਲ ਪੁਰਖ ਨੂੰ ਹੀ ਨਮਸਕਾਰ ਹੈ।

'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ'॥ਸੋ ਇਹ 'ਤੁਮ' (ਆਦਿ ਸ਼ਕਤੀ, ਅਕਾਲਪੁਰਖ) ਦੇ ਸਹਾਈ ਹੋਣ ਨਾਲ ਹੀ ਪੰਥ ਦੀਆਂ ਨੀਹਾਂ ਵਿਚ ਗਾਰੇ ਚੂਨੇ ਦੀ ਜਗ੍ਹਾ ਲਹੂ ਮਿੱਝ ਪਾਕੇ ਸਿੱਖੀ-ਮਹੱਲ ਉਸਾਰਿਆ ਗਿਆ ਸੀ।ਉਸੇ ਦੇ ਸਿਮਰਨ ਨਾਲ 'ਸਵਾ ਲਾਖ ਸੇ ਏਕ' ਲੜਾਉਣ ਦੀ ਸ਼ਕਤੀ ਪੈਦਾ ਹੋਈ ਹੈ। ਉਸਦੇ ਧਿਆਨ ਧਰਨ ਨਾਲ ਹੀ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਦੀ ਹੈ, ਬੰਦ ਬੰਦ ਕਟਾਏ ਜਾਂਦੇ ਹਨ, ਆਪਾ ਵਾਰਨ ਦਾ ਮਨ-ਚਾਓ ਪੈਦਾ ਹੁੰਦਾ ਹੈ।ਇਹ ਕਿਸੇ ਇਕ ਖਾਸ ਥਾਂ ਨੂੰ ਸਹਾਈ ਹੋਣ ਵਾਲੀ ਗੱਲ ਨਹੀਂ, ਬਲਕਿ ਉਸ ਥਾਂ ਜੋ ਵੀ ਸੁਰ, ਨਰ, ਮੁਨਿ, ਜਨ, ਜੀਵ, ਗੁਪਤ, ਪਰਗਟ ਹਨ, ਉਨ੍ਹਾਂ ਮੰਨਣ ਵਾਲਿਆਂ 'ਸਭ ਤਾਈਂ' ਸਹਾਈ ਹੋਣ ਵਾਲੀ ਰਮਜ਼ ਹੈ।

ਸੰਤਹੁ ਸੁਖੁ ਹੋਆ ਸਭ ਥਾਈ॥ (ਸੋਰਠਿ ਮ:੫)

ਅੱਜ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ਦੀ ਤੀਸਰੀ ਸ਼ਤਾਬਦੀ ਮਨਾ ਰਹੇ ਸਿੱਖ ਜਗਤ ਨੂੰ ਹਾਰਦਿਕ ਵਧਾਈ ਪੇਸ਼ ਕਰਨ ਦੇ ਨਾਲ ਨਾਲ, ਗੁਰਬਾਣੀ, ਅਰਦਾਸ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਸਮਝਣ/ ਸਮਝਾਉਣ ਤੇ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕਰਨ ਦੀ ਬੇਨਤੀ ਨੂੰ, ਕਬੂਲ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ, ਤਾਂ ਜੋ ਸਿੱਖ-ਮਾਰਗ ਦੇ ਪਾਂਧੀਆਂ ਦੀ ਏਕਤਾ, ਇਕਸਾਰਤਾ ਅਤੇ ਚੜ੍ਹਦੀ ਕਲਾ ਸਦਾ ਸਦਾ ਲਈ ਕਾਇਮ ਰੱਖੀ ਜਾ ਸਕੇ। *- ਅਮਰਜੀਤ ਸਿੰਘ ਖੋਸਾ*

ੴ ਸਤਿ ਗੁਰ ਪ੍ਰਸਾਦਿ॥

## ਓੜਕ ਓੜਕ ਭਾਲ ਨ ਓੜਕ ਆਇਆ।

ਗੋਬਿੰਦ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਰਚਨਾ ਜਪੁ ਜੀ ਸਾਹਿਬ ਦੀ ਸੋਲ੍ਹਵੀਂ ਤੋਂ ਅਠਾਰ੍ਹਵੀਂ ਪਉੜੀ ਵਿਚ ਉਸ ਇਕ ਅਕਾਲ ਪੁਰਖ ਕਰਤੇ ਦੀ ਕ੍ਰਿਤ ਦਾ ਜ਼ਿਕਰ ਕਰਦੇ ਹੋਏ ਬੇਅੰਤ ਜੀਵਾਂ ਬਾਰੇ ਲਿਖਦੇ ਹਨ ਕਿ ਉਸ ਰਾਹੀਂ ਜਪ, ਭਾਉ, ਪੂਜਾ, ਤਪਤਾਉ, ਵੇਦ ਪਾਠ, ਜੋਗ, ਉਦਾਸ, ਭਗਤ, ਸਤੀ, ਦਾਤਾਰ, ਸੂਰ, ਮੋਨ, ਮੂਰਖ ਅੰਧਘੋਰ, ਚੋਰ, ਹਰਾਮਖੋਰ, ਵਧੀਕੀ ਕਰਨ ਵਾਲੇ, ਗਲਵੱਢ, ਪਾਪੀ, ਝੂਠੇ, ਮਲੇਸ਼, ਨਿੰਦਕ ਆਦਿ ਦੇ ਲੱਖ (ਬੇਅੰਤ) ਦਰੀਆਉ ਹੋ ਗਏ, ਉਸਦੇ ਏਕੋ ਕਵਾਉ ਨਾਲ, ਜਿਸਦਾ ਲੇਖਾ ਨਹੀਂ ਹੋ ਸਕਦਾ।ਇੰਨ੍ਹਾਂ ਦਾ ਕਰਤਾ ਉਹ ਆਪ ਹੈ, ਉਸਦੀ ਸੱਤਾ ਸਭ ਵਿਚ ਵਿਆਪਕ ਹੈ, ਸਭ ਵਿਚ ਸਮਾਇਆ ਹੋਇਆ ਹੈ, ਅਤੇ ਉਹ ਸਿਰਜਣਹਾਰ ਹੈ, ਪਾਲਣਹਾਰ ਹੈ, ਸੰਘਾਰ (ਮੌਤ) ਕਰਨਹਾਰ ਹੈ।ਨੇਕੀ ਤੇ ਬਦੀ, ਸ਼ੁਭ ਅਸ਼ੁਭ, ਸੁਰ ਅਸੁਰ ਉਸਦੀ ਰਚਨਾ ਦਾ ਅੰਗ ਹਨ।

ਨਾਨਕ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਜਾਪੁ ਸਾਹਿਬ ਵਿਚ ਉਸ ਇਕ ਅਕਾਲ ਪੁਰਖ ਬਾਰੇ ਕਹਿੰਦੇ ਹਨ ਕਿ ਉਸਦੇ ਸਾਰੇ ਨਾਮ ਤਾਂ ਗਿਣੇ ਨਹੀਂ ਜਾ ਸਕਦੇ, ਪਰ ਕੁੱਝ ਇਕ ਕੀਤੇ ਹੋਏ ਕੰਮਾਂ ਬਾਰੇ ਪਏ ਨਾਮ, ਕਰਮ-ਨਾਮ ਵਰਨਣ ਕਰਦੇ ਹਾਂ ਤਾਂ ਉਸਨੂੰ ਕ੍ਰਿਪਾਲੇ, ਪ੍ਰੋਛਪਾਲੇ, ਅਨੇਕ, ਫਿਰਿ ਏਕ, ਸਰਬੰ ਪਾਲੇ, ਕਰੁਣਾਲਯ, ਸਰਬ ਉਬਾਰਣ, ਕਰੁਣਾਕਰ, ਬਿਸ੍ਵੰਭਰ, ਸ਼ਾਂਤਿ ਰੂਪੇ, ਰਹੀਮੇ, ਕਰੀਮੇ, ਸਰਬ ਪੋਖੰ, ਸਰਬ ਕਰਤਾ, ਭਾਨ ਭਾਨੇ, ਰੋਗ ਹਰਤਾ, ਬ੍ਰਿਧਿ ਕਰਤਾ, ਸਰਬੰ ਪ੍ਰਾਣੰ, ਸਰਬੰ ਤ੍ਰਾਣੰ, ਸਰਬ ਧੰਧੇ, ਰਾਜ਼ਕ, ਸਰਬੰ ਕਲੀ, ਸਰਬਤ੍ਰ ਦਾਨਿਯੈ, ਸਰਬੱਤ੍ਰ ਦੀਨੇ, ਗਰੀਬੁਲ ਪ੍ਰਸਤੈ, ਰਜ਼ਾਇਕ ਯਕੀਨੈ, ਅਜ਼ੀਜ਼ੁਲ ਨਿਵਾਜ਼, ਸਮਸਤੋ ਪਰਾਜ, ਕਰੀਮੁਲ ਕਮਾਲ, ਸਰਬਾਨਰਾਗੇ, ਗਰੀਬੁਲ ਨਿਵਾਜ਼, ਆਦਿ ਨੂੰ ਨਮਸਕਾਰ ਕਰਕੇ ਨਾਲ ਹੀ ਸਰਬ ਖਾਪੇ, ਸਰਬ ਕਾਲੇ, ਸਰਬ ਸੋਖੰ, ਸ਼ਸਤ੍ਰ ਪਾਣੇ, ਕ(ਰੂ)ਰ ਕਰਮੇ, ਰੋਖ ਰੋਖੈ, ਸੋਖ ਸੋਖੇ, ਸਰਬ ਕ੍ਰਿਸੰ, ਕੁਕਰਮੰ ਪ੍ਰਣਾਸੀ, ਸਰਬ ਘਾਲਕ, ਗਰਬ ਗੰਜਨ, ਦੁਸਟ ਭੰਜਨ, ਸਰਬ ਘਾਇਕ, ਸਰਬ ਹੰਤਾ, ਹਰੀਅੰ, ਸਰਬੰ ਦਲੀ, ਸਰਬੱਤ੍ਰ ਹੰਤਾ, ਸਰਬੱਤ੍ਰ ਸੋਖੇ, ਗਨੀਮੁਲ ਸ਼ਿਕਸਤੈ, ਗਨੀਮੁਲ ਖਿਰਾਜ਼, ਅਰਿਘਾਲਯ, ਖਲਖੰਡਨ, ਸਰਬ ਨਾਸਿਯ, ਖਲਖੰਡਸ, ਖਲਘਾਇਕ, ਹਰਤਾ ਹਰਿ, ਜੁੱਧ ਜੁੱਧੇ, ਕਲਹ ਕਰਤਾ, ਗਜ਼ਾਇਬ ਗਨੀਮੇ, ਆਦਿ ਕਹਿਕੇ ਨਮੋ ਨਮੋ ਕਹਿੰਦੇ ਹਨ।ਜੇ ਤੇਜਾਂ ਦੇ ਤੇਜ ਪ੍ਰਕਾਸ਼ ਕਰਤਾ ਉਹ ਆਪ ਹੈ ਤਾਂ ਅੰਧਘੋਰ ਹਨੇਰਾ ਭੀ ਉਸਦਾ ਹੈ।ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਸਾਰੇ ਹੀ ਉਸਦੀ ਰਚਨਾ ਦਾ ਕਿਣਕਾ ਮਾਤ੍ਰ ਹਾਂ।ਥਾਪਣਾ ਜਾਂ ਖਾਪਣਾ ਉਸਦੀ ਖੇਡ ਹੈ। ਉਸਦੀ ਕੁਦਰਤ ਬੇਅੰਤ ਹੈ, ਅਤੇ ਸਾਡੇ ਗਿਆਨ ਇੰਦ੍ਰਿਆਂ ਦੀ ਸਮਝ ਤੋਂ ਉਪਰ ਹੈ।

ਕਰਤੇ ਦੀ ਕ੍ਰਿਤ ਨੂੰ ਨਾਂ ਸਮਝਣਾ ਯਾ ਨਾ ਸਵੀਕਾਰਨਾ ਅਗਰ ਅਗਿਆਨਤਾ ਨਹੀਂ ਹੈ,ਤਾਂ ਹੋਰ ਕੀ ਹੈ? ਅੱਜ ਕੱਲ ਦੇ ਦਸਮੇਸ਼ ਬਾਣੀ ਫੋਬੀਆ ਵਿਦਵਾਨ ਆਪ ਖੁਦ ਅਦ੍ਵੈਤਵਾਦ ਦਾ ਸ਼ਿਕਾਰ ਹਨ ਅਤੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।ਉਨ੍ਹਾਂ ਕੋਲ ਉਹ ਅੱਖੜੀਆਂ ਹੀ ਨਹੀਂ ਹਨ, ਜੋ ਬ੍ਰਹਮ ਦਰਸ਼ਨ ਕਰਵਾਉਂਦੀਆਂ ਹਨ। ਉਹ ਕਰਤਾ ਪੁਰਖ ਦੀ ਅੱਧੀ ਰਚਨਾ ਨੂੰ ਸਵੀਕਾਰਦੇ ਹਨ ਤੇ ਦੂਸਰੀ ਅੱਧੀ ਤੋਂ ਇਨਕਾਰੀ ਹਨ।ਪਾਲਣਹਾਰਾ ਤੱਕ ਠੀਕ ਹੈ, ਲੈ-ਕਾਰੀ ਰੂਪ ਤੋਂ ਡਰ ਲੱਗਦਾ ਹੈ।ਸ਼ਾਂਤੀ ਸ਼ਾਂਤੀ ਪੁਕਾਰਦੇ ਹਨ, ਕਲਹ ਕਰਤਾ, ਜੁੱਧ ਜੁੱਧੇ, ਖਲਖੰਡਨ, ਦੁਸ਼ਟ ਭੰਜਨ ਰੂਪ ਤੋਂ ਥਰ ਥਰ ਕੰਬਦੇ ਹਨ।ਫੁੱਲ ਮਨਜ਼ੂਰ ਹੈ, ਕੰਡੇ ਚੁਭਦੇ ਹਨ।ਸਵੀਕਾਰਤ ਰਚਨਾ ਉਸ ਪਰੀਪੂਰਨ ਪ੍ਰਮਾਤਮਾ ਦੀ ਹੈ ਤਾਂ ਅਸ਼ਲੀਲਤਾ ਦੇ ਨਾਮ ਵਾਲੀ ਅਸਵੀਕਾਰਤ ਰਚਨਾ ਕਿਸਦੀ ਹੈ? ਗਹੁ ਨਾਲ ਵਿਚਾਰੀਏ ਤਾਂ ਇਸ ਅਸਵੀਕਾਰਤ ਰਚਨਾ ਦਾ ਖੁੱਲ੍ਹ ਕੇ ਖੁਲਾਸਾ ਹੀ ਚਰਿਤ੍ਰੋਪਾਖਯਾਨ ਹੈ, ਇਸੇ ਲਈ ਹੀ ਇਹ ਉਥੇ ਲਿਖੀ ਭੀ ਨਹੀਂ ਜਰੀ ਜਾਂਦੀ।ਲਿਖਿਆ ਚੁਭਦਾ ਹੈ; ਪਰ ਹਰ ਸਮੇਂ ਵਾਪਰ ਰਿਹਾ ਹੈ, ਜਿਸਨੂੰ ਅੱਖਾਂ ਮੀਟ ਕੇ ਜਰੀ ਜਾਂਦੇ ਹਨ।ਕੀ ਚੂਹੇ ਦੇ ਅੱਖਾਂ ਮੀਟਣ ਨਾਲ ਬਿੱਲੀ ਦੀ ਹੋਂਦ ਖਤਮ ਹੋ ਜਾਂਦੀ ਹੈ?ਛੁਟਕਾਰਾ ਚਾਹੁੰਦੇ ਹੋ ਤਾਂ ਇਸ ਨੂੰ ਸਮਝੋ, ਵਰਨਾਂ ਵੱਡੇ ਵੱਡੇ ਅਵਤਾਰੀ ਭੀ ਇਸੇ ਅਸ਼ਲੀਲਤਾ ਵਾਲੇ ਨਰਕ ਵਿਚ ਗਰਕ ਹੁੰਦੇ ਦਿਖਾਏ ਹਨ ਕਲਗੀਧਰ ਜੀ ਨੇ, ਆਮ ਬੰਦੇ ਦੀ ਤਾਂ ਗੱਲ ਹੀ ਛੱਡੋ।ਤਿਆਗ ਨਹੀਂ ਗਿਆਨ ਜ਼ਰੂਰੀ ਹੈ।

ਦੁਸ਼ਟਤਾਈ ਕਿਸੇ ਦੁਸ਼ਟ ਹੀ ਦੇ ਰਾਹੀਂ ਹੋ ਸਕਦੀ ਹੈ।ਗੁਰਮੱਤ ਅਤੇ 'ਸੰਤ ਸਿਪਾਹੀ' ਦੇ ਸਿਧਾਂਤ ਅਨੁਸਾਰ ਜੇ ਕੋਈ ਦੁਸ਼ਟ ਦੁਸ਼ਟਤਾਈ ਤੋਂ ਬਾਜ਼ ਨਹੀਂ ਆਉਂਦਾ ਤਾਂ ਉਸ ਦੁਸ਼ਟ ਨੂੰ ਕਿਸ ਰਾਹੀਂ, ਕਦੋਂ, ਕਿਸ ਤਰ੍ਹਾਂ, ਕਿੱਥੇ, 'ਸੁੱਧ ਕੀਤੋਸ' ਇਹ ਭੀ ਉਹ ਹੀ ਜਾਣਦਾ ਹੈ।ਆਪਣੀ ਲਘੁ-ਦ੍ਰਿਸ਼ਟੀ, ਤੁੱਛ ਤੇ ਸੀਮਤ ਬੁੱਧੀ ਰਾਹੀਂ ਉਸ ਅਸੀਮ ਦੀ ਸੀਮਾ ਲੱਭਣ ਵਾਲੇ, (ਓੜਕ ਓੜਕ ਭਾਲ ਨ ਓੜਕ ਆਇਆ), ਦਸਮੇਸ਼ ਬਾਣੀ ਤੇ ਕਿੰਤੂ ਅਤੇ ਹੋਰ ਇਸ ਤਰ੍ਹਾਂ ਦਾ ਵਾਧੂ ਵਾਵੇਲਾ ਖੜ੍ਹਾ ਕਰਨ ਵਾਲੇ, ਗੁਰੂ ਨਾਨਕ ਜੀ ਦੀ ਬਾਣੀ ਵਿਚਲੇ 'ਗਾਵੈ ਕੋ ਸਾਜਿ ਕਰੇ ਤਨੁ ਖੇਹ' ਵਾਲੇ ਸਿਧਾਂਤ ਨੂੰ ਕਿੰਨਾਂ ਕੁ ਸਵੀਕਾਰਦੇ ਹਨ ਜਾਂ ਸਮਝਦੇ ਹਨ, ਆਪ ਹੀ ਸੋਚ ਲੈਣ।ਕੀ ਕ੍ਰਿਤ ਮਾਫਕ ਨਾਂ ਹੋਣ ਤੇ ਉਸਦੇ ਕਰਤੇ ਨੂੰ ਦੋਸ਼ ਨਹੀਂ ਆਉਂਦਾ ਹੈ?

ਕਿਸੇ ਵਿਚ ਇਹ ਸ਼ਕਤੀ ਹੈ ਹੀ ਨਹੀਂ ਕਿ ਉਸ ਰਚਨਹਾਰ ਜਾਂ ਉਸਦੀ ਰਚਨਾ ਦੀ ਬੇਅੰਤਤਾਈ ਦੀ ਥਹੁ ਪਾ ਸਕੇ।ਸਭ ਕੁੱਝ ਉਸਦੇ ਹੁਕਮ ਅਨੁਸਾਰ ਹੈ, ਹੁਕਮ ਅਨੁਸਾਰ ਸੀ, ਤੇ ਹੁਕਮ ਅਨੁਸਾਰ ਹੀ ਹੋਵੇਗਾ।ਉਹ ਆਪ ਕਣ ਕਣ ਵਿਚ ਸਮਾਇਆ ਹੋਇਆ ਹੈ।ਕੁਦਰਤ ਦੀਆਂ ਸੂਖਸ਼ਮ ਸ਼ਕਤੀਆਂ ਨੂੰ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।ਇਸਦੇ ਲਈ ਅਰਦਾਸ ਕਰਨੀ ਚਾਹੀਦੀ ਹੈ।ਜਿੰਨਾਂ ਕੁ ਸਮਝ ਆਇਆ ਹੈ ਠੀਕ ਹੈ।ਜੇ ਨਹੀਂ ਸਮਝ ਆਉਂਦਾ ਤਾਂ ਸਾਡੀ ਆਪਣੀ ਅਸਮਰੱਥਾ ਹੈ, ਪਰ ਇਹ ਵੀ ਨਹੀਂ ਕਿ ਅਸੀਂ ਉਸਦੀ ਹੋਂਦ ਤੋਂ ਹੀ ਇਨਕਾਰੀ ਹੋ ਜਾਈਏ, ਜਾਂ ਅੱਧ ਪਚੱਧਾ ਸਵੀਕਾਰੀਏ।ਦਸਮ ਗ੍ਰੰਥ ਸਾਹਿਬ ਤੇ ਕਿੰਤੂ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਨ ਲਾਕੇ ਅਧਿਐਨ ਕਰਨਾ ਲਾਜ਼ਮੀ ਹੈ।ਅੱਖਰ, ਸ਼ਬਦ, ਵਾਕ, ਬਹੁਅਰਥੀ, ਅਲਪਅਰਥੀ ਵਰਗੀਆਂ ਵਿਆਕਰਣਕ ਗੁੰਝਲਾਂ ਅਤੇ ਸਾਹਿਤ ਕਲਾ ਤੋਂ ਜਾਣੂ ਹੁੰਦੇ ਹੋਏ ਭੀ, (ਕਿਉਂਕਿ ਗੁਰਬਾਣੀ ਸਾਹਿਤ ਨਹੀਂ) ਇਸਤੋਂ ਉਪਰ ਉਠਕੇ 'ਧੁਰ ਕੀ ਬਾਣੀ' ਨੂੰ ਪੜ੍ਹਨਾਂ ਵਿਚਾਰਨਾ ਅਤੇ ਜੋ ਸਮਝ ਤੋਂ ਪਰ੍ਹੇ ਹੈ, ਉਸਦਾ ਮਨ ਵਿਚ ਵਾਸਾ ਹੋਵੇ, ਇਸ ਲਈ ਅਰਦਾਸ ਜ਼ਰੂਰੀ ਹੈ।ਉਸ ਗੁਣਸਾਗਰ ਅੱਗੇ ਜੋਦੜੀ ਕਰੀਏ ਕਿ ਮਿਹਰ ਕਰਕੇ ਸੋਝੀ ਬਖਸ਼ੇ।

*- ਅਮਰਜੀਤ ਸਿੰਘ ਖੋਸਾ*

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਨਵੀਂ ਕੁਚੇਸ਼ਟਾ

*- ਸਿਰਦਾਰ ਕਪੂਰ ਸਿੰਘ ਜੀ, ਆਈ.ਸੀ.ਐਸ., ਨੈਸ਼ਨਲ ਪ੍ਰੋਫੈਸਰ ਆਫ ਸਿਖਿਜ਼ਮ*

"ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 300 ਸਾਲਾ ਸ਼ਹੀਦੀ ਸਮ੍ਰਿਤੀ-ਤਿਥੀ ਨੇੜੇ ਆਉਣ ਉਤੇ, ਸਿੱਖੀ ਤੋਂ ਬੇ-ਮੁੱਖ ਅਤੇ ਅਗਿਆਨੀ ਸਿੱਖਾਂ ਨੇ ਇਸ ਮਹਾਨ ਸ਼ਹੀਦੀ ਨੂੰ ਛੁਟਿਆਉਣ ਅਤੇ ਸਿੱਖ ਸਿਧਾਂਤਾਂ ਅਤੇ ਸਿੱਖ ਤਵਾਰੀਖ ਦਾ ਮੂੰਹ ਮੱਥਾ ਵਿਗਾੜਨ ਦੀ ਕੁਚੇਸ਼ਟਾ ਤੋਂ ਪ੍ਰੇਰਤ ਹੋਕੇ ਅਨੇਕ ਪ੍ਰਕਾਰ ਦੇ ਯਤਨ ਆਰੰਭੇ ਹੋਏ ਹਨ, ਤਾਂ ਜੁ ਸਿੱਖੀ ਦੇ ਸਿਧਾਂਤ ਅਤੇ ਇਸਦਾ ਮੁੱਢਲਾ ਇਤਿਹਾਸ ਹੀ ਤੋੜ ਮਰੋੜ ਕੇ, ਆਉਣ ਵਾਲੇ ਭਵਿੱਖ ਵਿਚ ਸਿੱਖੀ ਤੇ ਸਿੱਖਾਂ ਨੂੰ ਇਕ ਭੁੱਲੀ ਵਿੱਸਰੀ ਕਥਾ ਬਣਾ ਦਿੱਤਾ ਜਾਵੇ।

ਡਾ. ਫੌਜਾ ਸਿੰਘ ਜੀ, ਐਮ.ਏ.ਪੀ.-ਐਚ.ਡੀ, ਮੁਖੀ ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨੇ ਪਹਿਲਾ ਭਰਪੂਰ ਤੇ ਕੋਝਾ ਵਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਰਕਾਰੀ ਰਸਾਲੇ ਵਿਚ, ਆਪਣਾ ਖੋਜ-ਅਧਾਰਤ ਲੇਖ ਛਪਵਾ ਕੇ ਕੀਤਾ ਹੈ।

ਇਸ ਲੇਖ ਵਿਚ ਮੋਟੇ-ਮੋਟੇ ਨਤੀਜੇ ਇਹ ਦਰਸਾਏ ਗਏ ਹਨ, ਕਿ:-

1.ਸ੍ਰੀ ਗੁਰੂ ਤੇਗ ਬਹਾਦਰ 'ਸ਼ਹੀਦ' ਨਹੀਂ ਸੀ ਹੋਏ, ਸਗੋਂ ਕਾਨੂੰਨ ਅਨੁਸਾਰ ਮ੍ਰਿਤੂ-ਦੰਡ ਨੂੰ ਪ੍ਰਾਪਤ ਹੋਏ ਸੀ ਅਤੇ ਇਸ ਸਾਰੇ ਸਾਕੇ ਵਿਚ, ਔਰੰਗਜ਼ੇਬ ਉਕਾ ਦੁੱਧ-ਧੋਤਾ ਅਤੇ ਨਿਰਦੋਸ਼ ਸੀ।

2.ਸਿੱਖ ਇਤਿਹਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਿਆਨ ਕਿ ਗੁਰੂ ਤੇਗ ਬਹਾਦਰ ਜੀ ਨੂੰ, ਕਸ਼ਮੀਰੀ ਪੰਡਤਾਂ ਦੀ ਬੇਨਤੀ ਦੇ ਫਲ ਸਰੂਪ ਹਿੰਦੂ ਧਰਮ ਦੀ ਰੱਖਿਆ ਦਾ ਝੰਡਾ ਚੁੱਕਣ ਅਤੇ ਧਰਮ-ਧੁਜਾ ਨੂੰ ਥੰਮਣ ਦੇ ਦੋਸ਼ ਵਿਚ ਔਰੰਗਜ਼ੇਬ ਨੇ ਸ਼ਹੀਦ ਕੀਤਾ ਸੀ, ਇਹ ਉਕਾ ਨਿਰਮੂਲ ਹੈ।

3.ਗੁਰੂ ਤੇਗ ਬਹਾਦਰ ਲੁੱਚੇ, ਲਫੰਗੇ ਲੋਕਾਂ ਨੂੰ ਇਕੱਠੇ ਕਰਕੇ ਅਤੇ ਹਥਿਆਰ-ਬੰਦ ਕਰਕੇ, ਕਿਰਸਾਨਾਂ ਉਤੇ ਜੋ ਆਰਥਿਕ ਤੱਦੀ ਹੋ ਰਹੀ ਸੀ, ਉਸਦੀ ਟੇਕ ਲੈਕੇ, ਰਾਜ ਵਿਰੁੱਧ ਵਿਦਰੋਹ ਕਰ ਰਹੇ ਸਨ, ਜਿਸ ਕਾਰਣ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਪਰੰਤ, ਕਾਨੂੰਨ ਅਨੁਸਾਰ ਉਹ ਕਤਲ ਕਰ ਦਿੱਤੇ ਗਏ।

4.ਉਹ ਗ੍ਰਿਫਤਾਰ ਹੋਣ ਤੋਂ ਪਹਿਲਾਂ, 'ਸੀਅਰੁਲਮੁਤੱਖਰੀਨ' ਦੇ ਕਰਤਾ ਦੀ ਲਿਖਤ ਅਨੁਸਾਰ, ਪਰਜਾ ਨੂੰ ਲੁੱਟਦੇ-ਪੁੱਟਦੇ ਤੇ ਉਨ੍ਹਾਂ ਦੀਆਂ ਧੀਆਂ ਭੈਣਾਂ ਦੀ ਬੇ-ਪਤੀ ਕਰਦੇ ਸਨ (Plunder and rapine)।

5.ਗੁਰੂ ਤੇਗ ਬਹਾਦਰ ਦਾ ਅਸਲੀ ਨਾਮ ਇਉਂ ਜਾਪਦਾ ਹੈ ਕਿ, 'ਤਿਆਗ ਮੱਲ' (ਕਿਸੇ ਰਿਵਾੜੀ ਦੇ ਬਾਣੀਏਂ ਵਰਗਾ) ਸੀ। 'ਤੇਗ ਬਹਾਦਰ' ਐਵੇਂ ਅੱਲ ਸੀ। ਕਿਉਂ ਜੁ (ਤੇ ਕੇਵਲ ਇਕ) ਸਰਕਾਰੀ ਖੁਫੀਆ ਨਵੀਸ ਨੇ ਬਾਬਾ ਬੰਦਾ ਸਿੰਘ ਦੇ ਸਰਹੰਦ ਨੂੰ ਫਤਹਿ ਕਰਨ ਦੇ ਦਿਨਾਂ ਵਿਚ, ਸਿੱਖਾਂ ਤੋਂ ਮਾਰ ਖਾਕੇ (1710 ਵਿਚ)'ਤਿਆਗ ਮੱਲ' ਨਾਮ ਹੀ ਗੁਰੂ ਜੀ ਦਾ, ਆਪਣੀ ਸਰਕਾਰੀ ਡਾਇਰੀ ਵਿਚ ਕਰ ਦਿੱਤਾ, ਕਿਹਾ ਜਾਂਦਾ ਹੈ।(ਅਸਲ ਡਾਇਰੀ ਪ੍ਰਾਲਭਦ ਨਹੀਂ, ਐਵੇਂ ਇਸ ਕਥਿਤ ਡਾਇਰੀ ਦੀ 'ਨਕੁਲ ਕਾ ਨਕੁਲ ਕਾ ਨਕੁਲ' ਹੀ 'ਜੈਪੁਰ ਰਿਕਾਰਡਜ਼' ਵਿਚ ਪ੍ਰਾਪਤ ਹੈ।) ਇਸ ਤੋਂ ਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਨਾਮ ਆਪਣੇ ਪਿਤਾ ਦਾ 'ਵਾਰ ਸ੍ਰੀ ਭਗੌਤੀ' ਵਿਚ ਦਿੱਤਾ ਹੈ, ਉਹ ਗਲਤ ਹੈ ਅਤੇ ਪਿਛਲੇ ਤਿੰਨ ਕੁ ਸੌ ਸਾਲਾਂ ਤੋਂ ਜਿਹੜਾ ਸਾਰਾ ਪੰਥ ਅਰਦਾਸਾਂ ਕਰ ਰਿਹਾ ਹੈ,'ਤੇਗ ਬਹਾਦਰ ਸਿਮਰਿਐ'; ਉਹ ਐਵੇਂ ਝੱਖਾਂ ਮਾਰਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ 1690, ਸੁਜਾਨਰਾਇ ਭੰਡਾਰੀ, ਕਰਤਾ 'ਖਲਾਸਾਤੁਤ-ਤਵਾਰੀਖ'(1696), ਗੁਰੂ ਸਾਹਿਬ ਦਾ ਦਰਬਾਰੀ ਕਵੀ ਕੁਵਰੇਸ਼(1697),'ਗੁਰੂ ਗੋਬਿੰਦ ਨਰਿੰਦ ਹੈ, ਤੇਗ ਬਹਾਦਰ ਨੰਦ', ਕੇਸਰ ਸਿੰਘ ਛਿੱਬਰ ਕਰਤਾ 'ਬੰਸਾਵਲੀ ਨਾਮਾ'(1736), ਭਾਈ ਸੁੱਖਾ ਸਿੰਘ ਕਰਤਾ 'ਗੁਰ ਬਿਲਾਸ' (1797), ਭਾਈ ਸੰਤੋਖ ਸਿੰਘ ਕਰਤਾ 'ਸੂਰਜ ਪ੍ਰਕਾਸ਼'(1843-44) ਰਤਨ ਸਿੰਘ ਭੰਗੂ ਕਰਤਾ 'ਪੰਥ ਪ੍ਰਕਾਸ਼'(1837) ਤੋਂ ਲੈਕੇ, ਭਾਈ ਕਾਹਨ ਸਿੰਘ ਨਾਭਾ ਕਰਤਾ 'ਮਹਾਨ ਕੋਸ਼'(1931) ਅਤੇ ਤੇਜਾ ਸਿੰਘ, ਗੰਡਾ ਸਿੰਘ ਕਰਤਾ 'ਸ਼ਾਰਟ ਹਿਸਟਰੀ ਆਫ ਦੀ ਸਿੱਖਸ'(1950) ਵਰਗੇ ਮਹਾਨ ਧੁਰੰਧਰ ਵਿਦਵਾਨਾਂ ਵਿਚੋਂ ਕਿਸੇ ਨੂੰ ਨਾ ਤਾਂ ਸੰਨ 1710 ਵਾਲੇ ਗੁਮਨਾਮ ਅਖਬਾਰ ਨਵੀਸ ਦੀ ਕਥਿਤ 'ਰਿਪੋਟ' ਦਾ ਪਤਾ ਸੀ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ

ਜੀ ਨੂੰ ਆਪਣੇ ਪਿਤਾ ਦਾ ਅਸਲੀ ਨਾਮ ਪਤਾ ਸੀ।(ਕੀ ਸਮਝੀਏ ਕਿ ਮਾਤਾ ਗੁਜਰੀ ਜੀ ਨੂੰ ਆਪਣੇ ਪਤੀ ਗੁਰੂ ਦਾ ਨਾਮ ਭੀ ਪਤਾ ਸੀ ਜਾਂ ਨਹੀਂ ਸੀ) ਅਤੇ ਪੰਥ ਦੇ ਅਨੇਕਾਂ ਸਿੱਖ ਜਿਹੜੇ 'ਗੁਰੂ ਤੇਗ ਬਹਾਦਰ' ਸਿਮਰੀਐ ਪੜ੍ਹਕੇ, ਪਿਛਲੇਰੀਆਂ ਸਦੀਆ ਵਿਚ ਵੱਡੇ ਵੱਡੇ ਭਵਜਲਾਂ ਉਤੇ ਫਤਹ ਪਾਉਂਦੇ ਰਹੇ ਹਨ, ਉਹ ਐਵੇਂ ਭਰਮਾਂ ਭੁਲੇਖਿਆਂ ਵਿਚ ਹੀ ਭਟਕਦੇ ਰਹੇ ਹਨ ਅਤੇ ਹੁਣ ਡਾ.ਫੌਜਾ ਸਿੰਘ ਜੀ ਇਤਿਹਾਸ-ਚਾਰਯ, ਜਿੰਨ੍ਹਾਂ ਦੀ ਅੱਲ, ਅੱਜ ਕੱਲ ਕੁੱਝ ਵੇਹਲੜਾਂ ਤੇ ਗ੍ਰਾਮੀਨ ਕਿਸਮ ਦੇ ਲੋਕਾਂ ਨੇ, "ਮੌਜਾ ਸਿੰਘ", "ਐਹਜਾ ਉਹਜਾ ਸਿੰਘ", "ਚੋਜਾ ਸਿੰਘ" ਆਦਿ ਪਾ ਛੱਡੀ ਹੈ, ਪ੍ਰਗਟ ਹੋਏ ਹਨ, ਤਾਂ ਸੱਚ ਦਾ ਪ੍ਰਕਾਸ਼ ਹੋਇਆ ਹੈ। ਸਪੱਸ਼ਟ ਹੈ ਕਿ ਇਹ ਜਿੰਨੀਆਂ ਬੇ-ਸਿਰ ਪੈਰ ਅਤੇ ਨਿਰਾਧਾਰ ਗੱਲਾਂ ਡਾ.ਫੌਜਾ ਸਿੰਘ ਨੇ ਕਹੀਆਂ ਹਨ, ਉਨ੍ਹਾਂ ਦਾ ਅਸਲ ਮਤਲਬ ਇਹ ਦਰਸਾਉਣਾ ਯਾ ਭੁਲੇਖਾ ਪਾਉਣਾ ਹੈ ਕਿ:-

1.ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਦੋਸ਼ੀ ਸ਼ਹਿਨਸ਼ਾਹ ਔਰੰਗਜ਼ੇਬ, ਆਲਮਗੀਰ ਉਕਾ ਹੀ ਨਹੀਂ ਸੀ।

2.ਗੁਰੂ ਤੇਗ ਬਹਾਦਰ ਜੀ ਦੇ ਕਤਲ (Execution) ਦਾ ਕਾਰਣ ਕੋਈ ਧਰਮ ਰੱਖਿਆ ਦਾ ਨਿਸ਼ਠਾ, ਹਿੰਦੂਆਂ ਦੇ ਧਰਮ ਦਾ ਬਚਾਅ, ਸਿੱਖ ਸਿਧਾਂਤਾਂ ਦੀ ਅਚੁੱਕ ਪ੍ਰੋੜਤਾ ਅਤੇ ਮਾਨਵ ਜਾਤੀ ਦੀ ਆਤਮਕ ਸੁਤੰਤ੍ਰਤਾ ਦੀ ਪੁਸ਼ਟੀ ਕਦਾਚਿਤ ਨਹੀਂ ਸੀ ਸਗੋਂ ਉਹ ਚੇਗੁਵੇਇਰਾ (Cheguevera) ਵਾਂਗਰ, ਮੱਲੋ ਮੱਲੀ ਸਿਆਸੀ ਕ੍ਰਾਂਤੀ ਲਿਆਉਣ ਦੇ ਬੇ-ਸੋਚੇ ਸਮਝੇ ਜਤਨਾ ਵਿਚ ਮਾਰੇ ਗਏ ਸਨ।

ਇਹ ਸਪਸ਼ਟ ਸਾਮਵਾਦ (Communism) ਤੇ ਭੌਤਕਵਾਦ (Materialism) ਦੀ ਪਿਉਂਦ ਸਿੱਖੀ ਉਤੇ ਲਗਵਾਉਣ ਦੀ ਯੋਜਨਾ ਹੈ, ਜਿਸ ਦੀ ਪੂਰਤੀ ਲਈ ਡਾ. ਫੌਜਾ ਸਿੰਘ ਨੇ ਤਿੰਨ ਲਿੱਚਗੜਿਚੀਆਂ ਦਾ ਆਸਰਾ ਲਿਆ ਹੈ:-

1.ਮੁਨਸ਼ੀ ਗੁਲਾਮ ਹੁਸੈਨ, 'ਸੀਅਰੁਲਮੁਤੱਖਰੀਨ' ਦੇ ਮਨੋਕਲਪਤ ਕਥਨਾ ਦੀ ਓਟ ਲਈ ਹੈ ਤੇ ਕਿਹਾ ਹੈ ਕਿ ਮੁਨਸ਼ੀ ਗੁਲਾਮ ਹੁਸੈਨ ਨੇ ਲਿਖਿਆ ਹੋਇਆ ਹੈ ਕਿ:-

(ੳ)ਗੁਰੂ ਤੇਗ ਬਹਾਦਰ ਹਰ ਤਰ੍ਹਾਂ ਦੇ ਚੰਗੇ ਮਾੜੇ ਬੰਦਿਆਂ ਨੂੰ ਹਥਿਆਰ-ਬੰਦ ਕਰਕੇ ਰਾਜ ਦੇ ਵਿਰੁੱਧ ਖੋਰੂ ਪਾਉਂਦੇ ਫਿਰਦੇ ਸਨ।

(ਅ)ਲੁੱਟ ਮਾਰ ਤੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਕਰਦੇ ਫਿਰਦੇ ਸਨ।

(ੲ)ਗਿਲਾ ਅਸਲ ਵਿਚ ਗੁਰੂ ਨੂੰ ਇਹ ਸੀ ਕਿ ਕਿਸਨਾਂ ਕੋਲੋਂ, ਉਸ ਵੇਲੇ ਆਰਥਕ ਸੰਕਟ ਵਿਚ ਹਾਲਾ ਤੇ ਕਰ ਉਗਰਾਹ ਕੇ ਭੂਮੀ-ਕਾਰਾਂ ਉਤੇ ਧੱਕਾ ਕਿਉਂ ਕੀਤਾ ਜਾ ਰਿਹਾ ਸੀ।

ਗੁਲਾਮ ਹੁਸੈਨ ਦੀ ਅਸਲ ਲਿਖਤ ਪੜ੍ਹਿਆਂ ਸਪਸ਼ਟ ਹੋ ਜਾਂਦਾ ਹੈ ਕਿ ਉਸਨੇ (ੳ) ਵਾਲੀ ਗੱਲ ਉਕਾ ਨਹੀਂ ਕਹੀ ਅਤੇ (ਅ) ਵਾਲੀ ਗੱਲ ਬਾਬਤ ਉਹ ਸਪਸ਼ਟ ਦੱਸਦਾ ਹੈ ਕਿ ਗੁਰੂ ਦੇ ਨਾਲ ਕੇਵਲ ਸਾਧੂ ਅਤੇ ਧਾਰਮਿਕ ਬਿਰਤੀਆਂ ਵਾਲੇ, ਅਹਿੰਸਕ ਰੁਚੀਆਂ ਦੇ ਲੋਕ ਹੀ ਸਨ, ਕੋਈ ਹਥਿਆਰ ਯਾ ਹਥਿਆਰ-ਬੰਦ ਬੰਦੇ ਗੁਰੂ ਦੇ ਹਮਰਾਹੀ ਨਹੀਂ ਸਨ ਅਤੇ (ੲ) ਦੀ ਪ੍ਰੋੜਤਾ ਯਾ ਇਸ ਵੱਲ ਸੰਕੇਤ, 'ਸੀਅਰੁਲਮੁਤੱਖਰੀਨ' ਵਿਚ ਕਿਸੇ ਥਾਂ, ਸਿੱਧੇ ਯਾ ਟੇਢੇ ਢੰਗ ਨਾਲ, ਬਿਲਕੁਲ ਨਹੀਂ ਕੀਤਾ ਗਿਆ।

ਡਾ. ਫੌਜਾ ਸਿੰਘ ਨੇ ਮੈਕਾਲਫ ਦਾ ਆਸਰਾ ਭੀ ਲਿਆ ਹੈ, ਤਾਂ ਜੁ ਦੁਨੀਆਂ ਇਹ ਨਾਂ ਸਮਝੇ ਕਿ ਇਹ ਇਤਿਹਾਸਚਾਰਯ ਕੇਵਲ, ਉਸ ਸਮੇਂ ਦੇ ਸਿੱਖਾਂ ਦੇ ਸ਼ਤਰੂਆਂ, ਮੁਸਲਮਾਨਾਂ ਦੀ ਗਵਾਹੀ ਹੀ ਦੇ ਰਿਹਾ ਹੈ।ਆਪਣੀ ਪ੍ਰੋੜਤਾ ਵਿਚ ਡਾ. ਫੌਜਾ ਸਿੰਘ, ਸਿੱਖੀ ਤੇ ਸਿੱਖਾਂ ਦੇ ਪ੍ਰਸੰਸਕ, ਮੈਕਾਲਫ ਦੀ ਗਵਾਹੀ ਭੁਗਤਾਉਂਦਾ ਹੈ।ਡਾ. ਫੌਜਾ ਸਿੰਘ ਮੈਕਾਲਫ ਦੀ ਪੁਸਤਕ ਦੇ ਸਫਿਆਂ ਦਾ ਹਵਾਲਾ ਦੇਕੇ ਕਹਿੰਦਾ ਹੈ, ਕਿ ਗੁਰੂ ਤੇਗ ਬਹਾਦਰ ਧਰਮ ਵਾਸਤੇ ਸੀਸ ਦੇਣ ਲਈ, ਦਿੱਲੀ, ਆਗਰੇ ਵੱਲ ਨਹੀਂ ਸੀ ਗਏ, ਸਗੋਂ ਸਰਕਾਰੀ ਗ੍ਰਿਫਤਾਰੀ ਤੋਂ ਡਰਦੇ, ਐਧਰ ਓਧਰ ਸਿਰ ਲੁਕਾਉਂਦੇ ਫਿਰਦੇ ਸਨ।

ਡਾ. ਸਾਹਿਬ ਲਿਖਦੇ ਹਨ ਕਿ ਮੈਕਾਲਫ ਭੀ ਮੰਨਦਾ ਹੈ ਕਿ 'ਗੁਰੂ ਤੇਗ ਬਹਾਦਰ' ਆਗਰੇ ਪੁੱਜ ਕੇ ਸ਼ਹਿਰੋਂ ਬਾਹਰ, ਇਕ ਬਾਗ਼ ਵਿਚ ਲੁਕ ਬੈਠੇ ਸਨ (Took Shelter)।ਜਦੋਂ ਕਿ ਮੈਕਾਲਫ ਦੇ ਅਸਲ ਸ਼ਬਦ ਹਨ- 'ਗੁਰੂ ਨੇ ਸ਼ਾਹੀ ਬਾਗ਼' ਵਿਚ ਉਤਾਰਾ ਕੀਤਾ (Camped)।

ਸਪੱਸ਼ਟ ਹੈ ਕਿ ਡਾ. ਫੌਜਾ ਸਿੰਘ, ਝੂਠੇ ਮਨ-ਘੜਤ, ਤਵਾਰੀਖੀ ਹਵਾਲੇ ਭੀ ਦੇ ਰਿਹਾ ਹੈ ਅਤੇ ਤਵਾਰੀਖੀ ਹਵਾਲਿਆਂ ਨੂੰ ਬੇ-ਹਯਾਈ ਨਾਲ ਤੇ ਨਿਝੱਕ ਹੋਕੇ, ਤੋੜ-ਮਰੋੜ ਭੀ ਰਿਹਾ ਹੈ, ਤਾਂ ਜੁ ਉਹ ਗੁਰੂ ਤੇਗ

ਬਹਾਦੁਰ ਜੀ ਦੀ ਸ਼ਹੀਦੀ ਨੂੰ ਮਾਰਕਸਵਾਦ ਤੇ ਮਾਓਵਾਦ ਦਾ ਅਗੇਤਰਾ ਪ੍ਰਛਾਵਾਂ ਸਿੱਧ ਕਰਕੇ, ਸਿੱਖੀ ਨੂੰ ਨਿਰੰਕਾਰ ਦੀ ਪੂਜਾ ਅਤੇ ਧਰਮ-ਧੁਜਾ ਦੀ ਰੱਖਿਆ ਦੇ ਕਰਤੱਵਯ ਤੋਂ ਬੇ-ਮੁੱਖ ਕਰਕੇ, ਸਮਾਜਵਾਦੀਆਂ ਤੇ ਨਕਸਲੀਆਂ ਦਾ ਪਿਛਲੱਗ ਨਿੱਸਲੂ ਤੇ ਜੁੱਲੀ-ਚੁੱਕ ਬਣਾ ਸਕੇ।ਇਸ ਤੋਂ ਇਲਾਵਾ ਹੋਰ ਕੋਈ ਮੰਨਣ-ਯੋਗ ਵਿਆਖਿਆ, ਡਾ. ਫੌਜਾ ਸਿੰਘ ਦੇ ਰਵਈਏ ਦੀ, ਏਥੇ ਸੰਭਵ ਨਹੀਂ।

ਦੁਨੀਆਂ ਦੇ ਕਿਸੇ ਭਾਗ ਵਿਚ, ਕਿਸੇ ਯੂਨੀਵਰਸਿਟੀ ਵਿੱਚ, ਕੋਈ ਇਤਿਹਾਸ ਵਿਭਾਗ ਦਾ ਮੁਖੀ ਤਾਂ ਇਕ ਪਾਸੇ ਰਿਹਾ, ਕੋਈ ਇਤਿਹਾਸ ਦਾ ਮਾਮੂਲੀ ਅਧਿਆਪਕ ਭੀ, ਅਜੇਹੇ ਕੁਢੰਗ, ਜੇ ਇਸ ਬੇ-ਹਯਾਈ ਨਾਲ ਵਰਤਦਾ, ਤਾਂ ਝੱਟ-ਪੱਟ ਹੀ ਉਸ ਨੂੰ ਯੂਨੀਵਰਸਿਟੀ ਵਿਚੋਂ ਨਿਕਲ ਜਾਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ, ਇਹ ਭਲੀ ਪ੍ਰਕਾਰ ਵਿਖਿਯਾਤ ਹੈ।ਪਰ ਧੰਨ ਹਨ ਅੱਜ-ਕੱਲ ਦੇ ਸਿੱਖ ਅਤੇ ਉਨ੍ਹਾਂ ਦੇ ਹੱਥ ਆਈਆਂ ਯੂਨੀਵਰਸਿਟੀਆਂ, ਜਿਹੜੀਆਂ ਡਾ. ਫੌਜਾ ਸਿੰਘ ਦੇ ਇਸ ਕਾਰੇ ਦੀ ਹਿਮਾਇਤ ਕਰੀ ਜਾ ਰਹੀਆਂ ਹਨ, ਕਿ 'ਹਾਂ, ਇਹ ਉਕਾਈਆਂ ਤਾਂ ਫੌਜਾ ਸਿੰਘ ਜੀ ਕੋਲੋਂ ਹੋ ਗਈਆਂ ਹਨ, ਪਰ ਉਨ੍ਹਾਂ ਦੀ ਵਿਦਿਅਕ ਰੀਤੀ (Academic approach) ਬੜੀ ਪ੍ਰਸੰਸਾ-ਜਨਕ ਹੈ'।

(2) ਦੂਜਾ ਢੰਗ, ਜਿਸਦਾ ਆਸਰਾ ਫੌਜਾ ਸਿੰਘ ਜੀ ਨੇ ਲਿਆ ਹੈ, ਉਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਇਤਿਹਾਸਕ ਤੱਥ, ਜਿਹੜੇ ਕਿ ਪ੍ਰਮਾਣਤ ਹਨ, ਉਨ੍ਹਾਂ ਉਤੇ ਕਿੰਤੂ ਕਰਨਾਂ, ਅਤੇ ਇਉਂ ਵਿੰਗੇ-ਟੇਢੇ ਢੰਗ ਨਾਲ, ਇਸ ਸ਼ਹੀਦੀ ਦੀ ਜੋ ਰੂਪ-ਰੇਖਾ ਉਹ ਢਾਲਣਾ ਚਾਹੁੰਦੇ ਹਨ, ਉਸ ਲਈ ਮੈਦਾਨ ਸਾਫ ਕਰਨਾ। ਅੱਧੀ ਦਰਜਨ ਕਿੰਤੂ ਉਨ੍ਹਾਂ ਨੇ ਕੀਤੇ ਹਨ, ਜਿਹੜੇ ਕਿ ਸਾਰੇ ਦੇ ਸਾਰੇ ਅਗਿਆਨ-ਆਧਾਰਤ ਨਿਰਮੂਲ ਹੀ ਨਹੀਂ, ਸਗੋਂ ਹਾਸੋ-ਹੀਣੇ ਭੀ ਹਨ-

(ੳ)ਕਿੰਤੂ ਕੀਤਾ ਹੈ ਮੁਸਲਮਾਨੀ ਕਾਨੂੰਨ ਅਨੁਸਾਰ, ਕਤਲ ਸਜ਼ਾ ਤਾਂ ਕੇਵਲ ਯੁੱਧ ਵਿਚ ਫੜ੍ਹੇ ਗਏ ਸ਼ਤਰੂਆਂ ਅਤੇ ਉਗਰ ਦੋਸ਼ੀਆਂ ਨੂੰ ਹੀ ਦਿੱਤੀ ਜਾ ਸਕਦੀ ਹੈ, ਪਰ ਇਸ ਦੰਡ ਦਾ ਭਾਗੀ ਗੁਰੂ ਕਿਵੇਂ ਬਣ ਗਿਆ।ਯਾ ਤਾਂ ਡਾ. ਫੌਜਾ ਸਿੰਘ ਨੂੰ 'ਮੁਸਲਮਾਨੀ ਕਾਨੂੰਨ' ਸ਼ਰ੍ਹਾ ਦਾ ਉਕਾ ਕੁੱਝ ਪਤਾ ਨਹੀਂ ਅਤੇ ਯਾ ਉਹ ਜਾਣ-ਬੁੱਝ ਕੇ ਨਿਰਾਧਾਰ ਤੇ ਝੂਠੀਆਂ ਕਲਪਨਾਵਾਂ ਦਾ ਸਹਾਰਾ ਇਹ ਸਮਝ ਕੇ ਲੈ ਰਿਹਾ ਹੈ ਕਿ ਅੱਵਲ ਤਾਂ ਸਿੱਖਾਂ ਨੂੰ ਪਤਾ ਨਹੀਂ ਲੱਗਣਾ ਕਿ ਉਹ ਕੁਸੱਤ ਅਤੇ ਕੁਚੇਸ਼ਟਾ ਦਾ ਸਹਾਰਾ ਲੈ ਰਿਹਾ ਹੈ ਅਤੇ ਯਾ ਉਸ ਨੂੰ ਉਸ ਦੇ ਅਨੇਕ ਹਿਮਾਇਤੀ ਸਿੱਖਾਂ ਵਿਚੋਂ ਹੀ ਮਿਲ ਜਾਣਗੇ।ਇਸ ਵਿਚ ਨਾ ਸੰਸ਼ੇ ਹੈ ਅਤੇ ਨਾ ਸੰਦੇਹ ਕਿ ਮੁਸਲਮਾਨੀ ਕਾਨੂੰਨ ਦ੍ਰਿੜ ਹੈ ਕਿ ਜਦ ਕਿਸੇ ਗੈਰ-ਮੁਸਲਮ ਨੂੰ ਆਪਣਾ ਧਰਮ ਤਿਆਗ ਕੇ ਇਸਲਾਮੀ ਦੀਨ ਵਿਚ ਆਉਣ ਦਾ ਨਿਉਂਦਰਾ ਦਿੱਤਾ ਜਾਵੇ ਅਤੇ ਉਹ ਝੱਟ ਪੱਟ ਕਬੂਲ ਨਾ ਕਰੇ, ਤਦ ਉਸ ਨੂੰ ਕਤਲ ਕਰ ਦੇਣਾ ਚਾਹੀਏ।ਕੁਰਾਨ ਤੇ ਹਦੀਸਾਂ ਵਿਚ ਇਹ ਕਾਨੂੰਨ ਸਾਫ ਅੰਕਿਤ ਹੈ ਅਤੇ ਇਸ ਕਾਨੂੰਨ ਅਨੁਸਾਰ ਮੁਸਲਮ ਰਾਜਾਂ ਵਿਚ ਸ਼ਰ੍ਹਾ ਅਨੁਸਾਰ ਪਿਛਲੇ ਚੌਦਾਂ ਸੌ ਸਾਲਾਂ ਵਿਚ, ਅਨੇਕ ਧਰਮੀ ਬੰਦੇ ਕਤਲ ਹੋਏ ਹਨ।ਭਰੋਸੇਯੋਗ ਤਵਾਰੀਖ 'ਤਾਰੀਖੇ ਫੀਰੋਜ਼ਸ਼ਾਹੀ' ਦਾ ਕਰਤਾ, ਜ਼ਿਆਉਦੀਨ ਬਰਨੀ, ਜੋ ਕਿ ਸੁਲਤਾਨ ਅਲਾਉਦੀਨ (ਮ੍ਰਿਤੂ 1316) ਦਾ ਸਮਕਾਲੀ ਸੀ, ਲਿਖਦਾ ਹੈ ਕਿ ਇਕ ਵਾਰ ਸੁਲਤਾਨ ਨੇ, ਉਸ ਸਮੇਂ ਦੇ ਮੰਨੇ-ਪ੍ਰਮੰਨੇ ਮੁਸਲਿਮ ਆਲਮ, ਕਾਜ਼ੀ ਸੁਗੀਥੱਦੀਨ ਬਿਆਨਵੀ ਕੋਲੋਂ ਪੁੱਛਿਆ ਕਿ ਮੁਸਲਮਾਨੀ ਕਾਨੂੰਨ, ਹਿੰਦੂਆਂ ਬਾਬਤ ਕੀ ਹੈ ?, ਤਾਂ ਕਾਜ਼ੀ ਸਾਹਿਬ ਨੇ ਉਤਰ ਦਿੱਤਾ;

"ਨਿਰਸੰਦੇਹ ਅਤੇ ਸਪਸ਼ਟ ਸ਼ਰ੍ਹਾ ਦਾ ਹੁਕਮ ਹਿੰਦੂਆਂ ਬਾਬਤ ਇਹ ਹੈ ਕਿ ਜਦੋਂ ਭੀ ਉਹ ਮੁਸਲਮਾਨ ਬਣਨ ਤੋਂ ਇਨਕਾਰੀ ਹੋਣ, ਕਤਲ ਕਰ ਦਿੱਤੇ ਜਾਣ" (ਅਮਾ ਅਲ ਕਤਲ ਵ ਅਮ ਅਲ ਇਸਲਾਮ)।

ਇਹੋ ਸਪਸ਼ਟ ਤੇ ਪ੍ਰਮਾਣਿਤ ਮੁਸਲਮਾਨੀ ਕਾਨੂੰਨ ਹੈ, ਜਿਸ ਅਨੁਸਾਰ ਗੁਰੂ ਤੇਗ ਬਹਾਦਰ ਜੀ ਸ਼ਹੀਦ ਕੀਤੇ ਗਏ।ਜੇ ਡਾ. ਫੌਜਾ ਸਿੰਘ ਨੂੰ ਇਸ ਸਾਧਾਰਣ ਗੱਲ ਦਾ ਭੀ ਪਤਾ ਨਹੀਂ, ਤਾਂ ਭੀ ਅਤੇ ਜੇ ਉਹ ਜਾਣ-ਬੁੱਝ ਕੇ ਬਦਨੀਤੀ ਨਾਲ, ਕਿੰਤੂ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕਰ ਰਹੇ ਹਨ ਤਾਂ ਭੀ,ਉਹ ਕਮਿਊਨਿਸਟਾਂ ਤੇ ਮਾਓਵਾਦੀਆਂ ਵਿਚ ਕਿਤਨੇ ਪ੍ਰਿਯ ਭੀ ਕਿਉਂ ਨਾ ਹੋਣ ਅਤੇ ਹਜ਼ਰਤ ਔਰੰਗਜ਼ੇਬ ਆਲਮਗੀਰ ਰਹਿਮਤੱਲਾਲਹ, ਜ਼ਿੰਦਹ ਪੀਰ, ਜਿਸਦੇ ਧਰਮ ਵਿਰੁੱਧ ਘੋਰ ਧੱਕੇ ਦੇ ਬਰਖਲਾਫ ਪ੍ਰੋਟੈਸਟ ਦੇ ਤੌਰ ਤੇ, ਨਵਮ ਪਾਤਸ਼ਾਹ ਨੇ, ਆਪਣੇ ਸ਼ਰੀਰ ਦਾ ਭਾਂਡਾ, ਉਸਦੇ ਸਿਰ ਉਤੇ ਮਾਰ ਕੇ ਤੋੜ ਸੁੱਟਿਆ ਸੀ। ਠੀਕਰਿ ਫੋਰਿ ਦਿਲੀਸ ਸਿਰਿ,ਪ੍ਰਭ ਪੁਰ ਕੀਆ ਪਯਾਨ॥(ਪੰਨਾ54)

ਦੇ ਕਿਤਨੇ ਅਨਿੰਨ ਭਗਤ ਭੀ ਕਿਉਂ ਨਾ ਹੋਣ, ਉਹ ਕਿਸੇ ਯੂਨੀਵਰਸਿਟੀ ਵਿਚ ਵਿਭਾਗ-ਮੁਖੀ ਰਹਿਣਾ ਤਾਂ ਇਕ ਪਾਸੇ ਰਿਹਾ, ਅਧਿਆਪਕ ਬਣਨ ਦੇ ਭੀ ਯੋਗ ਨਹੀਂ।ਅੱਗੇ, ਜਿੰਨ੍ਹਾਂ ਕੋਲ ਤਾਕਤ ਹੈ, ਉਹ ਨਿਹਕਲੰਕ ਹੀ ਸਮਝੇ ਜਾਣੇ ਚਾਹੀਦੇ ਹਨ।ਇਹੋ ਭਾਰਤੀ ਪ੍ਰੰਪਰਾ ਹੈ।'ਸਮ੍ਰਥ ਕੋ ਨਹਿ ਦੋਸ਼ ਗੁਸਾਈਂ'।

(ਅ)ਇਕ ਹੋਰ ਕਿੰਤੂ ਹੈ, ਕਿ ਜੇ ਔਰੰਗਜ਼ੇਬ ਨੇ ਸਭ ਹਿੰਦੂਆਂ ਨੂੰ ਮੁਸਲਮਾਨ ਬਨਾਉਣਾ ਹੁੰਦਾ ਤਾਂ ਉਸ ਨੇ ਦਿੱਲੀ ਤੇ ਆਗਰੇ ਦੇ ਆਲੇ-ਦੁਆਲੇ ਦੇ ਹਿੰਦੂ ਕਿਉਂ ਰਹਿਣ ਦਿੱਤੇ ਅਥਵਾ ਕਸ਼ਮੀਰ ਵਿਚ ਇਹ ਯੋਜਨਾ ਕਿਉਂ ਲਾਗੂ ਹੋਈ? ਇਸਦਾ ਉਤਰ ਭਾਈ ਫੌਜਾ ਸਿੰਘ ਨੂੰ, ਹੁਣ ਕੌਣ ਦੱਸੇ ਕਿ ਔਰੰਗਜ਼ੇਬ ਐਨਾ ਮੂਰਖ ਨਹੀਂ ਸੀ ਕਿ ਸ਼ੁਰੂ ਵਿਚ ਹੀ, ਆਪਣੀ ਸਲਤਨਤ ਦੀ ਰਾਜਧਾਨੀ ਵਿਚ ਗੜਬੜ ਪੁਆ ਲੈਂਦਾ।ਕਸ਼ਮੀਰ ਵਰਗੇ ਸੀਮਾ ਪ੍ਰਾਂਤ ਵਿਚ ਹੀ ਅੱਗ ਲਾਉਣੀ ਠੀਕ ਸੀ, ਤਾਂ ਜੁ ਜੇ ਬੁਝਾਈ ਨਾਂ ਜਾ ਸਕੇ ਤਾਂ ਉਸ ਦਾ ਸੇਕ ਦਿੱਲੀ ਨੂੰ ਨਾਂ ਪਹੁੰਚੇ।ਦੂਜੇ, ਦਿੱਲੀ ਆਗਰੇ ਦੇ ਦੁਆਲੇ ਦੇ ਜਾਟ ਇਤਨੇ ਨਰਮ ਤੇ ਗਾਜਰ ਮੂਲੀ ਨਹੀਂ ਸਨ, ਕਿ ਹੁਕਮ ਹੁੰਦੇ ਸਾਰ ਮੁਸਲਮਾਨ ਬਣ ਜਾਂਦੇ।ਉਨ੍ਹਾਂ ਨੇ ਭੜਕਣਾ ਤੇ ਮੁਕਾਬਲਾ ਕਰਨਾਂ ਸੀ, ਜਿਵੇਂ ਕਿ ਪਿੱਛੋਂ ਜਾਕੇ, ਰਾਜਾ ਰਾਮ, ਗੋਕਲ ਜਾਟ, ਰਾਮ ਚਿਹਰਾ ਤੇ ਸੂਰਜ ਮੱਲ ਆਦਿ ਜਾਟਾਂ ਨੇ ਕੀਤਾ।ਕਸ਼ਮੀਰ ਦੇ ਬ੍ਰਾਹਮਣ ਬਗਾਵਤ ਕਰਨ ਜੋਗੇ ਨਹੀਂ ਸਨ।ਉਹ ਤਾਂ ਅਮਰ ਨਾਥ ਦੇ ਸ਼ਿਵ ਲਿੰਗ ਕੋਲ ਪ੍ਰਾਰਥਨਾ ਅਤੇ ਗੁਰੂ ਤੇਗ ਬਹਾਦਰ ਕੋਲ ਬੇਨਤੀ ਹੀ ਕਰ ਸਕਦੇ ਸਨ।

ਤੁਰਕ ਤੇਜ ਤੇ ਬਿਨ ਬਲ ਹਿੰਦੂ।

ਜਿਸ ਯੂਨੀਵਰਸਿਟੀ ਦੇ ਇਤਿਹਾਸ-ਵਿਭਾਗ ਦੇ ਮੁਖੀ ਨੂੰ ਤਾਰੀਖ ਦੇ ਅਜਿਹੇ ਸਪੱਸ਼ਟ ਮਰਮਾਂ ਦੀ ਭੀ ਸੋਝੀ ਨਹੀਂ ਉਹ ਵਿਦਿਆਰਥੀਆਂ ਨੂੰ ਕੀ ਪੜ੍ਹਾਉਂਦਾ ਹੋਵੇਗਾ, ਇਹ ਕੋਈ ਨਹੀਂ ਸੋਚਦਾ, ਸਭ ਇਹੋ ਕਹੀ ਜਾਂਦੇ ਹਨ ਡਾ. ਫੌਜਾ ਸਿੰਘ ਦੀ ਖੋਜ-ਰੀਤੀ (Approach)ਬੜੀ ਸੁਚੱਜੀ ਹੈ, ਇਨ੍ਹਾਂ ਦੀ ਵਿਦਿਅਕ ਸ੍ਵਤੰਤ੍ਰਤਾ (Academic freedom) ਵਿਚ ਦਖਲ ਨਹੀਂ ਦੇਣਾ ਚਾਹੀਦਾ, ਆਦਿ।ਕਿਆ ਮਖੌਲ ਬਣਿਆਂ ਹੋਇਆ ਹੈ। ਸਮਝਿਆ ਜਾ ਰਿਹਾ ਹੈ ਕਿ ਸਿੱਖ ਮਰ ਚੁੱਕੇ ਹਨ, ਇਹਨਾਂ ਦਾ ਮਾਸ, ਜੋ ਕਾਂ ਕੁੱਤਾ ਚਾਹਵੇ ਖਾ ਲਵੇ। ਇਸ ਪ੍ਰਕਾਰ ਦੇ ਹੋਰ ਕਿੰਤੂ ਕਰਕੇ ਡਾ. ਸਾਹਿਬ ਘੋਸ਼ਣਾ ਕਰਦੇ ਹਨ, ਕਿ "ਬਚਿਤ੍ਰ ਨਾਟਕ" ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰੂ ਪਿਤਾ ਦੀ ਸ਼ਹੀਦੀ ਬਾਰੇ ਜੋ ਕਿਹਾ ਹੈ, ਕਿ ਇਹ 'ਧਰਮ ਹੇਤ ਸਾਕਾ' ਸੀ, ਇਥੇ ਧਰਮ ਦੇ ਅਰਥ ਤੇ ਪਰਿਭਾਸ਼ਾ ਇਹ ਨਹੀਂ ਕਿ ਤਿੰਨ-ਕਾਲ ਸੱਤਯ, ਅਵਿਨਾਸ਼ੀ ਸੰਸਾਰ ਦੀ ਸਥਿਤੀ ਦਾ ਸਥੰਭ, ਅਨਾਦੀ ਤੇ ਸਨਾਤਨ, ਅਦ੍ਰਿਸ਼ਟ ਮਧੂ, "ਧਰਮ ਧਾਰਯਤਿ ਇਮ" ਅਦ੍ਰਿਸ਼ਟ ਦਾ ਸਾਰੰਸ ਅਤੇ ਦ੍ਰਿਸ਼ਟ ਦਾ ਮੂਲਾਧਾਰ-

ਧੌਲੁ ਧਰਮੁ ਦਇਆ ਕਾ ਪੂਤ॥ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥(ਜਪੁਜੀ)

ਸਗੋਂ 'ਧਰਮ' ਦਾ ਅਸਲੀ ਮਤਲਬ ਤੇ ਪਰਿਭਾਸ਼ਾ ਇਹ ਹੈ ਕਿ ਅਨਿਆਂ ਦਾ ਵਿਰੋਧ, (ਸਰਮਾਏਦਾਰੀ ਦੀ ਲੁੱਟ-ਖਸੁੱਟ ਵਿਰੁੱਧ ਕ੍ਰਿਸਾਨਾਂ ਕਾਮਿਆਂ ਦਾ ਘੋਲ)।ਇਸੇ ਤਰ੍ਹਾਂ 'ਜਗਤ' ਦੇ ਅਰਥ ਹਨ, ਸਾਰੀ ਭੂਗੋਲਿਕ ਦੁਨੀਆਂ, ਕੇਵਲ ਹਿੰਦੁਸਤਾਨ ਨਹੀਂ।'ਜਗਤ' ਦੇ ਪ੍ਰਮਾਣਤ ਅਰਥ 'ਅਮਰ ਕੋਸ਼' ਆਦਿਕ ਗ੍ਰੰਥਾਂ ਵਿਚ ਜੋ ਦਿੱਤੇ ਹੋਏ ਹਨ;

ਜੋ ਨਿੱਤ ਪ੍ਰਵਾਹ, 'ਜਾ ਗਤਿ ਸਹ ਜਗਤਹ' ਚਲਾਏਮਾਨ, ਸਥਿਰਤਾ ਰਹਿਤ, (Phonemanon) ਹੈ, ਉਹ ਜਗਤ ਹੈ।ਭੂਗੋਲ ਇਸਦੇ ਅਰਥ ਨਹੀਂ, ਇਹ ਗੱਲ ਫੌਜਾ ਸਿੰਘ ਜੀ ਨੇ ਕਦੇ ਸੁਣੀ ਨਹੀਂ ਜਾਪਦੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਜਗਤ' ਸ਼ਬਦ, 'ਬਚਿਤ੍ਰ ਨਾਟਕ' ਵਿਚ, ਇੰਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ।ਫੌਜਾ ਸਿੰਘ ਜੀ ਅਨੁਸਾਰ 'ਜਗਤ' ਦਾ ਭਾਵ ਇਹ ਹੈ ਕਿ ਗੁਰੂ ਤੇਗ ਬਹਾਦਰ ਸਾਰੀ ਭੂਗੋਲਿਕ ਦੁਨੀਆਂ ਵਿਚ ਸਰਮਾਏਦਾਰੀ ਖਤਮ ਕਰਨ ਲਈ ਕ੍ਰਿਸਾਨਾਂ ਕਾਮਿਆਂ ਦੀ ਡਿਕਟੇਟਰਸ਼ਿੱਪ ਬਾਲਾਦਸਤੀ ਸਥਾਪਤ ਕਰਨ ਲਈ ਕਤਲ ਹੋਏ ਸਨ, ਤਦ ਹੀ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ:- ਹੈ ਹੈ ਹੈ ਸਭ ਜਗ ਭਯੋ...। ਧੰਨ ਗੁਰੂ ਕੇ ਸਿੱਖ ਅਕਲ ਕੇ ਪੱਕੇ ਬੈਰੀ।ਪੰਥ ਪ੍ਰਕਾਸ਼ ਦੇ ਕਰਤਾ ਗਿਆਨ ਸਿੰਘ ਗਿਆਨੀ ਦਾ ਕਥਨ ਹੈ।

(3)ਤੀਜਾ ਢੰਗ ਫੌਜਾ ਸਿੰਘ ਨੇ ਧਰਮ ਰੱਖਿਅਕ, ਹਿੰਦ ਕੀ ਚਾਦਰ, ਧਰਮ-ਧੁਜਾ ਸਮ੍ਰਾਟ, ਜਗਤਗੁਰੂ, ਗੁਰੂ ਤੇਗ ਬਹਾਦਰ ਨੂੰ ਕਾਮਰੇਡ 'ਤਿਆਗ ਮੱਲ' ਬਨਾਉਣ ਲਈ ਅਤੇ ਸਿੱਖੀ ਤੇ ਸਿੱਖਾਂ ਨੂੰ ਸਾਮਵਾਦ ਦੀ ਸਥਾਪਤੀ ਦੀਆਂ ਜੜ੍ਹਾਂ ਵਿਚ ਖਾਦ ਬਣਾ ਕੇ ਪਾਉਣ ਲਈ ਵਰਤਿਆ ਹੈ, ਕਿ ਨਿਰੋਲ ਮਨੋ-ਕਲਪਤ ਕਥਾ

ਬਣਾ ਕੇ ਲਿਖ ਦਿੱਤੀ ਹੈ ਕਿ ਗੁਰੂ ਤੇਗ ਬਹਾਦਰ ਜੀ, ਹਥਿਆਰ ਵੰਡ ਕੇ, ਲੁੱਟ ਮਾਰ ਕਰਕੇ, ਲੋਕਾਂ ਨੂੰ ਤੁਰਕਾਨੀ ਸਾਮਰਾਜ ਵਿਰੁੱਧ ਉਭਾਰ ਰਹੇ ਸਨ।ਉਂਜ ਤੁਰਕ, ਮੁਗਲ, ਪਠਾਣ, ਮੁਸਲਮਾਨ; ਹਿੰਦੁਸਤਾਨ ਵਿਚ ਬਾਹਰੋਂ ਆਏ ਕੋਈ ਜਰਵਾਣੇ ਨਹੀਂ ਸਨ, ਉਹ ਬੜੇ ਭਲੇ ਲੋਗ ਅਤੇ ਹਿੰਦੂਆਂ ਸਿੱਖਾਂ ਵਾਂਗੂੰ ਹੀ ਹਿੰਦੁਸਤਾਨੀ ਸਨ।ਸੰਘਰਸ਼ ਗੁਰੂ ਤੇਗ ਬਹਾਦਰ ਦਾ, ਸਰਮਾਏਦਾਰੀ ਦੀ ਲੁੱਟ ਖਸੁੱਟ ਦੇ ਵਿਰੁੱਧ ਸੀ, ਨਾ ਕਿ ਤੁਰਕਾਂ ਵਿਰੁੱਧ ਅਤੇ ਨਾ ਹੀ ਕਿਸੇ ਅਦ੍ਰਿਸ਼ਟ, ਅਗਲੇ ਲੋਕ ਦੀ ਸੁਰਤ ਸੰਭਾਲ ਕਰਨ ਵਾਲੇ ਧਰਮ ਦੀ ਰੱਖਿਆ ਲਈ।

ਇਸ ਪ੍ਰਕਾਰ ਦੀਆਂ ਬੇ-ਥਵੀਆਂ ਯਮਲੀਆਂ ਅਤੇ ਲਿਚਗੜਿਚੀਆਂ ਡਾ. ਫੌਜਾ ਸਿੰਘ ਨੇ ਕੋਈ ਅੱਸੀ, ਸੌ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਖੋਜ ਪੜਤਾਲ ਦਾ ਬਹਾਨਾ ਬਣਾਕੇ, ਲਾਈਆਂ ਹਨ, ਜਿਨ੍ਹਾਂ ਦਾ ਉਤਰ ਦੇਣ ਲਈ ਮੈਨੂੰ ਸ਼੍ਰੋਮਣੀ ਗੁ.ਪ੍ਰ.ਕਮੇਟੀ ਨੇ ਆਗਿਆ ਕੀਤੀ ਸੀ ਤਾਂ ਮੈਂ ਸੌ ਕੁ ਸਫੇ ਦੀ ਪੁਸਤਕਾ ਤਿਆਰ ਕਰਕੇ ਉਸਦਾ ਕੱਚਾ ਢਾਂਚਾ ਆਪਣੇ ਕੋਲ ਰੱਖਿਆ ਹੋਇਆ ਹੈ ਪਰ ਜਦ ਉਸ ਢਾਂਚੇ ਨੂੰ ਕੁੱਝ ਸੱਜਣਾਂ ਨੂੰ ਦਿਖਲਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਫੌਜਾ ਸਿੰਘ ਦੇ ਲੱਚਰ ਲੇਖ ਦਾ ਇਸ ਪੱਧਰ ਉਤੇ ਉਤਰ ਦੇਣਾ ਇਉਂ ਹੈ ਜਿਵੇਂ ਕਿਸੇ ਜੇਬ-ਕੁਤਰੇ ਨੂੰ ਨਾਗਪੁਰ ਸ਼ਹਿਰ ਵਿਚ ਫੜ੍ਹਨ ਲਈ, ਹਿੰਦੁਸਤਾਨੀ ਫੌਜ ਦੀ ਅਤੇ ਉਤਰੀ ਕਮਾਨ ਦੇ ਦੋ ਬ੍ਰਿਗੇਡ ਫੌਜ ਦੇ ਅਤੇ ਇਕ ਬ੍ਰਿਗੇਡ ਟੈਂਕਾਂ ਦਾ ਤਿਆਰ ਕੀਤਾ ਜਾਵੇ।ਤੁਸੀਂ ਇਹ ਮਸਾਲਾ ਕਿਸੇ ਹੋਰ ਮਕਸਦ ਲਈ ਆਪਣੇ ਕੋਲ ਸੁਰੱਖਿਅਤ ਰੱਖੋ ਅਤੇ ਡਾ. ਫੌਜਾ ਸਿੰਘ ਦੇ ਜੁਵਾਬ ਵਿਚ ਕੋਈ ਹੌਲਾ, ਸੁਬਕ ਪੱਧਰ ਦਾ ਪੈਂਫਲਿਟ, ਪੰਦਰਾਂ ਵੀਹ ਸਫਿਆਂ ਦਾ ਲਿਖੋ, ਤਾਂ ਜੁ 'ਸਰਬੱਤ ਦਾ ਭਲਾ' ਹੋਵੇ।

ਇਉਂ ਵਿਚਾਰ ਕੇ ਮੈਂ ਚੁੱਪ ਕਰਕੇ, ਚੰਗੇਰੇ ਸਮੇਂ ਦੀ ਉਡੀਕ ਵਿਚ ਬੈਠਾ ਹੋਇਆ ਸੀ, ਕਿ ਬੰਬਈ ਦੇ ਇਕ ਸਪਤਾਹਿਕ ਵਿਚ, ਪ੍ਰੋ. ਨਰਿੰਜਨ ਸਿੰਘ ਜੀ ਦਾ ਇਕ ਲੇਖ, 'ਸਿੱਖ ਇਤਿਹਾਸਕ ਖੋਜ ਤੇ ਡਾ. ਫੌਜਾ ਸਿੰਘ' ਛਪਿਆ ਹੋਇਆ ਮੈਂ ਵੇਖਿਆ, ਜਿਸ ਵਿਚ ਨਰਿੰਜਨ ਸਿੰਘ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਸੁਣ ਕੇ, ਕਿ ਸਿੱਖਾਂ ਵਿਚ ਕੁੱਝ ਅਜੇਹੇ ਬੁਰਛੇ ਭੀ ਹਨ, ਜੋ ਡਾ. ਫੌਜਾ ਸਿੰਘ ਵਰਗੇ ਮਹਾਨ ਵਿਦਵਾਨ ਦੇ ਮਾਣ ਸਤਿਕਾਰ ਨੂੰ ਤੇ ਡਾਕਟਰ ਸਾਹਿਬ ਦੀਆਂ ਲਿਖਤਾਂ ਨੂੰ ਅਸਵੀਕਾਰ ਕਰਕੇ ਭੰਗ ਕਰਦੇ ਹਨ, ਕਈ ਰਾਤਾਂ ਨੀਂਦ ਨਹੀਂ ਆਈ।ਉਹ ਕਹਿੰਦੇ ਹਨ ਕਿ "ਹੁਣ ਅਸਾਨੂੰ ਪੁਰਾਣੇ ਖਿਆਲ ਛੱਡਣੇ ਪੈਣਗੇ ਅਤੇ ਡਾ. ਫੌਜਾ ਸਿੰਘ ਦੀ ਖੋਜ-ਭਾਵਨਾ ਨੂੰ ਸਲਾਹੁਣਾ ਪਵੇਗਾ"।

ਇਹ ਭਲੀ ਪ੍ਰਕਾਰ ਬਿਖਿਆਤ ਹੈ ਕਿ ਪ੍ਰੋ. ਨਿਰੰਜਨ ਸਿੰਘ ਜੀ ਕਿਸੇ ਉਲਝੀ ਹੋਈ ਅਤੇ ਔਝੜ ਪਈ ਹੋਈ ਨਵੀਨ ਵਿਚਾਰਧਾਰਾ, 'ਨਵੀਆਂ ਕੀਮਤਾਂ' ਦੇ ਸ਼ਿਕਾਰ ਹਨ।ਮੈਂ ਉਨ੍ਹਾਂ ਦਾ, ਹੁਣ ਮ੍ਰਿਤੂ ਹੋ ਚੁੱਕਾ ਰਸਾਲਾ 'ਨਵੀਂਆਂ ਕੀਮਤਾਂ' ਪੜ੍ਹਦਾ ਰਿਹਾ ਹਾਂ।ਮੈਨੂੰ ਇਹ ਭੀ ਪਤਾ ਹੈ ਕਿ ਸਿੱਖੀ ਵਿਚ ਤਿੰਨ ਚਾਰ ਕਾਲਜਾਂ ਦੇ ਪ੍ਰੋਫੈਸਰ, ਉਨ੍ਹਾਂ ਦੇ ਉਰਧ ਵਿਚਾਰਾਂ ਦੇ ਸਮਰਥਕ ਤੇ ਪ੍ਰਚਾਰਕ ਹਨ, ਜਿਨ੍ਹਾਂ ਦੀ ਕਿ ਅੱਲ, 'ਨਿਰੰਜਨੀਏ" ਪ੍ਰਚੱਲਤ ਹੈ। ਹਿੰਦਾਲੀਆਂ ਤੇ ਨਿਰੰਜਨੀਆ ਨੂੰ, ਪੰਥ ਤੇ ਸਿੱਖੀ ਦੇ ਮਗਰੋਂ ਲਾਹੁਣ ਲਈ, ਅਠਾਰ੍ਹਵੀਂ ਸਦੀ ਵਿਚ, ਸਿੱਖਾਂ ਨੂੰ ਬੜਾ ਖੂਨ ਡੋਹਲਣਾ ਪਿਆ ਸੀ, ਜਿਸ ਨਾਲ, ਜੰਡਿਆਲੇ ਦਾ ਆਲਾ ਦੁਆਲਾ ਸਿੱਖਾਂ ਦੇ ਲਹੂ ਨਾਲ ਸਿੰਜਿਆ ਗਿਆ ਸੀ।ਹੁਣ ਜੇ ਤਾਂ ਪ੍ਰੋ. ਨਿਰੰਜਨ ਸਿੰਘ ਜੀ 'ਪੁਰਾਣੇ ਖਿਆਲਾਂ' ਤੋਂ ਭਾਵ, 'ਸਿੱਖਾਂ' ਤੇ 'ਧਰਮ' ਤੋਂ ਲੈਂਦੇ ਹਨ ਜਿਸ ਬਾਬਤ ਕਿ ਗੁਰਵਾਕ ਹੈ: 'ਸਚੁ ਪੁਰਾਣਾ ਨਾ ਥੀਐ' ਤਾਂ ਹੋਰ ਖੁੱਲ੍ਹ ਕੇ ਗੱਲ ਕਰਨ, ਨਹੀਂ ਤਾਂ ਸਪੱਸ਼ਟ ਦੱਸਣ ਕਿ ਕਿਹੜੇ 'ਪੁਰਾਣੇ ਖਿਆਲ' ਤਿਆਗ ਦੇਈਏ ਤੇ ਕਿਹੜੀਆਂ 'ਨਵੀਆਂ ਕੀਮਤਾਂ' ਗ੍ਰਹਿਣ ਕਰੀਏ ਤਾਂ ਜੁ ਐਵੇਂ ਹਵਾ ਵਿਚ ਗਤਕੇਬਾਜ਼ੀ ਕਰਨ ਦੀ ਥਾਂ ਬੁੱਧੀ ਦੀ ਪੱਧਰ ਉਤੇ ਵਿਚਾਰ ਚਰਚਾ ਚੱਲ ਸਕੇ।ਹੋਰ, ਇਹ ਭੀ ਸਪੱਸ਼ਟ ਕਰਨ ਕਿ ਕੀ ਸਿੱਖ, ਹਰ 'ਨਿਰੰਜਣੀਏ' ਦੀ 'ਖੋਜ-ਭਾਵਨਾ' ਦਾ ਨਿਰ-ਵਿਰੋਧ ਸਤਿਕਾਰ ਕਰਨ ਲਈ ਪਾਬੰਦ ਅਤੇ ਮਜ਼ਬੂਰ ਹਨ, ਯਾ ਉਨ੍ਹਾਂ ਨੂੰ ਇਹ ਹੱਕ ਭੀ ਹੈ ਕਿ ਉਹ ਕਿਸੇ ਦੀ 'ਖੋਜ ਭਾਵਨਾ' ਦੇ ਪਿੱਛੇ ਦਿਸ ਰਹੀ, ਕੁਚੇਸ਼ਟਾ ਅਤੇ ਘੋਰ ਅਗਿਆਨਤਾ ਦਾ ਨਿਰੀਖਣ ਕਰਨ ਦੇ ਭੀ ਯੋਗ ਹਨ ਅਤੇ ਉਸ ਵਿਰੁੱਧ ਪ੍ਰੋਟੈਸਟ ਕਰਨ ਦੇ ਭੀ ਅਧਿਕਾਰ ਰੱਖਦੇ ਹਨ:-

ਯਿਹ ਭੀ ਪਰਦਾ ਹੈ ਕਿ ਚਿਲਮਨ ਸੇ ਲਗੇ ਬੈਠੇ ਹੋ, ਸਾਫ ਛੁਪਤੇ ਭੀ ਨਹੀਂ ਸਾਹਮਣੇ ਆਤੇ ਭੀ ਨਹੀਂ।

*(ਇਹ ਲੇਖ ਚੌਦਾਂ ਸਾਲਾਂ ਬਾਅਦ, 'ਗੁਰਮਤਿ ਪ੍ਰਕਾਸ਼', ਅਕਤੂਬਰ 1993, ਵਿਚ ਛਪਿਆ ਸੀ)*

# ਅਕਾਲੀ ਕੌਰ ਸਿੰਘ ਜੀ ਦਸਮ-ਗ੍ਰੰਥ ਬਾਰੇ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1979 ਈ: ਵਿਚ ਅਕਾਲੀ ਕੌਰ ਸਿੰਘ (ਜੀਵਨ, ਵਿਅਕਤਤ੍ਵ ਤੇ ਸਾਹਿਤ ਰਚਨਾ) ਬਾਰੇ ਹਿੰਮਤ ਸਿੰਘ ਦੁਆਰਾ ਲਿਖੀ ਪੁਸਤਕ ਮੁਤਾਬਕ 1886ਈ:-1953ਈ: ਉਨ੍ਹਾਂ ਦਾ ਜੀਵਨ ਕਾਲ ਬਣਦਾ ਹੈ, ਪਰ 'ਗੁਰ ਸ਼ਬਦ ਰਤਨ ਪ੍ਰਕਾਸ਼' ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਆਰ ਕਰਕੇ ਪੰਥਕ ਸੇਵਾ ਕਾਰਨ ਉਹ ਸਦਾ ਲਈ ਅਮਰ ਹੋ ਗਏ, ਹਾਲਾਂ ਕਿ ਇਹ ਤਤਕਰਾ ਨਕਲ ਕਰਕੇ ਅੱਜ ਕੱਲ ਹੋਰ ਵੀ ਕਈ ਤਰੀਕਿਆਂ ਨਾਲ ਉਪਲਬਧ ਹੈ।ਹੋਰ ਬਹੁਤ ਸਾਰੀਆਂ ਰਚਨਾਵਾਂ ਤੋਂ ਬਿਨਾਂ, ਇਸ ਤੋਂ ਦੂਜੇ ਨੰਬਰ ਤੇ ਉਨ੍ਹਾਂ ਦੀ ਰਚਨਾ ਹੈ 'ਇਸਤ੍ਰੀ ਸੰਕਟ ਮੋਚਨ' ਜੋ ਕਿ 360 ਸਫੇ ਦੀ ਵਡਆਕਾਰੀ ਰਚਨਾ ਹੈ ਤੇ ਇਸਦੇ ਲਿਖਣ ਦਾ ਮੁੱਢ ਅਕਾਲੀ ਜੀ ਦੇ ਦਸਮ ਗ੍ਰੰਥ ਸਾਹਿਬ ਤੇ ਖਾਸ ਕਰਕੇ 'ਚਰਿਤ੍ਰੋ-ਪਾਖਯਾਨ' ਦਾ ਅਧਿਐਨ ਕਰਕੇ ਬੱਝਾ ਸੀ।ਸਾਰੀ ਉਮਰ ਉਹ ਬਾਲ ਵਿਆਹ ਦੇ ਵਿਰੋਧ ਅਤੇ ਪੁਨਰ ਵਿਆਹ ਦੇ ਹੱਕ ਵਿਚ ਡੱਟੇ ਰਹੇ।ਉਨ੍ਹਾਂ ਦਾ ਪੰਥਕ ਜੀਵਨ ਦੇਖਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰ: 692 ਉਪਰ ਨਾਨਕ ਪੰਥੀ ਸਿਰਲੇਖ ਅਧੀਨ ਚਿੱਤ੍ਰ ਪ੍ਰਕਾਸ਼ਤ ਕੀਤਾ ਹੋਇਆ ਹੈ।

ਹਿੰਮਤ ਸਿੰਘ ਜੀ ਪੰ:6 ਤੇ ਲਿਖਦੇ ਹਨ--ਹੋਣਹਾਰ ਤੇ ਚਤੁਰ ਬੁੱਧੀ ਵਾਲੇ ਬਾਲਕ ਨੂੰ ਸਮੇਂ ਦੇ ਇਕ ਪ੍ਰਸਿੱਧ ਵਿਦਵਾਨ ਬਜ਼ੁਰਗ ਮਹਾਂ ਸਿੰਘ ਪਾਸ ਵਿਦਿਆ ਪ੍ਰਾਪਤੀ ਲਈ ਛੱਡ ਦਿੱਤਾ।ਇਥੇ ਗੁਰਬਾਣੀ, ਅਤੇ ਗੁਰਮਤਿ ਦੀ ਗੁੜਤੀ ਮਿਲੀ ਜਿਸਨੇ ਬਾਅਦ ਵਿਚ ਪਸ਼ੌਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਬਾਘ ਸਿੰਘ ਜੀ ਦੀ ਸੰਗਤ ਵਿਚ ਹੋਰ ਪ੍ਰਫੁਲਤ ਹੋਣਾ ਸੀ।ਮਹਾਂ ਸਿੰਘ ਨੇ ਜਿੱਥੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਪੜ੍ਹਾਈ ਉਥੇ ਨਾਲ ਹੀ ਚਕਿਤਸਾ ਦਾ ਗਿਆਨ ਵੀ ਪੂਰਨ ਸਿੰਘ (ਪਹਿਲਾ ਨਾਮ) ਨੂੰ ਦਿੱਤਾ।ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦਾ ਪਾਠ ਸਿਖਾਇਆ।

1904ਈ: ਸਮੇਂ ਦੇ ਪਿਸ਼ਾਵਰ ਵਿਖੇ ਅਕਾਲੀ ਜੀ ਦੇ ਦਿਨਾਂ ਦਾ ਜ਼ਿਕਰ ਸ੍ਰ. ਪ੍ਰੇਮ ਸਿੰਘ ਜੀ ਹੋਤੀ ਇਉਂ ਕਰਦੇ ਹਨ:- "ਆਪ ਦੇ ਪਹਿਲੇ ਦਰਸ਼ਨ ਲੇਖਕ ਨੂੰ 1904 ਈ: ਵਿਚ ਪਿਸ਼ਾਵਰ ਹੋਏ>>>ਇਸ ਸਮੇਂ ਆਪ ਨੂੰ ਸ੍ਰੀ ਦਸਮੇਸ਼ ਜੀ ਦੀ ਬਾਣੀ ਮੁਖ-ਆਗਰ ਕੰਠ ਕਰਨ ਦੀ ਤੀਬਰ ਲਗਨ ਲੱਗੀ ਹੋਈ ਸੀ।ਅਜੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਥਾ ਸਰਲ ਢੰਗ ਨਾਲ ਨਹੀਂ ਸਨ ਕਰ ਸਕਦੇ, ਹਾਂ ਖੜ੍ਹੋ ਕੇ ਵਖਿਯਾਨ ਦੁਆਰਾ, ਸਿੱਖੀ ਦੀ ਰਹਿਣੀ ਬਹਿਣੀ ਦੀ ਉਚਤਾ, ਅਤੇ ਅਨਮਤੀਆਂ ਦੀਆਂ ਰੀਤਾਂ ਰਸਮਾਂ ਦਾ ਖੰਡਨ, ਗੁਰਬਾਣੀ ਦੇ ਹਵਾਲੇ ਦੇਕੇ ਬੜੀਆਂ ਉਕਤੀਆਂ ਯੁਕਤੀਆਂ ਨਾਲ ਚੰਗੇ ਢੁੱਕਵੇਂ ਸ਼ਬਦਾਂ ਵਿਚ ਨਿਬਾਹ ਲੈਂਦੇ ਸਨ।>>>ਬਾਣੀ ਪੜ੍ਹਨ ਦਾ ਅਭਿਆਸ ਪੂਰਨ ਸਿੰਘ ਜੀ ਨੇ ਏਨੀ ਸ਼ਰਧਾ ਤੇ ਲਗਨ ਨਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਜ਼ਬਾਨੀ ਯਾਦ ਹੋ ਗਏ।ਪੰ:10

ਕਾਬਲ ਵਿਚ ਵਾਪਰੀ ਦੂਜੀ ਸਾਹਸ ਪੂਰਨ ਘਟਨਾ ਸੰਨ 1931ਈ: ਦੀ ਹੈ।ਕਾਬਲ ਦਾ ਬਾਦਸ਼ਾਹ ਅਮਾਨਉਲਾ ਖਾਂ ਯੂਰਪ ਦੇ ਦੌਰੇ ਦੌਰਾਨ ਪਛਮੀ ਲੋਕਾਂ ਦੀ ਸ਼ਕਲ ਸੂਰਤ ਤੇ ਲਿਬਾਸ ਤੋਂ ਇਕ ਦਮ ਪ੍ਰਭਾਵਤ ਹੋ ਗਿਆ ਸੀ ਅਤੇ ਉਹਨੇ ਇਸ ਪੱਛਮੀ ਸੱਭਿਅਤਾ ਦੀ ਨਕਲ ਵਜੋਂ ਸਾਰੇ ਅਫਗਾਨ ਨਿਵਾਸੀਆਂ ਨੂੰ ਮੂੰਹ ਅਤੇ ਸਿਰ ਦੇ ਵਾਲ ਮੁੰਨਾਣ ਤੇ ਸਿਰ ਉਪਰ ਪੱਗ ਦੀ ਥਾਂ ਟੋਪੀ ਪਹਿਨਣ ਦਾ ਹੁਕਮ ਸੁਣਾ ਦਿੱਤਾ।ਇਸਲਾਮ ਦੀ ਸਨਾਤਨੀ ਬਿਰਤੀ ਅਨੁਸਾਰ ਵਿਚਰਨ ਵਾਲੇ ਮੁਸਲਮਾਨ ਅਤੇ ਲੰਮੀਆਂ ਦਾੜ੍ਹੀਆਂ ਵਾਲੇ ਮੌਲਵੀ ਇਸ ਆਦੇਸ਼ ਤੋਂ ਡਰ ਗਏ ਅਤੇ ਅਜਿਹੇ ਮੁਸਲਮਾਨ ਸਿੱਖਾਂ ਵਾਂਗ ਹੀ ਧਾਰਮਕ ਧਾਰਾ ਦੀ ਇਸ ਬੇਅਦਬੀ ਵਾਲੇ ਬਾਦਸ਼ਾਹੀ ਫੁਰਮਾਨ ਤੋਂ ਦੁਖੀ ਹੋ ਗਏ। ਆਦੇਸ਼ ਦੀ ਪਾਲਣਾ ਜ਼ਬਰਦਸਤੀ ਕਰਵਾਈ ਜਾਣ ਲੱਗ ਪਈ।ਅਕਾਲੀ ਜੀ ਨੂੰ ਕਾਬਲ ਨਿਵਾਸੀ ਸਿੰਘਾਂ ਦੀ ਮੁਸ਼ਕਲ ਦਾ ਪਤਾ ਲੱਗਾ ਤਾਂ ਉਹ ਪਸ਼ੌਰੋਂ ਲਾਲਪੁਰ (ਕਾਬਲ) ਪਹੁੰਚੇ। ਕਾਬਲ ਨਿਵਾਸੀ ਚੋਣਵੇਂ ਸਿੰਘਾਂ ਨਾਲ ਮਿਲ ਕੇ ਬਾਦਸ਼ਾਹੀ ਆਦੇਸ਼ ਦਾ ਸਕ੍ਰਿਯ ਮੁਕਾਬਲਾ ਕੀਤਾ।ਇਸ ਸਮੇਂ ਦ੍ਰਿੜਤਾ, ਹੱਠ ਅਤੇ ਦਲੇਰੀ ਦੀ ਲੋੜ ਸੀ। ਬਾਵਜੂਦ ਤਸੀਹਿਆਂ, ਤਸ਼ੱਦਦ ਅਤੇ ਜ਼ਬਰ ਦੇ ਅਕਾਲੀ ਜੀ ਨੇ ਆਪਣੇ ਸਾਥੀਆਂ ਸਮੇਤ ਸਿੱਖੀ ਸਰੂਪ ਉਪਰ ਆਂਚ ਨਾ ਆਉਣ ਦਿੱਤੀ।ਇਸ ਹਿੰਮਤ ਤੇ ਜੂਝ ਮਰਨ ਦੀ ਉਦਾਹਰਣ ਨੇ ਬਾਅਦ ਵਿਚ ਮੌਲਵੀਆਂ ਨੂੰ ਵੀ ਹਿੰਮਤ ਦਿੱਤੀ ਅਤੇ ਉਹ ਵੀ ਇਸ ਆਦੇਸ਼ ਦੇ ਵਿਰੁੱਧ ਲੜੇ।ਦੇਸ਼ ਭਰ ਵਿਚ ਬਗਾਵਤ ਫੈਲ ਗਈ ਅਤੇ ਬਾਦਸ਼ਾਹ ਦੇਸ਼ ਛੱਡ ਕੇ ਨੱਸ ਗਿਆ।ਪੰ:55

ਪੰਨਾ 79 ਪੜ੍ਹੋ ਇਸਤ੍ਰੀ ਸੰਕਟ ਮੋਚਨ ਬਾਰੇ--ਅਕਾਲੀ ਜੀ ਸਭ ਤੋਂ ਪਹਿਲਾਂ ਇਸ ਸਾਰੀ ਬੁਰਾਈ ਦੇ ਮੁਢਲੇ ਕਾਰਨ ਬਾਰੇ ਸੋਚਦੇ ਹਨ ਅਤੇ ਇਸ ਨਿਰਣੇ ਉਪਰ ਪਹੁੰਚਦੇ ਹਨ ਕਿ ਇਸ ਦੁਖਦਾਈ ਹਾਲਤ ਦਾ ਮੁੱਖ ਕਾਰਨ ਸਾਡਾ ਧਾਰਮਕ, ਦਾਰਸ਼ਨਿਕ ਜਾਂ ਹੋਰ ਕੋਈ ਵਿਰਸਾ ਨਹੀਂ, ਸਗੋਂ ਇਹ ਦਸ਼ਾ ਸਮਾਜਕ, ਆਰਥਕ ਅਤੇ ਰਾਜਨੀਤਕ ਗੁਲਾਮੀ ਦੀ ਜਿਲ੍ਹਣ ਵਿਚੋਂ ਪੈਦਾ ਹੋਈ ਹੈ।ਅਕਾਲੀ ਜੀ ਵੇਦ, ਪੁਰਾਣ, ਸਿਮ੍ਰਤੀ, ਧਰਮ ਸ਼ਾਸਤ੍ਰ, ਦਰਸ਼ਨ ਸ਼ਾਸਤ੍ਰ, ਅੰਜੀਲ, ਕੁਰਾਨ, ਗੁਰਬਾਣੀ ਅਤੇ ਗੁਰ ਇਤਿਹਾਸ ਵਿਚੋਂ ਟੂਕਾਂ ਦੇ ਕੇ ਸਿੱਧ ਕਰਦੇ ਹਨ ਕਿ ਅਸੀਂ ਉਪਰੋਕਤ ਵਿਰਸੇ ਦੀ ਸਿੱਖਿਆ ਤੋਂ ਉਲਟ ਆਪਣੇ ਸੁਆਰਥ ਦੀ ਭੁੱਖ ਕਾਰਨ ਔਰਤ ਜਾਤਿ ਨੂੰ ਆਪਣੇ ਪਾਪ ਦਾ ਭਾਗੀ ਬਣਾ ਰਹੇ ਹਾਂ।ਇਹ ਸਿਰਫ ਮਰਦ ਦਾ ਸੁਆਰਥੀ, ਜ਼ਾਲਮਾਨਾ ਅਤੇ ਜਾਨਵਰੀ ਸੁਭਾਵ ਹੈ, ਜਿਸ ਕਾਰਨ ਉਹਨੇ ਔਰਤ ਨੂੰ ਮਜ਼ਲੂਮ ਬਣਾ ਕੇ ਉਸ ਤੋਂ ਕ੍ਰੀੜਾ-ਵਿਨੋਦ ਅਤੇ ਪਾਸ਼ਵਿਕ ਭੁੱਖ ਨੂੰ ਤ੍ਰਿਪਤ ਕਰਨ ਦਾ ਸਾਧਨ ਬਣਾਇਆ ਹੈ, ਅਤੇ ਅੰਤ ਵਿਚ ਉਹਨੂੰ ਵਿਧਵਾਪਨ ਅਤੇ ਵਿਭਚਾਰ ਦੇ ਅੰਨ੍ਹੇਰੇ ਵਿਚ ਧਕੇਲ ਦਿੰਦਾ ਹੈ। ਅਕਾਲੀ ਕੌਰ ਸਿੰਘ ਜੀ ਦਾ ਇਸਤ੍ਰੀ-ਉਧਾਰ ਦਾ ਇਹ ਉਪਰਾਲਾ ਨਿਵੇਕਲੀ ਭਾਂਤ ਦਾ ਅਤੇ ਸਾਹਸਪੂਰਨ ਸੀ। ਪੰਜਾਬੀ ਵਿਚ ਸ਼ਾਇਦ ਇਸ ਤੋਂ ਪਹਿਲਾਂ ਕੋਈ ਵੀ ਅਜਿਹੀ ਪੁਸਤਕ ਨਹੀਂ ਸੀ ਲਿਖੀ ਗਈ ਜਿਸ ਨੇ ਖਾਸ ਤੌਰ ਉਪਰ ਇਸ ਵਿਸ਼ੇ ਨੂੰ ਚੁਣਿਆਂ ਹੋਵੇ।ਸਮੇਂ ਦੇ ਉਸ ਸੰਕੀਰਣ-ਸਮਾਜ ਵਿਚ ਅਜਿਹੇ ਵਿਸ਼ੇ ਦੀ ਚੋਣ ਕਰਨਾਂ ਬੜੀ ਜ਼ੁਰਅਤ ਭਰਪੂਰ ਅਤੇ ਉਚੇ ਕਿਰਦਾਰ ਵਾਲੀ ਸ਼ਖਸੀਅਤ ਦਾ ਹੀ ਕੰਮ ਹੋ ਸਕਦਾ ਸੀ।ਹਾਲਾਂਕਿ ਇਸ ਸਦੀ ਦੀ ਅੰਤਲੀ ਚੌਥਾਈ ਲੰਘ ਰਹੀ ਹੈ, ਪਰ ਸਾਡਾ ਸਮਾਜ ਅਜੇ ਤੱਕ ਉਸ ਮੰਜ਼ਲ ਉਪਰ ਨਹੀਂ ਪਹੁੰਚ ਸਕਿਆ, ਜਿੱਥੇ ਮਨੁੱਖ ਦੀ ਕੁਦਰਤੀ ਬਣਤਰ, ਜਿਸ ਵਿਚ ਐਂਦ੍ਰਿਕ ਤ੍ਰਿਪਤੀ ਦੀ ਭੁੱਖ, ਆਦਿ ਮਨੁੱਖੀ ਮਨ ਦੀਆਂ ਕਈ ਪ੍ਰਕਾਰ ਦੀਆਂ ਭੁੱਖਾਂ ਦਾ ਸਹੀ ਸਹੀ ਅੱਤੇ ਨਿਰਪੱਖ ਜਾਇਜ਼ਾ ਲੈਣ ਦੀ ਖੁੱਲ੍ਹ ਪ੍ਰਾਪਤ ਹੋ ਸਕੀ ਹੋਵੇ।ਨਿਰਸੰਦੇਹ ਪਛਮੀ ਸਮਾਜ ਅਤੇ ਚਿੰਤਨ ਇਸ ਪਹਿਲੂ ਤੋਂ ਸਾਡੇ ਨਾਲੋਂ ਕੁੱਝ ਕੁ ਅੱਗੇ ਜਾ ਚੁੱਕੇ ਹਨ ਪਰ ਅਸੀਂ ਅਜੇ ਤੀਕ ਝਿਜਕ, ਬਨਾਉਟੀ ਸਾਊਪਨ, ਬੁਜ਼ਦਿਲੀ ਅਤੇ ਹਿਚਕਚਾਹਟ ਕਾਰਨ ਬੇਜ਼ੁਰਅਤੇ ਹੀ ਤੁਰੇ ਫਿਰਦੇ ਹਾਂ।ਅਸਲੀਅਤ ਦਾ ਸਾਹਮਣਾ ਕਰਨੋ ਕੰਨੀ ਕਤਰਾਂਦੇ ਹਾਂ।ਸਮਾਜ ਦੇ ਗੰਦੇ ਅਨਸਰਾਂ ਦੀ ਬਣਾਈ ਹੋਈ ਜ਼ਹਿਰੀਲੀ ਧਰਤੀ ਤੋਂ ਦੂਰ ਨੱਸ ਜਾਣ ਵਿਚ ਹੀ ਭਲਾ ਸਮਝਦੇ ਹਾਂ।ਪਰ ਸਿੱਖ ਧਰਮ ਨੱਸਣ ਦੀ ਥਾਂ ਜੂਝਣ ਦੀ ਪ੍ਰੇਰਨਾ ਦਿੰਦਾ ਹੈ ਤਾਂ ਜੁ ਹਰ ਗੱਲ ਦਾ ਨਿਰਣਾ ਕੁਦਰਤੀ ਕਾਨੂੰਨ, ਜ਼ੁਰਅਤ ਅਤੇ ਫਰਾਖਦਿਲੀ, ਵਿਵੇਕ ਅਤੇ ਦਿਆਨਤਦਾਰੀ ਨਾਲ ਕੀਤਾ ਜਾ ਸਕੇ।ਸੋ ਅਕਾਲੀ ਜੀ ਨੇ ਜੋ ਜ਼ੁਰਅਤ ਦੱਸੀ ਹੈ, ਇਸ ਨਾਜ਼ਕ ਮਸਲੇ ਨੂੰ ਛੋਹਣ ਦੀ, ਉਹ ਉਨ੍ਹਾਂ ਨੂੰ ਸਿੱਖ ਧਰਮ ਦੀ ਪਾਕੀਜ਼ਗੀ ਅਤੇ ਤਲਖੀਆਂ ਭਰੇ ਸੱਚ ਦੀ ਜ਼ੁਰਅਤਮਈ ਚੀਰਫਾੜ ਤੋਂ ਪ੍ਰਾਪਤ ਹੋਈ।ਉਹ ਆਪ ਕਿਰਦਾਰ ਦੇ ਧਨੀ ਅਤੇ ਨਿਰਾ ਕੁੰਦਨ ਸਨ, ਤਾਈਓਂ ਹਰ ਉਸ ਗੱਲ ਨੂੰ ਨਿੱਡਰ ਹੋ ਕੇ, ਸੱਚ ਨੂੰ, ਦਰਸਾਉਂਦੇ ਹਨ, ਜਿਸ ਸੱਚ ਨੂੰ ਅਖੌਤੀ ਸਾਊ ਲੋਕ ਪਰਦਿਆਂ ਵਿਚ ਲੁਕਾਈ ਫਿਰਦੇ ਹਨ।

ਪੰਨਾ 80 ਤੇ ਲਿਖਦੇ ਹਨ--ਅਕਾਲੀ ਕੌਰ ਸਿੰਘ ਜੀ ਪੂਰਨ ਤੌਰ ਉਪਰ ਇਕ ਪ੍ਰਮੁੱਖ ਗੁਰਮੁਖੀ ਸਰੂਪ ਵਾਲੇ ਗੁਰੂ ਕੇ ਸਿੱਖ ਸਨ ਜੋ ਆਪਣੀ ਮਿਸਾਲ ਆਪ ਸਨ।ਕਿਰਦਾਰ ਅਤੇ ਬੋਲ ਦੀ ਹਲੀਮੀ ਉਨ੍ਹਾਂ ਨੂੰ ਸੰਤ ਲੋਕਾਂ ਦੀ ਸੰਗਤ ਅਤੇ ਸ਼ਾਂਤੀ ਪੁੰਜ ਗੁਰਬਾਣੀ ਦੇ ਸੁਹਿਰਦ ਅਧਿਐਨ ਤੋਂ ਪ੍ਰਾਪਤ ਹੋਈ।ਜ਼ੁਰਅਤ ਅਤੇ ਨਿਡਰਤਾ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਜਲਾਲ ਭਰਪੂਰ ਅਤੇ ਅਣਖੀਲੇ ਇਤਿਹਾਸਕ ਵਿਰਸੇ ਅਤੇ ਦਸਮ ਗ੍ਰੰਥ ਦੀ ਸ਼ਕਤੀਸ਼ਾਲੀ ਬਾਣੀ ਦੇ ਅਧਿਐਨ ਤੋਂ ਪ੍ਰਾਪਤ ਹੋਈ।ਨਿਹੰਗ ਸਿੰਘੀ ਪਹਿਨਾਵਾ ਅਤੇ ਸਰੂਪ ਧਾਰਨ ਕਰਨ ਨਾਲ ਉਹ ਸਹਿਜੇ ਹੀ ਦਸਮ-ਗ੍ਰੰਥ ਨੂੰ ਸੰਪੂਰਨ ਤੌਰ ਉਪਰ ਗੁਰ-ਰਚਨਾ ਅਤੇ ਗੁਰਬਾਣੀ ਮੰਨਦੇ ਸਨ, ਇਸ ਗੱਲੋਂ ਉਨ੍ਹਾਂ ਦਾ ਨਿਸ਼ਚਾ ਦ੍ਰਿੜ ਸੀ।ਭਾਵੇਂ ਅਜੋਕੀ ਖੋਜ ਦਸਮ ਗ੍ਰੰਥ ਬਾਰੇ ਭਿੰਨ ਭਿੰਨ ਰਾਵਾਂ ਪ੍ਰਗਟ ਕਰਦੀ ਹੈ, ਪਰ ਅਕਾਲੀ ਜੀ ਇਕ ਅਟੱਲ ਅਤੇ ਦ੍ਰਿੜ ਰਾਏ ਦੇ ਧਨੀ ਸਨ, ਡਿਕਡੋਲੇ ਖਾਂਦੇ ਰਹਿਣਾ ਉਨ੍ਹਾਂ ਦੇ ਨੇੜੇ ਨਹੀਂ ਸੀ ਢੁੱਕਦਾ।ਸੋ ਨਿਸ਼ਚੇ ਹੀ ਹੈ, ਕਿ ਦਸਮ ਗ੍ਰੰਥ ਦੀ ਰਚਨਾ 'ਤ੍ਰਿਆ ਚਰਿਤ੍ਰ' ਨੂੰ ਉਨ੍ਹਾਂ ਨੇ ਸਹੀ ਤਰ੍ਹਾਂ ਦ੍ਰਿੜ ਅਤੇ ਨਿਝੱਕ ਹੋ ਕੇ ਵਾਚਿਆ ਅਤੇ ਘੋਖਿਆ ਹੋਵੇਗਾ ਜਿਵੇਂ ਕਿ ਦਸਮ ਗ੍ਰੰਥ ਦੀਆਂ ਹੋਰ ਬਾਣੀਆਂ ਨੂੰ।'ਤ੍ਰਿਆ ਚਰਿਤ੍ਰ' ਰਚਨਾ ਨੇ ਕਿਸੇ ਹਦ ਤੱਕ ਉਨ੍ਹਾਂ ਨੂੰ ਇਸ਼ਾਰਤਨ ਇਸਤ੍ਰੀ ਜਾਤਿ ਦੀ ਸੁਭਾਵਿਕ ਬਣਤਰ ਦੇ ਅਧਿਐਨ ਵੱਲ ਪ੍ਰੇਰਿਆ ਹੋਵੇਗਾ।ਜਿਸ ਜ਼ੁਰਅਤ ਅਤੇ ਬੇਲਾਗਪਨ ਨਾਲ ਤ੍ਰਿਆ ਚਰਿਤ੍ਰ ਵਿਚ ਇਕ ਚਣੌਤੀਆਂ ਭਰੇ ਇਨਸਾਨੀ ਮਸਲੇ ਨੂੰ ਛੋਹਿਆ ਗਿਆ ਹੈ, ਉਸਦੀ ਮਿਸਾਲ ਭਗਤੀ ਸਾਹਿਤ ਵਿਚ ਕਿਧਰੇ

ਨਹੀਂ ਮਿਲਦੀ।ਇਸ ਜ਼ੁਰਅਤ ਦੀ ਅਨੁਪਮ ਉਦਾਹਰਣ ਸਿਰਫ ਸਿੱਖ-ਧਰਮ ਦੀ ਫਰਾਖ-ਦਿਲ ਅਤੇ ਦੂਰ-ਅੰਦੇਸ਼ ਪਿਠ-ਭੂਮੀ ਵਿਚ ਉਗਮ ਸਕਦੀ ਸੀ।

ਪੰਨਾ 143 ਉਪਰ ਦਰਜ਼ ਹੈ-- ਪਿਛਲੇ ਦਿਨਾਂ ਵਿਚ "ਸ਼ੇਰੇ ਪੰਜਾਬ ਲਾਹੌਰ" ਦੇ ਇਕ ਪਰਚੇ ਅੰਦਰ ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ ਵੱਲੋਂ ਨਿਕਲਿਆ ਹੋਇਆ ਇਕ ਲੇਖ ਦਸਮ ਗ੍ਰੰਥ ਸਾਹਿਬ ਜੀ ਦੇ ਸਬੰਧ ਵਿਚ ਦੇਖਿਆ ਹੈ ਜਿਸ ਦੇ ਅੰਦਰ ਇਤਰਾਜ਼ ਜਾਂ ਸਵਾਲ ਬਹੁਤ ਹਨ ਪਰ ਮੈਂ ਇਸ ਲੇਖ ਵਿਚ ਫਿਲਹਾਲ ਇਕ ਹੀ ਵਿਸ਼ੇ ਪੁਰ ਕੁੱਝ ਲਿਖਣਾ ਚਾਹੁੰਦਾ ਹਾਂ, ਇਸ ਲਈ ਕਿ ਜਿੱਥੇ ਪਹਿਲੇ ਇਤਰਾਜ਼ ਕਰਨ ਵਾਲੇ ਕਈ ਸੱਜਣ ਕੁੱਝ ਬਾਣੀ ਦਸਮ ਗ੍ਰੰਥ ਸਾਹਿਬ ਜੀ ਦੀ ਗੁਰੂ ਰਚਨਾ ਨਹੀਂ ਮੰਨ ਰਹੇ ਹਨ ਉਥੇ ਮੌਜੂਦਾਂ ਭਰਾਵਾਂ ਦੇ ਹੱਥਾਂ ਵਿਚੋਂ ਬਾਕੀ ਰਹੀ ਸਹੀ ਭੀ ਨਾ ਜਾਂਦੀ ਰਹੇ, ਕਿਉਂਕਿ ਇਤਰਾਜ਼ ਤਾਂ ਕਿਹੜੀ ਚੀਜ਼ ਹੈ ਜਿਸ ਪਰ ਨਹੀਂ ਹੋ ਸਕਦਾ, ਜਦ ਰੱਬ ਨੂੰ "ਨਹੀਂ ਹੈ" ਸਾਬਤ ਕਰਨ ਵਾਲੇ ਫਿਲਾਸਫਰ ਮੌਜੂਦ ਹਨ ਫਿਰ ਹੋਰ ਕਿਸੀ ਹੋਂਦ ਤੋਂ ਮੁਕਰਨ ਵਿਚ ਕੀ ਦੇਰ ਲੱਗ ਸਕਦੀ ਹੈ?

(ੳ) ਸ਼੍ਰੀ ਮਾਨ ਜੀ ਨੇ ਦਸਮ ਗ੍ਰੰਥ ਵਿਚ ਗੁਰੂ ਜੀ ਦੀ ਰਚਨਾ ਆਟੇ ਵਿਚ ਲੂਣ ਦੀ ਤਰ੍ਹਾਂ ਲਿਖ ਕੇ ਅੱਗੇ ਉਸ ਬਾਣੀ ਦਾ ਨਾਮ-ਪਤਾ ਨਹੀਂ ਦਿੱਤਾ ਕਿ ਆਪ ਕਿਸ ਕਿਸ ਪਾਠ ਨੂੰ ਗੁਰੂ ਜੀ ਦੀ ਰਚਨਾ ਮੰਨਦੇ ਹਨ।ਲੋੜ ਹੈ ਕਿ ਆਪ ਉਨ੍ਹਾਂ ਪਦਾਂ, ਸ਼ਬਦਾਂ ਯਾ ਛੰਦਾਂ ਪ੍ਰਸੰਗਾਂ ਯਾ ਰਚਨਾ ਦਾ ਪੂਰਾ ਪੂਰਾ ਖੁਲਾਸਾ ਪਤਾ ਪ੍ਰਕਾਸ਼ਤ ਕਰਨ, ਕਿਸ ਨੂੰ ਉਹ ਗੁਰੂ ਜੀ ਦੀ ਰਚਨਾ ਮੰਨਦੇ ਹਨ ਤੇ ਕਿਸ ਨੂੰ ਕਵੀਆਂ ਦੀ ਮੰਨਦੇ ਹਨ ਤਾਂ ਕੇ ਉਸ ਦੇ ਸਬੰਧ ਵਿਚ ਕੁੱਝ ਕਿਹਾ ਜਾ ਸਕੇ।

(ਅ) ਆਪ ਨੇ ਬਚਿਤ੍ਰ ਨਾਟਕ ਨੂੰ ਕਵੀ ਰਾਮ-ਸਿਆਮ ਦੀ ਕਵਿਤਾ ਲਿਖਿਆ ਹੈ, ਪਰ ਇਸਦਾ ਭੀ ਕੋਈ ਸਬੂਤ ਨਹੀਂ ਦਿੱਤਾ, ਜਿਸ ਤੋਂ ਆਪ ਨੇ ਇਸਨੂੰ ਕਵੀਆਂ ਦੀ ਕਵਿਤਾ ਲਿਖਿਆ ਹੈ।ਹਾਲਾਂਕਿ ਆਪ ਇਹ ਭੀ ਮੰਨਦੇ ਹੋ ਕਿ ਬਚਿਤ੍ਰ ਨਾਟਕ ਗੁਰੂ ਜੀ ਦੀ ਰਚਨਾ ਕਹੀ ਜਾਂਦੀ ਹੈ।...ਸਰਦਾਰ ਸਾਹਿਬ ਜੀ ਨੂੰ ਇਹ ਭੁਲੇਖਾ ਹੋਰ ਕਥਾਵਾਂ ਤੇ ਬਚਿਤ੍ਰ ਨਾਟਕ ਵਿਚ ਉਸੇ ਤਰ੍ਹਾਂ ਲੱਗਾ ਹੈ, ਜਿਸ ਤਰ੍ਹਾਂ ਸਹਿਜ ਸੁਭਾ ਅੱਗੇ ਕਿਸੀ ਹਿੰਦੂ ਲੇਖਕ ਨੂੰ ਆਦਿ ਸ੍ਰੀ ਗੁਰੂ ਗੰਥ ਸਾਹਿਬ ਜੀ ਦੇ 'ਵਾਸਦੇਵ', 'ਕ੍ਰਿਸ਼ਨ', 'ਰਾਮ', 'ਕੇਸ਼ਵ' ਅਦਿਕ ਨਾਮ ਨੂੰ ਪੜ੍ਹਕੇ ਨਿਸ਼ਚੇ ਹੋ ਗਿਆ ਸੀ ਕਿ ਗੁਰੂ ਜੀ ਤਾਂ ਹਿੰਦੂ ਅਉਤਾਰਾਂ ਦੇ ਉਪਾਸ਼ਕ ਸਨ ਯਾ ਕਿਸੀ ਈਸਾਈ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ 'ਬਿਨ ਭਜਨ ਈਸੈ' ਤੇ ਦਸਮ ਗ੍ਰੰਥ ਵਿਚੋਂ 'ਸ੍ਰੀ ਅਸਕੇਤ ਜਗਤ ਕੇ ਈਸਾ' ਪੜ੍ਹ ਕੇ ਨਿਸ਼ਚੇ ਹੋ ਗਿਆ ਕਿ ਗੁਰੂ ਸਾਹਿਬ ਪ੍ਰਭੂ ਈਸਾ (ਯਸੂ) ਮਸੀਹ ਦੇ ਉਪਾਸ਼ਕ ਸਨ ਯਾ ਜਿਸ ਤਰ੍ਹਾਂ ਕਿਸੀ ਦੇਵੀ ਪੂਜਕ ਨੂੰ ਦਸਮ ਗ੍ਰੰਥ ਪੜ੍ਹਕੇ 'ਭਗਉਤੀ' ਆਦਿ ਨਾਮਾ ਤੋਂ ਸਮਝ ਆ ਗਈ ਕਿ ਗੁਰੂ ਜੀ ਭੀ ਦੇਵੀ ਉਪਾਸ਼ਕ ਸਨ...

ਸੁਣੋ ਵੀਰ ਜੀ, ਇਸਦੇ ਗੁਰੂ ਜੀ ਦੀ ਰਚਨਾ ਕਹਿਣ ਦਾ ਇਹ ਸਬੂਤ ਹੈ ਕਿ ਇਸਦੇ ਦੂਜੇ ਧਿਆਇ ਵਿਚ ਲਿਖਿਆ ਹੈ—ਅਬ ਮੈ ਕਹੋਂ ਸੁ ਅਪਨੀ ਕਥਾ।ਸੋਢੀ ਬੰਸ ਉਪਜਿਆ ਜਥਾ।(ਧਿਆਇ 2-ਅੰਕ 8)

ਅਬ ਮੈ ਅਪਨੀ ਕਥਾ ਬਖਾਨੋ।ਤਪੁ ਸਾਧਤ ਜੈਹ ਬਿਧ ਮੁਹਿ ਆਨਹੁ।(ਧਿਆਇ 6 ਅੰਕ 29)

ਮੈ ਅਪਨਾ ਸੁਤ ਤੋਹਿ ਨਿਵਾਜਾ।ਪੰਥ ਪ੍ਰਚਰ ਕਰਬੇ ਕਉ ਸਾਜਾ।...

ਠਾਂਡ ਭਇਓ ਮੈ ਜੋਰ ਕਰ ਬਚਨ ਕਹਿਓ ਸਿਰ ਨਿਆਇ।ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ।...

ਅਥ ਕਵਿ ਜਨਮ ਕਥਨੰ॥ਮੁਰਪਿਤ ਪੂਰਬ ਕੀਆ ਪਿਆਨਾ।ਭਾਂਤਿ ਭਾਤਿ ਕੇ ਤੀਰਥ ਨਾਨਾ...ਤਹੀ ਪ੍ਰਕਾਸ਼ ਹਮਾਰਾ ਭਯੋ।ਪਟਨੇ ਸੈਹਰ ਵਿਖੈ ਭਵ ਲਇਓ।...ਜਬ ਹਮ ਕਰਮ ਧਰਮ ਮੋ ਆਏ।ਦੇਵ ਲੋਕ ਤਬ ਪਿਤਾ ਸਿਧਾਏ॥(ਧਿਆਇ 7 ਅੰਕ3) ...ਰਾਜ ਸਾਜ ਹਮ ਪਰ ਜਬ ਆਇਓ।ਜਥਾ ਸਕਤ ਤਬ ਧਰਮ ਚਲਾਇਓ।...ਦੇਸ ਚਾਲ ਹਮ ਤੇ ਪੁਨ ਭਈ।ਸੈਹਰ ਪਾਂਵਟਾ ਕੀ ਸੁਧ ਲਈ।...ਫਤਹ ਸ਼ਾਹ ਕੋਪਾ ਤਬ ਰਾਜਾ।ਲੋਹ ਪਰਾ ਹਮ ਸਿਉ ਬਿਨ ਕਾਜਾ।(ਧਿਆਇ8 ਅੰਕ3)...ਏਹੋ ਕਵੀ ਜੀ ਅੱਗੇ ਜਾਕੇ ਲਿਖਦੇ ਹਨ ਬਚਿਤ੍ਰ ਨਾਟਕ ਵਿਚ—ਜਹ ਜਹ ਬਿਧ ਤਨ ਮਨ ਸੁਧ ਆਈ।ਤਿਮ ਤਿਮ ਕਹੇ ਗ੍ਰੰਥ ਬਨਾਈ।ਪ੍ਰਥਮੇ ਸਤ ਜੁਗ ਜਹ ਬਿਧ ਲਖਾ।ਪ੍ਰਥਮੇ ਦੇਬਿ ਚਰਿਤ੍ਰ ਕਉ ਕਹਾ।ਪੈਹਲੇ ਚੰਡੀ ਚਰਿਤ੍ਰ ਬਨਾਇਓ।ਨਖਸ਼ਿਖ ਤੇ ਭ੍ਰਮ

ਭਾਖ ਸੁਨਾਇਓ।ਫੇਰ ਕਥਾ ਤਬ ਪ੍ਰਥਮ ਸੁਨਾਈ।ਅਬ ਚਾਹਤ ਫਿਰ ਕਰੋ ਬਡਾਈ।(ਧਿਆਇ13)

ਕਿਉਂ ਜੀ, ਉਹ ਕਿਹੜਾ ਕਵੀ ਰਾਮ-ਸਿਆਮ ਹੈ ਜਿਸ ਦਾ ਬੰਸ 'ਸੋਢੀ' ਸੀ? ਉਹ ਕਿਹੜਾ ਕਵੀ ਸੀ ਜਿਸਨੇ ਹੇਮ ਕੁੱਟ ਪਰਬਤ ਪਰ ਤਪੱਸਿਆ ਕੀਤੀ ਤੇ ਜਿਸਦੇ ਮਾਤਾ ਪਿਤਾ ਨੇ 'ਅਲਖ ਅਰਾਧਾ' ਬਹੁ ਬਿਧ ਜੋਗ ਸਾਧਨਾ ਕਰਕੇ? ਉਹ ਕਿਹੜਾ ਕਵੀ ਸੀ ਜਿਸਨੂੰ ਅਕਾਲ ਪੁਰਖ ਨੇ ਫੁਰਮਾਇਆ ਕਿ ਮੈ ਤੈਨੂੰ ਆਪਨਾ ਸੁਤ ਨਿਵਾਜਿਆ ਹੈ ਤੇ ਪੰਥ ਪ੍ਰਚਾਰ ਕਰਨ ਨੂੰ ਸਾਜਿਆ ਹੈ ਤੇ ਉਸ ਕਵੀ ਦਾ ਕਿਹੜਾ ਪੰਥ ਹੈ ਜੋ ਕਵੀ ਤੋਂ ਚੱਲਿਆ? ਅੱਗੇ ਲਿਖੇ ਲਫਜ਼ਾਂ ਵਿਚ ਕਿਹੜੇ ਕਵੀ ਦੇ ਜਨਮ ਦਾ ਜ਼ਿਕਰ ਹੈ? ਕਿਸ ਕਵੀ ਦੇ ਪਿਤਾ ਨੇ ਕਿਥੋਂ ਪੂਰਬ ਨੂੰ ਤਿਆਰੇ ਕੀਤੇ ਕਿਹੜੇ ਕਵੀ ਦੇ ਪਿਤਾ ਨੇ ਤ੍ਰਬੇਨੀ ਤੇ ਪੁੰਨ ਦਾਨ ਕਰਦਿਆਂ ਕੁੱਝ ਦਿਨ ਗੁਜ਼ਾਰੇ ਤੇ ਫਿਰ ਪਟਨੇ ਸੈਹਰ ਪੁੱਜ ਗਿਆ? ਉਹ ਕਿਹੜਾ ਕਵੀ ਹੈ ਜਿਸਦਾ ਜਨਮ ਪਟਨੇ ਸੈਹਰ ਵਿਚ ਹੋਇਆ ਤੇ ਫੇਰ ਪੰਜਾਬ ਵੱਲ ਨੂੰ ਉਸਨੂੰ ਲੈ ਆਏ? ਕਿਸਦੇ ਕਰਮ ਧਰਮ ਵਿਚ ਆਉਣ ਤੇ ਹੀ ਉਹਨਾਂ ਦੇ ਪਿਤਾ ਜੀ ਦੇਵ ਲੋਕ ਚਲੇ ਗਏ? ਸੈਹਰ ਪਾਂਵਟਾ ਕਿਸਨੇ ਸੁਭਾਇਮਾਨ ਕੀਤਾ ਤੇ ਉਸ ਤੇ ਫਤਹ ਸ਼ਾਹ ਰਾਜਾ ਗੁਸੇ ਹੋ ਗਿਆ ਤੇ ਜੁਧ ਜੰਗ ਹੋਏ ਤੇ ਫਤਹਿ ਸ਼ਾਹ ਕਿਸ ਕਵੀ ਦੇ ਸਮੇ ਹੋਇਆ?

ਮੇਰਾ ਵਿਸ਼ਵਾਸ਼ ਹੈ ਉਪਰੋਕਤ ਪ੍ਰਸ਼ਨਾ ਦੇ ਉਤਰ ਵਿਚ ਕੋਈ ਭੀ ਵਿਦਵਾਨ ਇਹ ਨਹੀਂ ਕਹਿ ਸਕਦਾ, ਤੇ ਜੇ ਕਹੇ ਤਦ ਸਾਬਤ ਨਹੀਂ ਕਰ ਸਕਦਾ ਕਿ ਸਿਵਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਕੋਈ ਕਵੀ ਹੈ।ਜੇ ਆਪ ਦੀ ਜਾਚੇ ਹੈ ਤਦ ਤੁਸੀਂ ਹਠਾਰਨੈ ਕਰਕੇ ਨਹੀਂ ਪਰ ਖੋਜੀ ਬਨ ਕੇ ਸਾਬਤ ਕਰੋ, ਨਹੀਂ ਤਾਂ ਆਪਨੇ ਉਹ ਲਫਜ਼ ਵਾਪਸ ਲਵੋ, ਜੋ ਇਸ ਭਾਵ ਦੇ ਵਰਤੇ ਹਨ ਕਿ ਬਚਿਤ੍ਰ ਨਾਟਕ ਗੁਰੂ ਜੀ ਦੀ ਰਚਨਾ ਨਹੀਂ, ਰਾਮ-ਸਿਆਮ ਵਗੈਰਾ ਕਵੀਆਂ ਦੀ ਰਚਨਾ ਹੈ।

ਅਕਾਲੀ ਕੌਰ ਸਿੰਘ ਜੀ ਨੇ ਆਪਣੇ ਨਾਲ ਹੋਰ ਚਾਰ ਸਿਰਮੌਰ ਗੁਰਸਿੱਖਾਂ 1.ਸੰਤ ਤੇਜਾ ਸਿੰਘ ਜੀ ਡਬਲ ਐਮ. ਏ., 2.ਸ.ਰਣਧੀਰ ਸਿੰਘ ਜੀ ਜੱਜ, 3.ਸ.ਭਗਵੰਤ ਸਿੰਘ ਹਰੀ ਜੀ (ਨਾਭਾ), 4.ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਨੂੰ ਨਾਲ ਰਲਾ ਕੇ ਪ੍ਰਚਾਰ ਜਥਾ ਕਾਇਮ ਕੀਤਾ।ਜਿਸ ਵੇਲੇ ਅਕਾਲੀ ਕੌਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ ਤਤਕਰਾ ਤਿਆਰ ਕਰ ਰਹੇ ਸਨ, ਠੀਕ ਉਸੀ ਸਮੇਂ ਸ.ਭਗਵੰਤ ਸਿੰਘ ਹਰੀ ਜੀ ਦਸਮ ਗ੍ਰੰਥ ਸਾਹਿਬ ਜੀ ਦਾ ਤੁਕ ਤਤਕਰਾ ਤਿਆਰ ਕਰ ਰਹੇ ਸਨ।ਸੰਤ ਤੇਜਾ ਸਿੰਘ ਜੀ ਦੀ ਪੰਥਕ ਸੇਵਾ ਨੂੰ ਕੌਣ ਨਹੀਂ ਜਾਣਦਾ।ਇੰਨ੍ਹਾਂ ਗੁਰਸਿੱਖਾਂ ਦੀ ਪੰਥਕ ਘਾਲ ਕਮਾਈ ਸਾਹਮਣੇ ਦਸਮ ਗ੍ਰੰਥ ਸਾਹਿਬ ਉਪਰ ਕਿੰਤੂ ਕਰਨ ਵਾਲੇ ਤੇਜਾ ਸਿੰਘ ਭਸੌੜ ਤੋਂ ਲੈਕੇ, ਭਾਗ ਸਿੰਘ ਅੰਬਾਲਾ ਤੇ ਅਜੋਕੇ ਅਖੌਤੀ ਵਿਦਵਾਨਾਂ ਤੇ ਪ੍ਰੋਫੈਸਰਾਂ ਦੀ ਕੀ ਹੈਸੀਅਤ ਹੈ?, ਤੇ ਉਨ੍ਹਾਂ ਦੀ ਕਿਹੜੀ ਪੰਥਕ ਸੇਵਾ ਨੂੰ ਦੇਖਦੇ ਹੋਏ, ਅਕਾਲੀ ਜੀ ਹੋਰਾਂ ਦੇ ਪਾਸਕੂ ਵੀ ਗਿਣ ਲਈਏ, ਉਹ ਖੁਦ ਹੀ ਦੱਸਣ ਦੀ ਖੇਚਲ ਕਰਨ ਤਾਂ ਠੀਕ ਹੈ।

*- ਅਮਰਜੀਤ ਸਿੰਘ ਖੋਸਾ*

# ਭਾਈ ਕਾਨ੍ਹ ਸਿੰਘ ਜੀ ਨਾਭਾ ਦਸਮ-ਗ੍ਰੰਥ ਬਾਰੇ

ਸੰਨ 1984 ਵਿਚ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਤੇ ਮੁਖੀ ਪ੍ਰੀਤਮ ਸਿੰਘ ਵੱਲੋਂ ਸੰਪਾਦਿਤ ਕੀਤੀ, ਭਾਈ ਕਾਨ੍ਹ ਸਿੰਘ ਨਾਭਾ ਸੰਕਲਿਤ 'ਗੁਰੂ ਮਹਿਮਾ ਰਤਨਾਵਲੀ' ਵਿਚ ਉਹ ਭਾਈ ਕਾਨ੍ਹ ਸਿੰਘ ਨਾਭਾ ਬਾਰੇ ਪੰ:16 ਉਪਰ ਲਿਖਦੇ ਹਨ ਕਿ:-"30 ਅਗਸਤ 1861 ਵਿਚ ਜਨਮੇ ਭਾਈ ਸਾਹਿਬ ਨੂੰ ਉਨ੍ਹਾਂ ਦੇ ਪਿਤਾ ਨਰਾਇਣ ਸਿੰਘ ਜੀ ਨੇ ਆਪਣੇ ਪੁੱਤਰ ਨੂੰ ਵਿਦਵਾਨ ਬਨਾਉਣ ਲਈ ਆਸ ਪਾਸ ਦੇ ਪ੍ਰਸਿੱਧ ਗਿਆਨੀਆਂ ਤੇ ਅਧਿਆਪਕਾਂ ਦੇ ਚਰਨੀ ਲਾਇਆ, ਜਿਸਦੇ ਫਲਸਰੂਪ ਭਾਈ ਸਾਹਿਬ ਨੇ ਨੌਵੇਂ ਸਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਦਸਵੇਂ ਸਾਲ ਵਿਚ ਦਸਮ-ਗ੍ਰੰਥ ਦਾ ਪਾਠ ਸੰਪੂਰਨ ਕੀਤਾ...ਸੰਪੂਰਨਤਾ ਤੇ ਨਿਸ਼ਚਿਤਤਾ ਦੀ ਭਾਲ ਨੇ ਉਨ੍ਹਾਂ ਨੂੰ ਹਰ ਗੱਲ ਦੇ ਮੂਲ ਤੱਕ ਪਹੁੰਚਣ ਤੇ ਉਸ ਨੂੰ ਇਤਿਹਾਸਿਕ ਪ੍ਰਸੰਗ ਵਿਚ ਵੇਖਣ ਦੀ ਆਦਤ ਪਾ ਦਿਤੀ ਸੀ।ਕੋਈ ਸ਼ਬਦ ਹੈ ਤਾਂ ਉਸਦੇ ਮੂਲ ਦਾ ਪਤਾ ਹੋਣਾ ਚਾਹੀਦਾ ਹੈ; ਕੋਈ ਪੁਰਖ ਹੈ ਤਾਂ ਉਸਦੇ ਜੰਮਣ-ਮਰਨ, ਘਰ-ਬਾਰ ਤੇ ਕਾਰ-ਵਿਹਾਰ ਦਾ ਗਿਆਨ ਹੋਣਾ ਚਾਹੀਦਾ ਹੈ; ਕੋਈ ਥਾਂ ਹੈ ਤਾਂ ਉਸਦੀ ਸਾਰੀ ਭੂਗੋਲਿਕ ਸਥਿਤੀ ਤੇ ਇਤਿਹਾਸਿਕ ਵਿਕਾਸ ਦੀ ਖਬਰ ਹੋਣੀ ਚਾਹੀਦੀ ਹੈ; ਕੋਈ ਕਿਤਾਬ ਹੈ ਤਾਂ ਉਸਦੇ ਲੇਖਕ, ਲਿਖਤ ਦੀ ਮਿਤੀ ਤੇ ਵਿਸ਼ੇ ਬਾਰੇ ਜਾਣਕਾਰੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਜੇ ਕੋਈ ਹਵਾਲਾ ਹੈ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਕਿਤਾਬ ਦੇ, ਕਿਸ ਪੰਨੇ ਉਤੇ, ਕਿੰਨ੍ਹਾਂ ਅਰਥਾਂ ਵਿਚ ਵਰਤਿਆ ਹੋਇਆ ਹੈ।ਇਸ ਤਰ੍ਹਾਂ ਦੀ ਘੋਖਵੀਂ ਰੁਚੀ ਵਾਲਾ ਵਿਦਵਾਨ ਇਕ ਪੁਸਤਕ ਤੋਂ ਦੂਜੀ ਅਤੇ ਦੂਜੀ ਤੋਂ ਤੀਜੀ ਦੀ ਸੂਹ ਕੱਢ ਕੇ ਉਨ੍ਹਾਂ ਸਾਰੀਆਂ ਨੂੰ ਇਕੱਤਰ ਕਰਦਾ ਹੈ।**ਕਬਾੜੀਏ ਵਾਂਗ ਕਿਤਾਬਾਂ ਇਕੱਠੀਆਂ ਕਰਨ ਦਾ ਸ਼ੌਕ ਤਾ ਕਈਆਂ ਨੂੰ ਹੁੰਦਾ ਹੈ, ਪਰ ਭਾਈ ਸਾਹਿਬ ਦਾ ਸ਼ੌਕ ਪੜ੍ਹਨ, ਗੁੜ੍ਹਨ ਅਤੇ ਵਿਦਵਾਨਾ ਨਾਲ ਵਿਚਾਰ-ਵਿਮਰਸ਼ ਵਾਲੀ ਵੰਨਗੀ ਦਾ ਸੀ ਜੋ ਅੱਗੇ ਚੱਲ ਕੇ ਉਨ੍ਹਾਂ ਦੇ ਬੜੇ ਕੰਮ ਆਇਆ"**।ਭਾਈ ਕਾਨ੍ਹ ਸਿੰਘ ਜੀ ਨਾਭਾ ਦੀਆਂ ਲਿਖਤਾਂ ਵਿਚੋਂ ਜੋ ਵਿਚਾਰ ਉਨ੍ਹਾਂ ਦੇ ਦਸਮ-ਗ੍ਰੰਥ ਬਾਰੇ ਸਨ, ਉਨ੍ਹਾਂ ਨੂੰ ਸੰਖੇਪ ਜਿਹਾ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ਤਾਂ ਜੁ ਆਮ ਗੁਰਸਿੱਖਾਂ ਨੂੰ ਇਸ ਗ੍ਰੰਥ ਦੀ ਅਹਿਮੀਅਤ ਬਾਰੇ ਪਤਾ ਲੱਗ ਸਕੇ।

ਭਾਈ ਕਾਨ੍ਹ ਸਿੰਘ ਜੀ ਆਪਣੇ ਵਡਆਕਾਰੀ ਤੇ ਵਡਮੁੱਲੇ ਗ੍ਰੰਥ 'ਗੁਰਮਤ ਮਾਰਤੰਡ' ਭਾਗ ਪਹਿਲਾ ਪੰ: 415 ਉਪਰ ਲਿਖਦੇ ਹਨ ਕਿ "ਕਈ ਨਾਦਾਨ ਸਿੱਖ, ਦਸਮ-ਗ੍ਰੰਥ ਨਾਲ ਭੀ 'ਗੁਰੂ' ਸ਼ਬਦ ਦਾ ਪ੍ਰਯੋਗ ਕਰਦੇ ਹਨ, ਜੋ ਗੁਰਮਤ ਵਿਰੁੱਧ ਹੈ।ਦੇਖੋ, ਦਸਮ-ਗ੍ਰੰਥ ਸ਼ਬਦ"।

ਦਸਮ-ਗ੍ਰੰਥ ਬਾਬਤ ਗੁਰਮਤ ਮਾਰਤੰਡ ਭਾਗ ਦੂਜਾ ਪੰ:567 ਉਪਰ ਇਸ ਤਰ੍ਹਾਂ ਲਿਖਦੇ ਹਨ:-"ਦਸਮ ਗ੍ਰੰਥ ਸਾਹਿਬ—ਲੋਕ ਪ੍ਰਸਿੱਧ ਦਸਵੇਂ ਪਾਤਸ਼ਾਹ ਦਾ ਗ੍ਰੰਥ, ਜਿਸਦਾ ਸੰਖੇਪ ਨਾਉਂ ਦਸਮ ਗ੍ਰੰਥ ਹੈ, ਉਸਦੀ ਅਸਲਿਯਤ ਇਹ ਹੈ-ਕਾਵਯ ਪ੍ਰਿਅ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਸ਼ਾਂਤ ਵੀਰ ਰਸ ਆਦਿਕ ਰਸ ਪੂਰਤ ਮਨੋਹਰ ਰਚਨਾ ਆਪ ਲਿਖਦੇ ਅਤੇ ਆਪਣੇ ਦਰਬਾਰੀ 52 ਕਵੀਆਂ ਤੋਂ ਨਿਰੰਤਰ ਲਿਖਵਾਇਆਂ ਕਰਦੇ ਸਨ...ਸੰਮਤ 1778 ਵਿਚ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਦੇ ਦਰਬਾਰ ਹਰਿਮੰਦਰ ਦਾ ਗ੍ਰੰਥੀ ਥਾਪਿਆ, ਭਾਈ ਸਾਹਿਬ ਨੇ ਇਹ ਸੇਵਾ ਉਤਮ ਰੀਤਿ ਨਾਲ ਨਿਭਾਹੀ ਅਰ ਇਸ ਸਮੇਂ ਕਈ ਪੁਸਤਕ ਲਿਖੇ...ਇਸਤੋਂ ਭਿੰਨ ਇਕ ਦਸਵੀਂ ਪਾਤਸ਼ਾਹੀ ਦਾ ਗ੍ਰੰਥ ਲਿਖਿਆ, ਜਿਸ ਵਿਚ ਵਿਦਿਆ ਸਾਗਰ ਗ੍ਰੰਥ ਦੇ ਕੁਛ ਭਾਗ, ਜੋ ਯਤਨ ਕਰਕੇ ਸਿੱਖਾਂ ਅਤੇ ਕਵੀਆਂ ਤੋਂ ਹੱਥ ਲੱਗ ਸਕੇ ਏਕੱਤਰ ਕੀਤੇ... ਦਸਮੇਸ਼ ਪਿਤਾ ਅਵਤਾਰਾਦਿਕ ਦੀ ਕਥਾ ਵਿਚ ਕਿਤੇ ਕਿਤੇ ਆਪਣਾ ਸਿਧਾਂਤ ਪ੍ਰਗਟ ਕਰ ਦੇਂਦੇ ਸਨ, ਜਿਸ ਤੋਂ ਪਾਠਕਾਂ ਨੂੰ ਟਪਲਾ ਨਾਂ ਲੱਗੇ; ਜਿਵੇਂ ਕ੍ਰਿਸ਼ਨਾਵਤਾਰ ਵਿਚ ਇਹ ਚੌਪਈ ਹੈ, ਜਿਸ ਵਿਚ ਸਾਫ ਲਿਖਿਆ ਹੈ ਕਿ—'ਕਿਸਨ ਬਿਸਨ ਕਬਹੂ ਨ ਧਿਆਊਂ'॥ਐਸੇ ਹੀ ਰਾਮਾਵਤਾਰ ਦੇ ਅੰਤ ਪਾਠ ਹੈ-'ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ'॥ਅਰ ਚੌਬੀਸ ਅਵਤਾਰ ਕਥਾ ਦੇ ਮੁੱਢ ਆਪਣੀ ਵੱਲੋਂ ਭੂਮਿਕਾ ਲਿਖ ਕੇ ਹੋਰ ਭੀ ਸਪਸ਼ਟ ਕਰ ਦਿੱਤਾ ਹੈ—'ਜੋ ਚੌਬੀਸ ਅਵਤਾਰ ਕਹਾਏ॥ਤਿਨ ਭੀ ਤੁਮ ਪ੍ਰਭੁ! ਤਨਿਕ ਨ ਪਾਏ'॥...ਭਾਵੇਂ ਬੀੜਾਂ ਤਾਂ ਬੇਅੰਤ ਹਨ, ਪਰ ਮੁਖ ਦੋ ਹੀ ਹਨ-ਇਕ ਭਾਈ ਮਨੀ ਸਿੰਘ ਦੀ, ਜਿਸਦਾ ਦੂਜਾ ਨਾਉਂ ਭਾਈ ਦੀਪ ਸਿੰਘ ਵਾਲੀ ਭੀ ਹੈ*, ਦੂਜੀ ਭਾਈ ਸੁੱਖਾ ਸਿੰਘ ਦੀ ਜਿਸਨੂੰ ਖਾਸ ਬੀੜ ਭੀ ਸੱਦਦੇ ਹਨ।

*ਕਿਉਂਕਿ ਬਾਬਾ ਦੀਪ ਸਿੰਘ ਜੀ ਨੇ ਇਸ ਦੀਆਂ ਕਈ ਕਾਪੀਆਂ ਕਰਾਈਆਂ ਸਨ"।

ਭਾਈ ਕਾਨ੍ਹ ਸਿੰਘ ਨਾਭਾ ਆਪਣੀ 'ਚੰਡੀ ਦੀ ਵਾਰ ਸਟੀਕ' ਪੁਸਤਕ ਦੀ ਭੂਮਿਕਾ ਵਿਚ ਇਸ ਤਰ੍ਹਾਂ ਦਰਜ਼ ਕਰਦੇ ਹਨ ਕਿ--"ਚੰਡੀ ਦੀ ਵਾਰ" ਦਾ ਅਖਰਾਰਥ ਟੀਕਾ, ਪ੍ਰੇਮੀ ਪਾਠਕਾਂ ਦੇ ਸਨਮੁੱਖ ਕੀਤਾ ਜਾਂਦਾ ਹੈ, ਜਿਸਦੀ ਸੰਖੇਪ ਕਥਾ ਇਉਂ ਹੈ-"ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ੍ਵਾਮੀ, ਮੁਰਦਾ ਭਾਰਤ ਵਿਚ ਪ੍ਰਾਣ ਸੰਚਾਰ ਕਰਨ ਦੇ ਯਤਨ ਲਈ ਜਿੱਥੇ ਖੰਡੇ ਦੇ ਅੰਮ੍ਰਿਤ ਦਾ ਪ੍ਰਯੋਗ ਕਰ ਰਹੇ ਸਨ, ਉਥੇ ਸਾਥ ਹੀ ਵੀਰ-ਰਸ ਪੂਰਤ ਕਾਵਯਰਚਨਾ ਦ੍ਵਾਰਾ, ਪਦ-ਦਲਤ ਲੋਕਾਂ ਦੇ ਮਨ ਅੰਦਰ ਉਤਸ਼ਾਹ ਅਤੇ ਸੂਰਬੀਰਤਾ ਭਰਨ ਹਿੱਤ, ਰਾਤ ਦਿਨ "ਵਚਿਤ੍ਰ ਨਾਟਕ" ਗ੍ਰੰਥ ਦੀ ਰਚਨਾ ਵਿਚ ਤਤਪਰ ਰਹਿੰਦੇ ਸਨ।

"ਚੰਡੀ ਚਰਿਤ੍ਰ" ਅਤੇ "ਚੰਡੀ ਦੀ ਵਾਰ" ਉਸੇ ਮਹਾਨ ਗ੍ਰੰਥ ਦਾ ਇਕ ਭਾਗ ਹੈ।ਦੁਰਗਾ ਦੀ ਇਹ ਕਥਾ "ਮਾਰਕੰਡੇਯ ਪੁਰਾਣ" ਤੋਂ ਲਈ ਗਈ ਹੈ।ਇਸ ਪੁਰਾਣ ਦੇ 81 ਵੇਂ ਅਧਿਆਏ ਤੋਂ ਲੈਕੇ 94 ਅਧਿਆਏ ਤੱਕ ਦੁਰਗਾ ਦੀ ਕਥਾ ਸੱਤ ਸੌ ਸਲੋਕਾਂ ਵਿਚ ਲਿਖੀ ਗਈ ਹੈ, ਜਿਸਦਾ ਨਾਮ "ਦੁਰਗਾ ਸਪਤਸ਼ਤੀ" ਅਤੇ "ਦੁਰਗਾ ਪਾਠ" ਹੋ ਗਿਆ ਹੈ।ਦਸਮੇਸ਼ ਜੀ ਨੇ ਇਸ ਪਾਠ ਦਾ ਸੁਤੰਤਰ ਅਨੁਵਾਦ ਮਨੋਹਰ ਰਚਨਾ ਵਿਚ ਕੀਤਾ ਹੈ, ਯਥਾ-"ਗ੍ਰੰਥ ਸਤਸਯਾ ਕੋ ਕਰਯੋ" ਅਤੇ "ਸਤਸਯ ਕੀ ਕਥਾ ਇਹ ਪੂਰੀ ਭਈ ਹੈ" (ਚੰਡੀ ਚਰਿਤ੍ਰ ਪਹਿਲਾ) ਤਥਾ "ਦੁਰਗਾ ਪਾਠ ਬਣਾਯਾ ਸਭੇ ਪਉੜੀਆਂ" (ਚੰਡੀ ਦੀ ਵਾਰ)

ਭਾਵੇਂ ਉਕਤਿ-ਵਿਲਾਸ (ਪਹਿਲਾ ਚੰਡੀ ਚਰਿਤ੍ਰ) ਹਿੰਦੀ ਕਾਵਯ ਵਿਚ ਬਹੁਤ ਉਚਾ ਦਰਜ਼ਾ ਰੱਖਦਾ ਹੈ, ਪਰ ਚੰਡੀ ਦੀ ਵਾਰ ਦੀ ਪੰਜਾਬੀ ਰਚਨਾ ਉਸ ਤੋਂ ਭੀ ਅਦਭੁਤ ਹੈ।ਮੇਰੇ ਨਿਸ਼ਚੇ ਅਨੁਸਾਰ ਇਸ ਪ੍ਰਕਾਰ ਦੀ ਇਹ ਕਾਵਯ ਰਚਨਾ ਪੰਜਾਬੀ ਵਿਚ ਪਹਿਲੀ ਹੈ।

ਇਸ ਵਾਰ ਵਿਚ ਬਹੁਤ ਸ਼ਬਦ ਅਜਿਹੇ ਆਏ ਹਨ ਜਿੰਨ੍ਹਾਂ ਨੂੰ ਇਸ ਸਮੇਂ ਦੇ ਪਾਠਕ ਸਮਝ ਨਹੀਂ ਸਕਦੇ, ਅਰ ਕਈ ਸ਼ਬਦਾਂ ਦਾ ਮੂਲ ਜਾਣੇ ਬਿਨਾਂ ਅਰਥ ਤੋਂ ਅਨਰਥ ਕਰ ਦਿੰਦੇ ਹਨ, ਇਸ ਲਈ ਅਨੇਕ ਥਾਂ ਫੁੱਟ-ਨੋਟ ਦੇਕੇ "ਵਾਰ ਸ੍ਰੀ ਭਗਾਉਤੀ ਜੀ" ਦਾ ਟੀਕਾ ਕੀਤਾ ਗਿਆ ਹੈ"।

ਇਸੇ 'ਚੰਡੀ ਦੀ ਵਾਰ ਸਟੀਕ' ਪੰ:2 ਉਪਰ 'ਪ੍ਰਿਥਮ ਭਗੌਤੀ ਸਿਮਰ ਕੈ' ਦੀ ਵਿਆਖਿਆ ਲਿਖ ਕੇ ਫੁੱਟ ਨੋਟ ਲਿਖਦੇ ਹਨ—"ਜੋ ਇਹ ਸ਼ੰਕਾ ਕਰਦੇ ਹਨ ਕਿ 'ਭਗਾਉਤੀ' ਸ਼ਬਦ ਵਾਰ ਦੇ ਸਿਰਲੇਖ ਵਿਚ ਜਦ ਦੁਰਗਾ ਅਰਥ ਬੋਧਕ ਆਇਆ ਹੈ, ਤਦ ਇਥੇ ਭੀ ਦੇਵੀ ਦਾ ਹੀ ਅਰਥ ਕਿਉਂ ਨਹੀਂ ਰੱਖਿਆ? ਉਨ੍ਹਾਂ ਨੂੰ ਸਮਝਣਾ ਚਾਹੀਏ ਕਿ ਕਾਵਯ ਰਚਨਾ ਵਿਚ ਇਕ ਸ਼ਬਦ ਅਨੇਕਾਅਰਥ ਬੋਧਕ ਹੋਇਆ ਕਰਦਾ ਹੈ, ਜਿਵੇਂ ਅਕਾਲ ਉਸਤਤਿ ਵਿਚ-'ਪਾਰ ਨ ਪਾਇ ਸਕੈ ਪਦਮਾਪਤਿ'-ਇਥੇ ਪਦਮਾਪਤਿ ਵਿਸ਼ਨੂ ਬੋਧਕ ਹੈ, ਅਰ-'ਸੁੰਦਰ ਸ੍ਰੀ ਪਦਮਾਪਤਿ ਏ ਹੈ' ਇਥੇ ਮਹਾਕਾਲ ਅਰਥ ਪ੍ਰਗਟ ਕਰਦਾ ਹੈ।ਚੰਡੀ ਚਰਿਤ੍ਰ ਵਿਚ 'ਹਰਿ' ਸ਼ਬਦ ਚੰਦ੍ਰਮਾ, ਕਮਲ, ਧਨੁਖ, ਤੀਰ, ਖੜਗ, ਸੂਰਜ ਆਦਿ ਅਰਥ ਪ੍ਰਗਟ ਕਰਦਾ ਹੈ।ਹਜ਼ਾਰੇ ਸ਼ਬਦਾਂ ਵਿਚ ਵਿਸ਼ਨੂ ਅਤੇ ਕਰਤਾਰ ਬੋਧਕ ਹੈ, ਯਥਾ-'ਦਸਿਕ ਅਸੁਰ ਹਰਿ ਘਾਏ' ਅਤੇ 'ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣ ਸਿਧਾਏ"।

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਇਕ ਹੋਰ 'ਹਮ ਹਿੰਦੂ ਨਹੀਂ' ਪੁਸਤਕ ਦੇ ਸਫਾ 78 ਉਪਰ ਇਕ ਹਿੰਦੂ ਤੇ ਸਿੱਖ ਪਾਤ੍ਰ ਦਾ ਵਾਰਤਾਲਾਪ ਹੁੰਦਾ ਇਸ ਤਰ੍ਹਾਂ ਵਰਨਣ ਕਰਦੇ ਹਨ:—

"ਹਿੰਦੂ--ਜੇ ਆਪ ਦੇ ਮਤ ਵਿਚ ਅਵਤਾਰਾਂ ਨੂੰ ਈਸ਼ਵਰ ਰੂਪ ਨਹੀਂ ਮੰਨਿਆਂ ਔਰ ਉਨ੍ਹਾਂ ਦੀ ਉਪਾਸ਼ਨਾ ਵਿਧਾਨ ਨਹੀਂ, ਤਾਂ ਦਸਮ-ਗ੍ਰੰਥ ਵਿਚ ਇਹ ਕਿਉਂ ਲਿਖਿਆ ਹੈ--ਮਥਰਾ ਮੰਡਲ ਕੇ ਬਿਖੈ ਜਨਮ ਧਰਿਓ ਹਰਿਰਾਇ॥ ...(ਕ੍ਰਿਸ਼ਨਾਵ)

ਜੇ ਨਰ ਸਯਾਮ ਜੁ ਕੇ ਪਰਸੇ ਪਗ ਤੇ ਨਰ ਫੇਰ ਨ ਦੇਹ ਧਰੈਂਗੇ॥ਐਸੇ ਹੀ ਹੋਰ ਪ੍ਰਸੰਗ ਬਹੁਤ ਹਨ ਜਿੰਨ੍ਹਾਂ ਤੋਂ ਸਾਬਤ ਹੁੰਦਾ ਹੈ, ਕਿ ਦਸਵੇਂ ਗੁਰੂ ਅਵਤਾਰਾਂ ਨੂੰ ਮੰਨਦੇ ਸਨ।

ਸਿੱਖ--ਇਤਿਹਾਸ ਔਰ ਪੁਰਾਣਾ ਦੀ ਕਥਾ ਦਾ ਜੋ ਤਰਜ਼ੁਮਾਂ ਅਥਵਾ ਖੁਲਾਸਾ ਹੋਵੇ, ਉਸ ਨੂੰ ਆਪ ਇਹ ਨਹੀਂ ਆਖ ਸਕਦੇ ਕਿ ਇਹ ਦਸਵੇਂ ਸਤਿਗੁਰੂ ਦਾ ਸਿੱਖਾਂ ਨੂੰ ਉਪਦੇਸ਼ ਹੈ, ਧਰਮ ਉਪਦੇਸ਼-ਮਈ ਬਾਣੀ ਗੁਰੂ ਸਾਹਿਬ ਦੀ "ਜਾਪ" ਔਰ "ਸ੍ਵੈਯੇ" ਆਦਿਕ ਭਿੰਨ ਭਿੰਨ ਹੈ, ਜਿਸ ਵਿਚ ਕੇਵਲ ਅਕਾਲ ਦੀ ਮਹਿਮਾ ਹੈ, ਔਰ ਅਵਤਾਰ ਆਦਿਕਾਂ ਨੂੰ ਉਸਦਾ ਦਾਸ ਕਥਨ ਕੀਤਾ ਹੈ।

ਪੰਨਾਂ 88 ਹਿੰਦੂ—ਆਪ ਦੇਵੀ ਦੇਵਤਿਆਂ ਦੇ ਪੂਜਨ ਦਾ ਗੁਰਮਤਿ ਵਿਚ ਨਿਸ਼ੇਧ ਆਖਦੇ ਹੋ, ਪਰ ਦਸਵੇਂ ਗੁਰੂ ਜੀ ਨੇ ਖੁਦ ਦੇਵੀ ਪੂਜੀ ਹੈ, ਜੇਹਾ ਕਿ ਬਚਿਤ੍ਰ ਨਾਟਕ ਦੇ ਇਸ ਬਚਨ ਤੋਂ-"ਮਹਾਕਾਲ ਕਾਲਿ ਕਾ ਅਰਾਧੀ"॥ ਪ੍ਰਤੀਤ ਹੁੰਦਾ ਹੈ ਅਰ ਉਨ੍ਹਾਂ ਨੇ ਦੁਰਗਾ ਦੀ ਮਹਿਮਾ ਵਿਚ ਚੰਡੀ ਚਰਿਤ੍ਰ ਲਿਖਿਆਂ ਹੈ ਔਰ ਉਸਦੇ ਪਾਠ ਦਾ ਮਹਾਤਮ ਦੱਸਿਆ ਹੈ, ਯਥਾ:-"ਜਾਹਿ ਨਮਿਤ ਪੜ੍ਹੈ ਸੁਨਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ॥...ਫੇਰ ਨ ਜੂਨੀ ਆਇਆ ਜਿਨ ਇਹ ਗਾਇਆ"॥

ਸਿੱਖ—ਪਿਆਰੇ ਹਿੰਦੂ ਭਾਈ! ਗੁਰੂ ਸਾਹਿਬ ਨੇ ਅਕਾਲ ਨੂੰ ਤ੍ਰਿਲਿੰਗ ਰੂਪ ਵਰਨਣ ਕੀਤਾ ਹੈ, ਯਥਾ—ਨਮੋ ਪਰਮ ਗਿਆਤਾ॥ਨਮੋ ਲੋਕ ਮਾਤਾ॥ ਆਦਿਕ।

ਇਸ ਥਾਂ 'ਕਾਲਿ ਕਾ' ਪਦ ਦਾ ਅਰਥ ਅਕਾਲ ਤੋਂ ਭਿੰਨ ਕੋਈ ਦੇਵੀ ਨਹੀਂ ਹੈ।ਜੇ ਦੇਵੀ ਦੀ ਉਪਾਸ਼ਨਾ ਹੁੰਦੀ ਤਦ ਅੱਗੇ "ਦ੍ਵੈ ਤੇ ਏਕ ਰੂਪ ਹ੍ਵੈ ਗਯੋ"॥ ਦੀ ਥਾਂ "ਤ੍ਰੈ ਤੇ ਏਕ ਰੂਪ ਹ੍ਵੈ ਗਯੋ" ਪਾਠ ਹੁੰਦਾ, ਅਰ "ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ" ਦੀ ਥਾਂ "ਅਕਾਲ ਅਰ ਕਾਲਿਕਾ ਬਾਚ" ਹੁੰਦਾ।ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਪੰਜ ਯੁਕਤੀਆਂ ਨਾਲ ਦੇਵੀ ਪੂਜਨ ਦਾ ਖੰਡਨ ਦਿਖਾਉਂਦੇ ਹਾਂ-

(ੳ)ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿੱਤਾ ਹੈ ਕਿ-ਬਿਨੁ ਕਰਤਾਰ ਨ ਕਿਰਤਮ ਮਾਨੋ॥ ਅਰਥਾਤ ਕਰੀ ਹੋਈ ਵਸਤੂ ਨੂੰ ਨਾ ਪੂਜੋ, ਕਰਤਾਰ (ਕਰਨ ਵਾਲੇ) ਦੀ ਉਪਾਸ਼ਨਾ ਕਰੋ।ਔਰ ਚੰਡੀ ਦੀ ਵਾਰ ਵਿਚ ਜ਼ਿਕਰ ਹੈ –

ਤੈਂ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ॥

ਇਸ ਤੋਂ ਸਿੱਧ ਹੈ ਕਿ ਦੁਰਗਾ ਸਾਜਨ ਵਾਲਾ ਕਰਤਾਰ ਹੋਰ ਹੈ ਔਰ ਦੁਰਗਾ ਉਸਦੀ ਰਚੀ ਹੋਈ ਹੈ।ਕੀ ਇਹ ਹੋ ਸਕਦਾ ਹੈ, ਕਿ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕੁੱਛ ਦੇਣ ਔਰ ਆਪ ਉਸਦੇ ਵਿਰੁੱਧ ਅਮਲ ਕੁੱਛ ਹੋਰ ਕਰਨ?ਅਰਥਾਤ–ਸਿੱਖਾਂ ਨੂੰ ਕਰਤਾਰ ਪੂਜਣਾ ਦੱਸਣ ਤੇ ਆਪ ਕਰੀ ਹੋਈ ਵਸਤੂ ਦੇ ਉਪਾਸ਼ਕ ਬਣਨ?

(ਅ)ਗੁਰੂ ਸਾਹਿਬ ਪ੍ਰਤਿਗਿਆ ਕਰਦੇ ਹਨ--ਤੁਮਹੈਂ ਛਾਡਿ ਕੋਈ ਅਵਰ ਨ ਧਿਆਊਂ॥ਜੋ ਬਰ ਚਾਹੋਂ ਸੁ ਤੁਮ ਤੇ ਪਾਊਂ॥.. ਇਕ ਬਿਨ ਦੂਸਰ ਸੋ ਨ ਚਿਨਾਰ॥...ਭਜੋਂ ਸੁ ਏਕ ਨਮਯੰ॥ਜੁ ਕਾਮ ਸਰਬ ਠਾਮਯੰ॥ਨ ਧਯਾਨ ਆਨ ਕਾ ਧਰੋਂ॥ਨ ਨਾਮ ਆਨ ਉਚਰੋਂ॥ਕੀ ਐਸਾ ਹੋ ਸਕਦਾ ਹੈ, ਕਿ ਗੁਰੂ ਸਾਹਿਬ ਆਪਣੀ ਪ੍ਰਤਿਗਿਆ ਦੇ ਵਿਰੁੱਧ ਦੇਵੀ ਪੂਜਾ ਕਰਨ?

(ੲ)ਗ੍ਰੰਥ ਕਰਤਾ ਜਿਸ ਦੇਵਤਾ ਨੂੰ ਪੂਜਦਾ ਹੈ, ਆਪਣੀ ਰਚਨਾ ਦੇ ਆਦਿ ਵਿਚ ਆਪਣੇ ਪੂਜ-ਦੇਵਤਾ ਦਾ ਨਾਉਂ ਲੈਕੇ ਮੰਗਲ ਕਰਦਾ ਹੈ, ਬਲਕਿ ਵਿਦਵਾਨ ਲੋਕ ਗ੍ਰੰਥ ਦਾ ਮੰਗਲਾਚਰਣ ਦੇਖ ਕੇ ਹੀ ਕਵੀ ਦਾ ਇਸ਼ਟ ਸਮਝ ਲੈਂਦੇ ਹਨ।ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੴਸਤਿਗੁਰ ਪ੍ਰਸਾਦਿ॥ ੴਵਾਹਿਗੁਰੂ ਜੀ ਕੀ ਫਤਹਿ॥ਏਹੀ ਮੰਗਲਾਚਰਣ ਸ੍ਰੀ ਮੁਖਵਾਕ ਬਾਣੀ ਦੇ ਆਦਿ ਰੱਖਿਆ ਹੈ, ਫੇਰ ਕਿਸ ਤਰ੍ਹਾਂ ਖਿਆਲ ਕੀਤਾ ਜਾ ਸਕਦਾ ਹੈ, ਕਿ ਦਸਮ ਗੁਰੂ ਜੀ ਦੇਵੀ ਭਗਤ ਸਨ?

(ਸ)ਸਿੱਖਾਂ ਵਿਚ ਦਸ ਸਤਿਗੁਰੂ ਇਕ ਰੂਪ ਮੰਨੇ ਗਏ ਹਨ, ਜੋ ਆਸ਼ਾ ਗੁਰੂ ਨਾਨਕ ਦੇਵ ਜੀ ਦਾ ਹੈ, ਉਹੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਬਚਨ ਹਨ- ਭਰਮੇ ਸੁਰ ਨਰ ਦੇਵੀ ਦੇਵਾ॥(ਬਾਵਨ ਅੱਖਰੀ)

ਦੇਵੀਆ ਨ ਜਾਨੇ ਮਰਮ॥(ਰਾਮ ਮ:5) ਮਹਾਮਾਈ ਕੀ ਪੂਜਾ ਕਰੈ॥ਨਰ ਸੈ ਨਾਰ ਹੋਇ ਅਉਤਰੈ॥ਤੂ ਕਹੀਅਤ ਹੀ ਆਦਿ ਭਵਾਨੀ॥ਮੁਕਤਿ ਕੀ ਬਰੀਆਂ ਕਹਾ ਛਪਾਨੀ॥(ਗੌਡ ਨਾਮਦੇਵ ਜੀ) ਔਰ ਫਿਰ,ਖੁਦ ਕਲਗੀਧਰ ਅਕਾਲ ਉਸਤਤਿ ਵਿਚ ਲਿਖਦੇ ਹਨ: ਚਰਨ ਸਰਨ ਜਿਹ ਬਸਤ ਭਵਾਨੀ॥ ਅਰਥਾਤ, ਦੇਵੀ ਅਕਾਲ ਦੇ ਚਰਨਾ ਦੀ ਦਾਸੀ ਹੈ, ਔਰ ਇਸ ਪਰ ਸਤਿਗੁਰਾਂ ਦਾ ਬਚਨ ਹੈ-ਕਿ ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥(ਭੈਰਉ ਮ:5) ਔਰ ਜਿਸ ਦੇਵੀ ਨੂੰ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦਾ ਝਾੜੂ ਬਰਦਾਰ ਮੰਨਿਆਂ, ਤਦ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਸੀ ਗੁਰ ਗੱਦੀ ਦੇ ਮਾਲਕ ਆਪਣੇ ਬਜ਼ੁਰਗਾਂ ਦੇ ਆਸ਼ੇ ਤੋਂ ਵਿਰੁੱਧ ਔਰ ਆਪਣੇ ਲੇਖ ਦੇ ਵਿਰੁੱਧ ਦੇਵੀ ਦੀ ਉਪਾਸ਼ਨਾ ਕਰਦੇ?

(ਹ)ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ

ਅਰਥ ਪੜ੍ਹੇ, ਉਹ ਭਾਈ ਸਾਹਿਬ "ਗਿਆਨ ਰਤਨਾਵਲੀ" ਦੇ ਆਦਿ ਵਿਚ ਇਹ ਮੰਗਲਾਚਰਨ ਕਰਦੇ ਹਨ:-

"ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮੰਨਾਵਦਾ ਹੈ, ਕੋਈ ਸ਼ਿਵਾ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰਕੇ ਸਭ ਵਿਘਨ ਨਾਸ਼ ਹੁੰਦੇ ਹਨ, ਤਾਂ ਤੇ ਸਤਿਨਾਮ ਦਾ ਮੰਗਲਾਚਾਰ ਆਦਿ ਰੱਖਿਆ ਹੈ"॥ਜੇ ਦਸਵੇਂ ਸਤਿਗੁਰੂ ਦਾ ਇਸ਼ਟ ਦੇਵੀ ਹੁੰਦੀ ਤਾਂ ਕੀ ਭਾਈ ਮਨੀ ਸਿੰਘ ਜੀ ਆਪਣੇ ਗੁਰੂ ਦੀ ਪੂਜਾ-ਦੇਵੀ ਬਾਬਤ ਐਸਾ ਲਿਖ ਸਕਦੇ ਸਨ?ਔਰ ਪਿਆਰੇ ਹਿੰਦੂ ਜੀ! ਆਪ ਨੇ ਜੋ ਦੇਵੀ ਦੇ ਮਹਾਤਮ ਬਾਬਤ ਆਖਿਆ ਹੈ ਸੋ ਉਹ ਦਸਵੇਂ ਸਤਿਗੁਰੂ ਦਾ ਉਪਦੇਸ਼ ਨਹੀਂ, ਉਹ ਮਾਰਕੰਡੇ ਪੁਰਾਣ ਵਿਚੋਂ "ਦੁਰਗਾ ਸਪਤਸ਼ਤੀ" ਦਾ ਤਰਜ਼ੁਮਾ ਹੈ।

ਸਫਾ 92 ਹਿੰਦੂ-ਸਿੱਖਾਂ ਦਾ ਨਿੱਤ ਅਰਦਾਸ ਵੇਲੇ ਇਹ ਪੜ੍ਹਨਾ ਕਿ "ਪ੍ਰਿਥਮ ਭਗੌਤੀ ਸਿਮਰ ਕੈ" ਸਾਫ ਸਿੱਧ ਕਰਦਾ ਹੈ, ਕਿ ਖਾਲਸਾ ਧਰਮ ਵਿਚ ਦੇਵੀ ਉਪਸ਼ਨਾ ਹੈ।ਅਸਲ ਵਿਚ "ਭਗੌਤੀ" ਪਦ ਸੰਸਕ੍ਰਿਤ "ਭਗਵਤੀ" ਹੈ, ਜਿਸਦਾ ਅਰਥ ਦੇਵੀ ਹੈ।ਗੁਰੂ ਗੋਬਿੰਦ ਸਿੰਘ ਜੀ ਫਾਰਸੀ ਅੱਖਰਾਂ ਵਿਚ ਆਪਣੀ ਕਵਿਤਾ ਲਿਖਿਆ ਕਰਦੇ ਸੇ, ਜੋ ਭਗਵਤੀ ਔਰ ਭਗੌਤੀ ਇਕੋ ਪੜ੍ਹਿਆ ਜਾਂਦਾ ਹੈ।ਗੁਰਮੁਖੀ ਲਿਖਾਰੀਆਂ ਨੇ ਅਸਲ ਸ਼ੁੱਧ ਪਾਠ ਸਮਝੇ ਬਿਨਾਂ ਭਗਵਤੀ ਦੀ ਥਾਂ ਭਗੌਤੀ ਲਿਖ ਦਿੱਤਾ ਹੈ।

ਸਿੱਖ-ਅਸੀਂ ਆਪ ਨੂੰ ਦੋ ਚਾਰ ਪ੍ਰਸ਼ਨ ਕਰਦੇ ਹਾਂ, ਜਿੰਨ੍ਹਾਂ ਤੋਂ ਆਪਦੀ ਤਸੱਲੀ ਹੋ ਜਾਏਗੀ।

(ੳ)ਚੰਡੀ ਦੀ ਵਾਰ ਵਿਚ ਪਾਠ ਹੈ-ਲਈ ਭਗੌਤੀ ਦੁਰਗਸ਼ਾਹ ਵਰਜਾਗਨ ਭਾਰੀ॥ਲਾਈ ਰਾਜੇ ਸੁੰਭ ਨੂੰ ਰਤ ਪੀਏ ਪਿਆਰੀ॥...ਕੀ ਇਸਦਾ ਭਾਵ ਇਹ ਹੈ ਕਿ ਦੁਰਗਾ ਨੇ ਭਗਵਤੀ (ਦੇਵੀ) ਫੜ੍ਹ ਕੇ ਰਾਜੇ ਸੁੰਭ ਦੇ ਸਿਰ ਵਿਚ ਮਾਰੀ, ਜਿਸ ਨੇ ਉਸਦਾ ਲਹੂ ਚੱਖਿਆ?

(ਅ) ਕੀ ਗੁਰੂ ਅਰਜਨ ਸਾਹਿਬ ਭੀ ਫਾਰਸੀ ਅੱਖਰਾਂ ਵਿਚ ਸ਼ਬਦ ਲਿਖਿਆ ਕਰਦੇ ਸੀ ਜਿੰਨ੍ਹਾਂ ਦੀ ਨਕਲ ਕਰਨ ਵੇਲੇ ਭਾਈ ਗੁਰਦਾਸ ਜੀ ਧੋਖਾ ਖਾ ਗਏ? ਦੇਖੋ ਸੁਖਮਨੀ ਦਾ ਪਾਠ:-ਭਗਉਤੀ ਭਗਵੰਤ ਭਗਤਿ ਕਾ ਰੰਗੁ॥ਸਗਲ ਤਿਆਗੈ ਦੁਸਟ ਕਾ ਸੰਗੁ॥...ਸਾਧ ਸੰਗਿ ਪਾਪਾ ਮਲੁ ਖੋਵੈ॥ਤਿਸ ਭਗਉਤੀ ਕੀ ਮਤਿ ਊਤਮ ਹੋਵੈ॥...ਹਰਿ ਕੇ ਚਰਨ ਹਿਰਦੈ ਬਸਾਵੈ॥ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ਕਿਉਂ ਸਾਹਿਬ! ਇਹ ਭਗੌਤੀ ਹੈ ਜਾਂ ਭਗਵਤੀ? ਔਰ ਇਸਤ੍ਰੀ ਲਿੰਗ ਹੈ ਜਾਂ ਪੁਲਿੰਗ?

(ੲ)ਭਗੌਤੀ ਸਤੋਤ੍ਰ ਔਰ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਲਿਖਿਆ ਹੈ:-ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ॥ (ਭਗੌਤੀ ਸਤੋਤ੍ਰ), ਨਾਉ ਭਗੌਤੀ ਲੋਹ ਘੜਾਯਾ॥(ਭਾਈ ਗੁਰਦਾਸ ਜੀ) ਕੀ ਭਗਵਤੀ (ਦੇਵੀ) ਨੂੰ ਸਾਣ ਪਰ ਬਾਢ ਚੜ੍ਹਾਇਆ ਜਾਂਦਾ ਹੈ? ਔਰ ਕੀ ਉਹ ਲੋਹੇ ਦੀ ਘੜੀ ਹੋਈ ਹੈ?"

ਗੁਰ ਸ਼ਬਦ ਰਤਨਾਕਰ 'ਮਹਾਨ ਕੋਸ਼' ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਉਹ ਵਡਮੁੱਲਾ ਪੰਥ ਪ੍ਰਵਾਣਿਤ ਗ੍ਰੰਥ ਹੈ, ਜਿਸਦੇ ਇਸਤੇਮਾਲ ਕੀਤੇ ਬਿਨਾਂ ਵੱਡੇ ਵੱਡੇ ਵਿਦਵਾਨ ਭੀ ਆਪਣੀ ਲਿਖਤ ਨੂੰ ਅਧੂਰਾ ਸਮਝਦੇ ਹਨ।ਉਸਦੇ ਹਰ ਪੰਨੇ ਉਪਰ ਦਸਮ-ਗ੍ਰੰਥ ਦੇ ਹਰੇਕ ਭਾਗ ਵਿਚਲੇ ਔਖੇ ਸ਼ਬਦਾਂ ਦੇ ਅਰਥ ਲਿਖੇ ਮਿਲਦੇ ਹਨ। ਭਾਈ ਸਾਹਿਬ ਜੀ ਦੇ ਸਹਿਯੋਗ ਸਦਕਾ ਉਨ੍ਹਾਂ ਦੇ ਸਪੁੱਤਰ ਭਗਵੰਤ ਸਿੰਘ 'ਹਰੀ ਜੀ' ਨੇ ਆਪਣੀ ਜ਼ਿੰਦਗੀ ਦੇ ਕੀਮਤੀ 30 ਸਾਲ ਤੋਂ ਉਪਰ ਦਾ ਸਮਾਂ ਲਗਾਕੇ 'ਤੁਕ ਤਤਕਰਾ ਦਸਮ-ਗ੍ਰੰਥ ਸਾਹਿਬ' ਅਤੇ 'ਦਸਮ-ਗ੍ਰੰਥ ਸਾਹਿਬ ਦਾ ਬਾਣੀ ਬਿਓਰਾ' (ਦੋ ਪੁਸਤਕਾਂ ਦੇ ਰੂਪ ਵਿਚ) ਖਾਲਸਾ ਪੰਥ ਦੀ ਝੋਲੀ ਪਾਇਆ ਹੈ, ਜਿਸਨੂੰ ਪੜ੍ਹ ਕੇ ਅਨੇਕਾਂ ਸਿੱਖ ਲਾਹਾ ਲੈ ਰਹੇ ਹਨ।ਭਾਈ ਕਾਨ੍ਹ ਸਿੰਘ ਜੀ ਨਾਭਾ ਜੈਸੇ ਉਚ ਵਿਦਿਆ ਹਾਸਲ ਕਰਨ ਵਾਲੇ, ਹਰ ਗੱਲ ਦੀ ਤਹਿ ਤੱਕ ਪਹੁੰਚ ਰੱਖਣ ਵਾਲੇ, ਸਿੱਖੀ ਸਿਦਕ ਵਿਚ ਪੂਰੇ ਅਤੇ ਜਿੰਨ੍ਹਾਂ ਦੇ ਦਿਲ ਵਿਚ ਸਿੱਖੀ ਪ੍ਰਤੀ ਪ੍ਰਚੰਡ ਜਜ਼ਬਾ ਠਾਠਾਂ ਮਾਰਦਾ ਸੀ, ਉਨ੍ਹਾਂ ਤੋਂ ਦਸਮੇਸ਼-ਕ੍ਰਿਤ (ਦਸਮ-ਗ੍ਰੰਥ) ਬਾਰੇ ਇਤਨੀ ਵਾਕਫੀ ਮਿਲਣ ਤੇ ਭੀ ਅਗਰ ਕੁੱਝ ਕੁ ਪੰਥ-ਮਾਰੂ ਅਖੌਤੀ ਵਿਦਵਾਨਾਂ ਦੀ ਅਗਿਆਨਤਾ ਕਰਕੇ ਜੇ ਕਿਸੇ ਨੂੰ ਕੋਈ ਸ਼ੰਕਾ ਰਹਿ ਜਾਂਦਾ ਹੈ, ਤਾਂ ਇਸ ਨੂੰ ਬਦਨਸੀਬੀ ਹੀ ਕਿਹਾ ਜਾ ਸਕਦਾ ਹੈ।

*- ਅਮਰਜੀਤ ਸਿੰਘ ਖੋਸਾ*

# ਪ੍ਰੋ.ਸਾਹਿਬ ਸਿੰਘ ਜੀ (ਡੀ.ਲਿਟ.)--ਦਸਮੇਸ਼-ਬਾਣੀ ਬਾਰੇ

ਪ੍ਰੋ. ਸਾਹਿਬ ਸਿੰਘ ਜੀ ਦਾ ਨਾਮ ਸਿੱਖ ਜਗਤ ਵਿਚ ਇਕ ਸਿਤਾਰੇ ਵਾਂਗ ਰੌਸ਼ਨ ਹੈ।ਉਨ੍ਹਾਂ ਨੇ ਸਾਰਾ ਜੀਵਨ ਗੁਰਬਾਣੀ ਦੇ ਵਿਆਕਰਣਕ ਤੇ ਸਿਧਾਂਤਕ ਪਹਿਲੂਆਂ ਨੂੰ ਦੇਖਦੇ ਹੋਏ ਟੀਕਾ ਅਤੇ ਇਤਿਹਾਸਕ ਪਹਿਲੂਆਂ ਨੂੰ ਦੇਖਦੇ ਹੋਏ ਕਈ ਹੋਰ ਪੁਸਤਕਾਂ ਭੀ ਲਿਖੀਆਂ ਹਨ।ਨਿਤਨੇਮ ਅਤੇ ਅੰਮ੍ਰਿਤ ਸੰਚਾਰ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਜਾਪੁ ਸਾਹਿਬ ਤੇ ਸਵੈਯੈ ਭੀ ਟੀਕਾ ਕੀਤੇ ਹਨ, ਪਰ ਬੇਹੱਦ ਰੁਝਾਨ ਜਾਂ ਕਿਸੇ ਵਜ੍ਹਾ ਕਰਕੇ ਉਹ ਚੌਪਈ ਦਾ ਟੀਕਾ ਨਾ ਕਰ ਸਕੇ।ਬੱਸ ਇੰਨੀਂ ਗੱਲ ਦਾ ਨਾਜਾਇਜ਼ ਆਸਰਾ ਲੈਕੇ ਦਸਮ ਗ੍ਰੰਥ ਸਾਹਿਬ ਬਾਰੇ ਬੇਲੋੜਾ ਵਾਦ ਵਿਵਾਦ ਛੇੜਨ ਵਾਲੇ ਕਹਿ ਦਿੰਦੇ ਹਨ, ਕਿ 'ਬੇਨਤੀ ਚੌਪਈ' ਦਸਮੇਸ਼ ਰਚਨਾ ਨਹੀਂ, ਇਸ ਕਰਕੇ ਹੀ ਪ੍ਰੋ.ਸਾਹਿਬ ਸਿੰਘ ਜੀ ਨੇ ਇਸਦਾ ਟੀਕਾ ਨਹੀਂ ਕੀਤਾ।ਪ੍ਰੋ.ਸਾਹਿਬ ਸਿੰਘ ਜੀ ਦਾ ਦਸਮੇਸ਼ ਬਾਣੀਆਂ ਬਾਰੇ ਕੀ ਵਿਚਾਰ ਸੀ?, ਇਥੇ ਇਹੀ ਸਿੱਧ ਕਰਨ ਦਾ ਯਤਨ, ਉਨ੍ਹਾਂ ਦੇ ਆਪਣੇ ਹੀ ਲਫਜ਼ਾਂ ਵਿਚ ਕੀਤਾ ਜਾ ਰਿਹਾ ਹੈ। ਸਿੰਘ ਬ੍ਰਦਰਜ਼ ਵੱਲੋਂ ਛਾਪੀ ਨਿਤਨੇਮ ਸਟੀਕ ਦੇ ਪੰ:100 ਉਪਰ ਜਾਪੁ ਸਾਹਿਬ ਦਾ ਟੀਕਾ ਪ੍ਰੋ. ਸਾਹਿਬ ਸਿੰਘ ਜੀ ਇਸ ਤਰ੍ਹਾਂ ਸ਼ੁਰੂ ਕਰਦੇ ਹਨ:-

**"ਜਾਪੁ॥ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦॥ਅਰਥ:-ਪਾਤਿਸ਼ਾਹੀ ਦਸਵੀਂ ਜੀ ਦੇ ਪਵਿੱਤਰ ਮੁਖ ਦਾ ਵਾਕ। ...ਏਸੇ ਤਰ੍ਹਾਂ 'ਪਾਤਿਸ਼ਾਹੀ ੧੦' ਵਿਚ 'ਅੰਕ ੧੦' ਦਾ ਪਾਠ 'ਦਸ' ਅਸ਼ੁੱਧ ਹੈ, 'ਦਸਵੀਂ' ਪਾਠ ਠੀਕ ਹੈ, ਇਸਦਾ ਭਾਵ ਇਹ ਹੈ, ਜੋ ਬਾਣੀ ਹੁਣ ਪੜ੍ਹਨ ਲੱਗੇ ਹਾਂ, ਉਹ ਦਸਵੇਂ ਪਾਤਿਸ਼ਾਹ ਜੀ ਦੀ ਹੈ।'ਅਰਦਾਸ' ਦੇ ਪਹਿਲੇ ਸ਼ਬਦ ਵੱਲ ਭੀ ਹਰੇਕ ਸਿੱਖ ਦਾ ਖਾਸ ਧਿਆਨ ਦੇਣਾ ਜ਼ਰੂਰੀ ਹੈ, ਉਹ ਸ਼ਬਦ ਇਉਂ ਹਨ:-**

**੧ਓ ਵਾਹਿਗੁਰੂ ਜੀ ਕੀ ਫਤਹਿ॥ਸ੍ਰੀ ਭਗਉਤੀ ਜੀ ਸਹਾਏ॥ਪਾਤਿਸ਼ਾਹੀ ੧੦॥ਏਥੇ ਸ਼ਬਦ ਪਾਤਸ਼ਾਹੀ ੧੦ ਦਾ ਭਾਵ ਇਹ ਹੈ ਕਿ ਅਰਦਾਸ 'ਪ੍ਰਿਥਮ ਭਗਉਤੀ' ਤੋਂ ਲੈਕੇ 'ਸਭ ਥਾਈਂ ਹੋਇ ਸਹਾਇ' ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ॥ਏਥੇ ਅੰਕ ੧੦ ਦਾ ਪਾਠ 'ਦਸ ਕਰਨਾ ਅਸ਼ੁੱਧ ਹੈ, ਸ਼ੁੱਧ ਪਾਠ ਦਸਵੀਂ" ਹੈ।ਆਸਾ ਦੀ ਵਾਰ ਸਟੀਕ ਵਿਚ ਕਈ ਥਾਂਈਂ ਪ੍ਰਮਾਣ ਦੇਕੇ ਦੱਸਿਆ ਗਿਆ ਹੈ ਕਿ ਬਾਣੀ ਦੀ ਕਿਸੇ ਲਗ ਮਾਤ੍ਰ ਦਾ ਜਾਂ ਕਿਸੇ ਅੰਕ ਦਾ ਵੀ ਅਸ਼ੁੱਧ ਪਾਠ ਬਹੁਤ ਵਾਰੀ ਬਾਣੀ ਦੇ ਅਸਲੀ ਭਾਵ ਤੋਂ ਬਹੁਤ ਦੂਰ ਲੈ ਜਾਂਦਾ ਹੈ।ਇਸ ਲਾਪ੍ਰਵਾਹੀ ਦਾ ਜੋ ਸਿੱਟਾ ਸ੍ਰੀ ਕਲਗੀਧਰ ਜੀ ਦੀ ਬਾਣੀ ਸਬੰਧੀ ਨਿਕਲਿਆ ਹੈ, ਉਹ ਖਾਸ ਤੌਰ ਤੇ ਸ਼ੋਕਮਈ ਹੈ।...ਹਾਂ, ਅਰਦਾਸ ਵਾਲੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ, ਇਸ ਵਾਸਤੇ ਇਸਦੇ ਸ਼ੁਰੂ ਵਿਚ ਪੜ੍ਹਨਾ ਹੈ 'ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ"।**

ਪ੍ਰੋ.ਸਾਹਿਬ ਸਿੰਘ ਜੀ ਦੀ ਇਕ ਹੋਰ, ਸਿੰਘ ਬ੍ਰਦਰਜ਼ ਵੱਲੋਂ ਛਾਪੀ ਪੁਸਤਕ, 'ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ' ਹੈ।ਪੰ:88 ਤੇ ਭੰਗਾਣੀ ਯੁੱਧ ਬਾਰੇ ਲਿਖਦੇ ਹੋਏ, ਉਹ ਮਿਸਾਲ ਦਿੰਦੇ ਹਨ:-

"ਇਤਿਹਾਸਕ ਗਵਾਹੀ- ਜੰਗ ਤੋਂ ਪਿੱਛੋਂ ਛੇ ਮਹੀਨੇ ਹੋਰ ਸਤਿਗੁਰੂ ਜੀ ਪਾਉਂਟੇ ਸਾਹਿਬ ਹੀ ਟਿਕੇ ਰਹੇ। ਭੰਗਾਣੀ ਦੇ ਜੰਗ ਦਾ ਸਾਰਾ ਹਾਲ ਉਨ੍ਹਾਂ ਉਥੇ ਹੀ ਬੀਰ-ਰਸ-ਭਰੀ ਕਵਿਤਾ ਵਿਚ ਲਿਖਿਆ, ਜੋ 'ਬਚਿਤ੍ਰ ਨਾਟਕ' ਦੇ ਅੱਠਵੇਂ ਅਧਿਆਏ ਵਿਚ ਦਰਜ਼ ਹੈ"।

ਪ੍ਰੋ. ਸਾਹਿਬ ਸਿੰਘ ਜੀ ਇਸੇ ਪੁਸਤਕ ਦੇ ਪੰ:92 ਤੇ ਲਿਖਦੇ ਹਨ:-

**"ਵੇਲੇ ਦੀ ਸੰਭਾਲ—ਪਰ ਨਿਰੇ ਹਥਿਆਰ ਕਿਸੇ ਕੰਮ ਨਹੀਂ, ਜੇ ਹਥਿਆਰ ਫੜ੍ਹਨ ਵਾਲੇ ਮਨੁੱਖ ਦੇ ਅੰਦਰ ਬੀਰ ਰਸ ਦਾ ਹੁਲਾਰਾ ਨਹੀਂ।ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਬਣਵਾ ਕੇ, ਉਸਦੇ ਸਾਹਮਣੇ ਢਾਡੀਆਂ ਪਾਸੋਂ ਜੋਧਿਆਂ ਦੀਆਂ ਵਾਰਾਂ ਦੇ ਪ੍ਰਸੰਗ ਸ਼ੁਰੂ ਕਰਵਾਏ ਸਨ, ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਕੀਤਾ।'...ਰਮਾਇਣ' ਅਤੇ 'ਮਹਾਂਭਾਰਤ' ਦੇ ਜੰਗਾਂ ਦੀਆਂ ਸਦੀਆਂ ਤੋਂ ਪੁਰਾਣੀਆਂ ਕਥਾਵਾਂ ਸੰਸਕ੍ਰਿਤ ਵਿਚ ਲਿਖੀਆਂ ਮੌਜੂਦ ਸਨ।ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਵੇਂ ਸੱਚੇ ਵਿਚ ਢਾਲ ਕੇ ਨਵੇਂ ਰੂਪ ਵਿਚ ਲਿਆਂਦਾ"।**

ਪੰ:105 ਉਪਰ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ:-

"ਹੁਸੈਨ ਖਾਨ—'...ਬਚਿਤ੍ਰ ਨਾਟਕ' ਦੇ ਯਾਰ੍ਹਵੇਂ ਅਧਿਆਇ ਵਿਚ 'ਹੁਸੈਨੀ ਯੁੱਧ' ਦੇ ਨਾਮ ਹੇਠ ਇਸ ਜੰਗ ਦਾ ਜ਼ਿਕਰ ਹੈ।ਸਤਿਗੁਰੂ ਜੀ ਵੱਲੋਂ ਭੇਜੇ ਹੋਏ ਕੁੱਝ ਸਿੱਖ ਭੀ ਭਾਈ ਸੰਗਤੀਏ ਸਮੇਤ ਸ਼ਹੀਦ ਹੋਏ।ਇਹ ਯੁੱਧ ਸੰਨ 1688-89 ਦੇ ਸਿਆਲ ਵਿਚ ਹੋਇਆ ਸੀ"।

ਫਿਰ ਇਸੇ ਪੁਸਤਕ ਦੇ ਪੰ:127 ਤੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ:-

"ਗੁਰੂ ਗੋਬਿੰਦ ਸਿੰਘ ਜੀ ਇਨਸਾਨੀ ਜੀਵਨ ਨਾਲ ਸੰਬੰਧ ਰੱਖਣ ਵਾਲੇ ਕਈ ਅਸੂਲਾਂ ਦਾ ਸ੍ਰੋਤਿਆਂ ਅਤੇ ਦਰਸ਼ਕਾਂ ਦੇ ਮਨਾਂ ਵਿਚ ਡੂੰਘਾ ਪ੍ਰਭਾਵ ਪਾਣ ਲਈ ਹਾਸ-ਰਸ ਦੇ ਕੌਤਕ ਜਾਂ ਬਚਨ ਵਰਤਾ ਦਿਆ ਕਰਦੇ ਸਨ। ਬ੍ਰਾਹਮਣਾਂ ਦਾ ਕ੍ਰੋਧ ਮੱਠਾ ਕਰਨ ਲਈ ਸਤਿਗੁਰੂ ਜੀ ਉਨ੍ਹਾਂ ਨੂੰ ਹੱਸ ਕੇ ਆਖਣ ਲੱਗੇ ਕਿ ਸਾਨੂੰ ਤੁਹਾਡਾ ਚੇਤਾ ਨਹੀਂ ਸੀ ਰਿਹਾ।ਗੁਰੂ ਪਾਤਸ਼ਾਹ ਨੇ ਤਾਂ ਰਮਜ਼ ਭਰੇ ਤਰੀਕੇ ਨਾਲ ਉਨ੍ਹਾਂ ਨੂੰ ਸਮਝਾਇਆ ਸੀ ਕਿ ਚੇਤਾ ਉਹਨਾਂ ਬਾਰੇ ਹੀ ਵਿਸਰਦਾ ਹੈ, ਜਿੰਨ੍ਹਾਂ ਦੀ ਲੋੜ ਨਾ ਰਹੇ, ਪਰ ਉਹ ਅਜੇ ਭੀ ਆਪਣਾ ਹੱਕ ਜਤਾਉਣੋ ਨ ਟਲੇ।ਆਖਰ ਸਤਿਗੁਰੂ ਜੀ ਨੇ ਖੁਲ੍ਹੇ ਲਫਜ਼ਾਂ ਵਿਚ ਬ੍ਰਾਹਮਣਾਂ ਨੂੰ ਕਹਿ ਦਿੱਤਾ, ਕਿ ਸੇਵਾ ਕਰਾਉਣ ਦਾ ਹੱਕ ਉਨ੍ਹਾਂ ਦਾ ਹੀ ਹੁੰਦਾ ਹੈ, ਜਿੰਨ੍ਹਾਂ ਨੇ ਆਪਣਾ ਆਪ ਦੂਜਿਆ ਲਈ ਕੁਰਬਾਨ ਕਰ ਦਿੱਤਾ ਹੋਵੇ, ਜਿਹੜੇ ਦੁਖੀਆਂ ਗਰੀਬਾਂ ਦੀ ਖਾਤਰ ਸਿਰ ਤਲੀ ਉਤੇ ਰੱਖੀ ਫਿਰਦੇ ਹੋਣ।ਤੁਸਾਂ ਉਚ-ਜ਼ਾਤੀਏ ਬ੍ਰਾਹਮਣਾਂ ਨੇ ਸਦੀਆਂ ਤੋਂ ਕਰੋੜਾਂ ਬੰਦਿਆ ਨੂੰ ਸ਼ੂਦਰ ਆਖ ਆਖ ਕੇ ਪੈਰਾਂ ਹੇਠ ਲਤਾੜਿਆ ਹੋਇਆ ਸੀ।ਗੁਰੂ ਨਾਨਕ ਪਾਤਸ਼ਾਹ ਆਏ, ਉਹਨਾਂ ਦਾ ਸੱਦ ਸੁਣਕੇ ਇੰਨ੍ਹਾਂ ਲੋਕਾਂ ਨੇ ਤੁਹਾਡੀ ਗੁਲਾਮੀ ਦਾ ਜੂਲਾ ਲਾਹੁਣ ਲਈ ਸਿਰ ਤਲੀ ਉਤੇ ਰੱਖ ਲਿਆ।ਤੁਸੀਂ ਇੰਨ੍ਹਾਂ ਨੂੰ ਆਪਣੇ ਨਾਲੋਂ ਨੀਵੀਂ ਜ਼ਾਤੀ ਦੇ ਸਮਝਦੇ ਹੋ, ਪਰ ਅਸਲ ਵਿਚ ਇਹੀ ਹਨ ਦਾਨ ਸੇਵਾ ਦੇ ਅਸਲੀ ਹੱਕਦਾਰ, ਕਿਉਂਕਿ ਇੰਨ੍ਹਾਂ ਨੇ ਆਪਣਾ ਸਭ ਕੁੱਝ ਦੂਜਿਆਂ ਦੀ ਖਾਤਰ ਕੁਰਬਾਨ ਕੀਤਾ ਹੋਇਆ ਹੈ।ਇਹ ਸੁਣ ਕੇ ਬ੍ਰਾਹਮਣਾਂ ਦਾ ਲੱਕ ਟੁੱਟ ਗਿਆ, ਕਿ ਜਾਗੀ ਜਨਤਾ ਨੂੰ ਲੁੱਟਣ ਦੇ ਅਵਸਰ ਘਟਦੇ ਜਾ ਰਹੇ ਹਨ।ਸਤਿਗੁਰੂ ਜੀ ਨੇ ਹੇਠ ਲਿਖੇ ਸਵੈਯੇ ਅੰਕਿਤ ਕੀਤੇ:- ਜੋ ਕਿਛੁ ਲੇਖੁ ਲਿਖਿਯੋ ਬਿਧਨਾ ਸੋਈ ਪਾਈਅਤ ਮਿਸ੍ਰ ਜੂ ਸ਼ੋਕੁ ਨਿਵਾਰੋ॥

ਮੇਰੋ ਕਛੂ ਅਪਰਾਧ ਨਹੀਂ ਗਯੋ ਯਾਦਿ ਤੇ ਭੂਲਿ ਨ ਕੋਪੁ ਚਿਤਾਰੋ॥
ਬਾਗੋ ਨਿਹਾਲੀ ਪਠੈ ਦੈ ਹੋਂ ਆਜ ਭਲੇ ਤੁਮ ਕੋ ਨਿਹਚੈ ਜੀਅਓ ਧਾਰੋ॥
ਛਤ੍ਰ ਸਭੈ ਕ੍ਰਿਤ ਬਿਪ੍ਰਨ ਕੇ ਇਨਹੂ ਪੈ ਕਟਾਛ ਕ੍ਰਿਪਾ ਕੇ ਨਿਹਾਰੋ॥1॥
ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਓਘ ਟਰੈ ਇਨ ਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨ ਹੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ॥ 2॥
ਸੇਵ ਕਰੀ ਇਨ ਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨ ਹੀ ਕੋ ਭਲੋ ਅਉਰ ਆਨ ਕੋ ਦਾਨ ਨ ਲਾਗਤ ਨੀਕੋ॥
ਆਗੇ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥3॥

ਦੋਹਿਰਾ

ਚਟਪਟਾਇ ਚਿੱਤ ਮੈ ਜਰਿਓ ਤ੍ਰਿਣ ਜਿਉਂ ਕਰੁੱਧਤ ਹੋਇ॥
ਖੋਜ ਰੋਜਿ ਕੇ ਹੇਤਿ ਲਗਿ ਦਯੋ ਮਿਸ੍ਰ ਜੂ ਰੋਇ॥4॥

ਪ੍ਰੋ. ਸਾਹਿਬ ਸਿੰਘ ਜੀ ਇਸੇ ਪੁਸਤਕ ਦੇ ਪੰ:133 ਤੇ ਲਿਖਦੇ ਹਨ:-

"ਖੁਲ੍ਹਾ ਅੰਮ੍ਰਿਤ ਪਰਚਾਰ:-ਸਤਿਗੁਰੂ ਜੀ ਦੀ ਹਦਾਇਤ ਅਨੁਸਾਰ ਪੰਜ* ਪਿਆਰਿਆਂ ਨੇ ਫਿਰ ਨਵੇਂ ਸਿਰੇ ਤਿਆਰ ਕਰਕੇ 25 ਹੋਰ ਸਿੰਘਾਂ ਨੂੰ ਅੰਮ੍ਰਿਤ ਛਕਾਇਆ।ਇਸ ਤਰ੍ਹਾਂ ਅਗਾਂਹ ਅੰਮ੍ਰਿਤ ਛਕਾਣ ਲਈ ਛੇ ਜੱਥੇ ਤਿਆਰ ਹੋ ਗਏ।ਇਸੇ ਹੀ ਤਰ੍ਹਾਂ ਹੋਰ ਹੋਰ ਜੱਥੇ ਤਿਆਰ ਹੁੰਦੇ ਗਏ, ਅਤੇ ਸ਼ਾਮ ਤੱਕ ਪਹਿਲੇ ਹੀ ਦਿਨ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ ਛਕ ਲਿਆ।

***ਅੰਮ੍ਰਿਤ ਤਿਆਰ ਕਰਨ ਵਾਲੇ ਸਿੰਘਾਂ ਵਾਸਤੇ ਜ਼ਰੂਰੀ ਹੈ, ਕਿ ਉਨ੍ਹਾਂ ਨੂੰ ਪੰਜ ਬਾਣੀਆਂ ਜ਼ੁਬਾਨੀ ਯਾਦ ਹੋਣ, ਜਿਹੜੀਆਂ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਦੀਆਂ ਹਨ।ਉਹਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਭੀ ਤਿੰਨ ਬਾਣੀਆਂ ਹਨ-ਜਾਪੁ, ਸਵੈਯੇ ਤੇ ਚੌਪਈ।**

**ਇਸ ਤੋਂ ਸੁਤੇ ਹੀ ਅਨੁਮਾਨ ਲੱਗ ਜਾਂਦਾ ਹੈ ਕਿ ਸਤਿਗੁਰੂ ਜੀ ਦੇ ਸਮੇਂ ਸਿੱਖ ਸੰਗਤਾਂ ਵਿਚ ਗੁਰਬਾਣੀ ਜ਼ੁਬਾਨੀ ਯਾਦ ਕਰਨ ਦਾ ਉਤਸ਼ਾਹ ਆਮ ਸੀ, ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆ ਭੀ ਅਨੇਕਾਂ ਸਿੱਖਾਂ ਨੂੰ ਯਾਦ ਸਨ"।**

ਇਸ ਦਸਮੇਸ਼ ਜੀ ਦੇ ਜੀਵਨ ਬ੍ਰਿਤਾਂਤ ਵਾਲੀ ਪੁਸਤਕ ਦੇ ਪੰ:212 ਤੇ ਸਾਹਿਬ ਸਿੰਘ ਜੀ ਦੀ ਲਿਖਤ:-

**"ਜਦੋਂ ਪਿੰਡ ਦੀਨੇ ਤੋਂ ਇਹ ਖਬਰ ਖਿਲਰਨੀ ਸ਼ੁਰੂ ਹੋਈ ਸੀ, ਕਿ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਤੇ ਚਮਕੌਰ ਦੀਆ ਲੜਾਈਆਂ ਤੋਂ ਪਿੱਛੋਂ ਮਾਲਵੇ ਵਿਚ ਆ ਗਏ ਹਨ, ਤਾਂ ਕਈ ਹਜ਼ੂਰੀ ਕਵੀ ਭੀ ਮੁੜ ਆ ਮਿਲੇ, ਜਿੰਨ੍ਹਾਂ ਨੂੰ ਹਜ਼ੂਰ ਨੇ ਜੰਗ ਦੇ ਖਤਰੇ ਤੋਂ ਬਾਹਰ ਰੱਖਣ ਲਈ ਆਨੰਦਪੁਰ ਤੋਂ ਤੋਰ ਦਿੱਤਾ ਸੀ।ਦੂਰੋਂ ਦੂਰੋਂ ਉਤਸ਼ਾਹ ਨਾਲ ਸਿੰਘਾਂ ਨੂੰ ਆਉਂਦਿਆ ਦੇਖ ਕੇ ਉਸ ਵੇਲੇ ਦਾ ਦ੍ਰਿਸ਼ ਇਉਂ ਬਿਆਨ ਕੀਤਾ ਹੈ।(ਦਸਮ ਗ੍ਰੰਥ ਵਿਚ):--**

ਲੱਖੀ ਜੰਗਲਿ ਖਾਲਸਾ, ਆਇ ਦੀਦਾਰ ਕੀਤੋ ਨੇ॥
ਸੁਣ ਕੈ ਸੱਦੁ ਮਾਹੀ ਦਾ, ਮੇਹੀਂ ਪਾਣੀ ਘਾਹੁ ਮੁੱਤੋ ਨੇ॥
ਕਿਸ ਹੀ ਨਾਲਿ ਨ ਰਲੀਆ ਕਾਈ, ਇਹੁ ਕੀ ਸ਼ੌਕੁ ਪਇਓ ਨੇ॥
ਗਿਆ ਫਿਰਾਕ ਮਿਲਿਆ ਮਿਤ੍ਰ ਮਾਹੀ, ਤਾਂਹੀ ਸ਼ੁਕਰ ਕੀਤੋ ਨੇ"॥(ਦਸਮ ਗ੍ਰੰਥ)

ਹੁਣ ਪ੍ਰੋ.ਸਾਹਿਬ ਸਿੰਘ ਜੀ ਦੀਆਂ ਸਿਰਫ ਦੋ ਪੁਸਤਕਾਂ ਦੇਖਣ ਤੋਂ ਹੀ ਪਤਾ ਲੱਗ ਜਾਂਦਾ ਹੈ, ਕਿ ਉਹਨਾਂ ਦੇ ਦਿਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਪ੍ਰਤੀ ਕਿੰਨੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਸੀ।ਖੋਜ ਦੇ ਸੰਬੰਧ ਵਿਚ ਭੀ ਉਨ੍ਹਾਂ ਦਾ ਕੋਈ ਸਾਨੀ ਨਹੀਂ, ਅਤੇ ਉਨ੍ਹਾਂ ਨੂੰ ਬਾਣੀਆਂ ਬਾਰੇ ਸਭ ਪਤਾ ਸੀ, **ਕਿ ਕਿਹੜੀ ਬਾਣੀ ਕਿਸਦੀ ਹੈ, ਅਤੇ ਕਿਥੋਂ ਲਈ ਗਈ ਹੈ।**ਕੀ ਕਿਸੇ ਤਰ੍ਹਾਂ ਦੀ ਕੋਈ ਸ਼ੱਕ ਦੀ ਗੁੰਜਾਇਸ਼ ਰਹਿ ਜਾਂਦੀ ਹੈ?, ਜਾਂ ਪ੍ਰੋ.ਸਾਹਿਬ ਸਿੰਘ ਜੀ ਇੰਨੇ ਹੀ ਭੋਲੇ ਸਨ?, ਕਿ ਉਹ ਬਿਨਾਂ ਕੁੱਛ ਦੇਖੇ ਪਰਖੇ ਦੇ ਹੀ ਲਿਖੀ ਗਏ।ਢੁੱਚਰਾਂ ਡਾਹੁਣੀਆਂ ਤਾਂ ਵੈਸੇ ਹੀ 'ਅਕਲ ਦੇ ਧਨੀ' ਹੋਣ ਦਾ ਸਬੂਤ ਹੁੰਦਾ ਹੈ, ਪਰ ਦਸਮ ਗ੍ਰੰਥ ਸਾਹਿਬ ਬਾਰੇ ਪ੍ਰੋ.ਸਾਹਿਬ ਸਿੰਘ ਜੀ ਦਾ ਨਾਮ ਅਖੌਤੀ ਵਿਰੋਧੀ ਧਿਰ ਵਜੋਂ ਵਰਤਣ ਦਾ ਕੁਕਰਮ ਕਰਨਾ ਸਭ ਤੋਂ ਵੱਡੀ ਮੂਰਖਤਾ ਹੈ।ਜਿਸ ਤਰਾਂ ਅਖਾਣ ਹੈ ਕਿ 'ਕੁੱਤਿਆਂ ਦੇ ਲੱਕਿਆਂ ਦਰਿਆ ਪਲੀਤ ਨਹੀਂ ਹੁੰਦਾ' ਠੀਕ ਇਸੇ ਤਰਾਂ ਪ੍ਰੋ. ਸਾਹਿਬ ਸਿੰਘ ਜੀ ਦੀ ਸਖਸ਼ੀਅਤ ਨੂੰ ਤਾਂ ਕੋਈ ਫਰਕ ਨਹੀਂ ਪੈਣ ਲੱਗਾ, ਪਰ ਇਸ ਤਰ੍ਹਾਂ 'ਝੂਠੀ-ਤਰਫਦਾਰੀ' ਕਰਨ ਵਾਲੇ ਦੀ ਅਕਲ ਦਾ ਜਨਾਜ਼ਾ ਜ਼ਰੂਰ ਨਿਕਲ ਜਾਂਦਾ ਹੈ।

*- ਅਮਰਜੀਤ ਸਿੰਘ ਖੋਸਾ*


Sri Satguru Jagjit Singh Ji eLibrary NamdhariElibrary@gmail.com

# ਜਾਪੁ ਸਾਹਿਬ ਸਟੀਕ

## ਮੁਖ-ਬੰਧ

'ਜਾਪੁ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਣੀ' ਹੈ। ਰਹਿਤਨਾਮਿਆਂ ਵਿਚ ਸਤਿਗੁਰੂ ਜੀ ਵਲੋਂ ਹੈ ਕਿ ਹਰੇਕ ਸਿੱਖ ਹਰ ਰੋਜ਼ ਸਵੇਰੇ ਘੱਟ ਤੋਂ ਘੱਟ 'ਜਪੁ' ਅਤੇ 'ਜਾਪੁ' ਸਾਹਿਬ ਦਾ ਪਾਠ ਜ਼ਰੂਰ ਕਰੇ। 'ਅੰਮ੍ਰਿਤ' ਤਿਆਰ ਕਰਨ ਵੇਲੇ ਭੀ ਇਹ ਬਾਣੀ ਪੜ੍ਹੀ ਜਾਂਦੀ ਹੈ।

ਪਰ ਆਮ ਵੇਖਣ ਵਿਚ ਆਉਂਦਾ ਹੈ ਕਿ ਜਿਤਨੀ ਲੋੜ ਇਸ 'ਬਾਣੀ' ਦੀ ਸਿੱਖ ਆਤਮਿਕ ਜੀਵਨ ਵਿਚ ਦੱਸੀ ਗਈ ਹੈ; ਉਤਨਾ ਧਿਆਨ ਇਸ ਵੱਲ ਨਹੀਂ ਦਿੱਤਾ ਜਾ ਰਿਹਾ। ਇਸਦਾ ਕਾਰਨ ਇਹ ਜਾਪਦਾ ਹੈ ਕਿ ਇਸ ਵਿਚ ਸੰਸਕ੍ਰਿਤ, ਅਰਬੀ ਤੇ ਫਾਰਸੀ ਦੇ ਬਹੁਤ ਜ਼ਿਆਦਾ ਲਫਜ਼ ਹਨ, ਜਿੰਨ੍ਹਾਂ ਕਰਕੇ ਇਹ ਬਹੁਤ ਔਖੀ ਲੱਗਦੀ ਹੈ। ਇਸ ਔਖਿਆਈ ਨੂੰ ਦੂਰ ਕਰਨ ਲਈ ਕੁੱਝ ਟੀਕੇ ਜਾ ਚੁੱਕੇ ਹਨ, ਪਰ ਖੋਜ ਕੇ ਪੜ੍ਹਨ ਵਾਲੇ ਵਿਦਿਆਰਥੀ ਦੇ ਦ੍ਰਿਸ਼ਟੀ-ਕੋਣ ਤੋਂ ਉਹ ਤਸੱਲੀ ਬਖਸ਼ ਸਾਬਤ ਨਹੀਂ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਣੀ' ਵਿਚੋਂ ਭਾਵੇਂ ਮੈਂ ਇਹ ਪਹਿਲਾ ਟੀਕਾ ਪੇਸ਼ ਕਰ ਰਿਹਾ ਹਾਂ, ਪਰ ਉਨ੍ਹਾਂ ਹੀ ਲੀਹਾਂ ਤੇ ਕੀਤਾ ਗਿਆ ਹੈ ਜੋ ਜਪੁ ਜੀ, ਭੱਟਾਂ ਦੇ ਸਵੈਯੇ, ਆਸਾ ਦੀ ਵਾਰ, ਸੁਖਮਨੀ ਤੇ ਰਾਮਕਲੀ ਸੱਦੁ ਦੇ ਟੀਕੇ ਕਰਨ ਵਿਚ ਵਰਤੀਆਂ ਗਈਆਂ ਹਨ। ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਹੈ ਕਿ 'ਬੋਲੀ' ਦੇ ਦ੍ਰਿਸ਼ਟੀ-ਕੋਣ ਤੋਂ ਵਿਦਿਆਰਥੀ ਹਰੇਕ ਮੁਸ਼ਕਲ ਲਫਜ਼ ਤੇ ਉਸ ਵਿਚ ਦੱਸੇ ਭਾਵ ਨੂੰ ਠੀਕ ਤਰ੍ਹਾਂ ਸਮਝ ਸਕੇ।

'ਜਾਪੁ' ਸਾਹਿਬ ਵਿਚ ਕਈ ਲਫਜ਼ ਮੁੜ ਮੁੜ ਕਈ ਵਾਰ ਆਉਂਦੇ ਹਨ, ਇਸ ਵਾਸਤੇ ਇਸਨੂੰ ਜ਼ੁਬਾਨੀ ਯਾਦ ਕਰਨਾਂ ਕਾਫੀ ਔਖਾ ਹੋ ਜਾਂਦਾ ਹੈ। ਜ਼ੁਬਾਨੀ ਯਾਦ ਹੋਣ ਤੇ ਭੀ ਜੇ ਇਸਦਾ ਪਾਠ ਕਰਨ ਵੇਲੇ ਸੁਰਤ ਹੋਰ ਪਾਸੇ ਖਿੰਡ ਜਾਏ ਤਾ ਪਾਠ ਘੱਟ ਹੀ ਸਿਰੇ ਚੜ੍ਹਦਾ ਹੈ, ਕਿਉਂਕਿ ਇਕੋ ਲਫਜ਼ ਦੇ ਕਈ ਵਾਰੀ ਆਉਣ ਕਰਕੇ ਪਾਠ ਅਗਾਂਹ ਪਿਛਾਂਹ ਹੋ ਜਾਂਦਾ ਹੈ। ਸੋ ਸੁਰਤ ਨੂੰ ਇਕ ਥਾਂ ਰੱਖਣ ਵਿਚ ਇਹ 'ਬਾਣੀ' ਬਹੁਤ ਸਹਾਇਤਾ ਕਰਦੀ ਹੈ।

ਓਪਰੀ ਨਜ਼ਰੇ ਇਸ 'ਬਾਣੀ' ਨੂੰ ਪੜ੍ਹਿਆਂ ਇਉਂ ਜਾਪਦਾ ਹੈ ਕਿ ਜਿਵੇਂ ਇਸ ਵਿਚ ਪ੍ਰਮਾਤਮਾ ਦੇ ਕੇਵਲ ਅੱਡੋ ਅੱਡ ਗੁਣਾਂ ਦਾ ਹੀ ਮੁੜ ਮੁੜ ਜ਼ਿਕਰ ਕੀਤਾ ਹੈ, ਤੇ ਇਸ 'ਬਾਣੀ' ਵਿਚ ਖਿਆਲਾਂ ਦੀ ਕੋਈ ਇਕ ਸਾਰ ਮਿਲਵੀਂ ਲੜੀ ਨਹੀਂ ਹੈ। ਪਰ ਮੈਂ ਇਸ ਟੀਕੇ ਵਿਚ ਇਹ ਦੱਸਿਆ ਹੈ ਕਿ 'ਜਾਪੁ' ਸਾਹਿਬ ਦੇ ਸਾਰੇ 22 ਛੰਦਾਂ ਵਿਚ ਇਕ-ਸਾਰ ਤੇ ਮਿਲਵਾਂ ਭਾਵ ਮਿਲਦਾ ਹੈ।

ਹਿੰਦੂ ਲੋਕ ਸੰਸਕ੍ਰਿਤ ਨੂੰ ਦੇਵ-ਬਾਣੀ ਕਹਿ ਰਹੇ ਸਨ। ਮੁਸਲਮਾਨ ਸਿਰਫ ਅਰਬੀ ਆਪਣੇ ਮਜ਼ਬ ਵਿਚ ਜਾਇਜ਼ ਤੇ ਸਹੀ ਸਮਝਦੇ ਸਨ। ਇਕ ਮਤ ਦੇ ਬੰਦੇ ਦੂਜੇ ਮਤ ਦੀ ਧਾਰਮਿਕ ਕਿਤਾਬ ਦੀ 'ਬੋਲੀ' ਨੂੰ ਆਪਣੇ ਧਾਰਮਿਕ ਤਰੰਗ ਪ੍ਰਗਟ ਕਰਨ ਵਿਚ ਵਰਤਣੋਂ ਨਫਰਤ ਕਰ ਰਹੇ ਸਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਵਿਚ ਸੰਸਕ੍ਰਿਤ ਅਰਬੀ ਤੇ ਫਾਰਸੀ ਦੇ ਲਫਜ਼ ਵਰਤ ਕੇ ਤੇ ਸਿੱਖ ਕੌਮ ਨੂੰ ਇਸ 'ਬਾਣੀ' ਦਾ ਹਰ ਰੋਜ਼ ਪਾਠ ਕਰਨ ਦਾ ਹੁਕਮ ਦੇ ਕੇ ਹਿੰਦੂ ਤੇ ਮੁਸਲਮਾਨ ਕੌਮ ਦੀ ਸਦੀਆਂ ਦੀ ਤੰਗ-ਦਿਲੀ ਤੇ ਪੱਖ-ਪਾਤ ਨੂੰ ਸਦਾ ਲਈ ਸਿੱਖਾਂ ਦੇ ਦਿਲ ਵਿਚੋਂ ਮਿਟਾ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਦੇ ਆਉਣ ਸਮੇਂ ਦੇਸ਼ ਵਿਚ ਰਸਮੀ ਤੌਰ ਤੇ 'ਤਿਆਗੀ' ਅਖਵਾਉਣ ਵਾਲੇ ਲੋਕਾਂ ਦੇ ਹੁੰਦਿਆਂ ਭੀ ਅਸਲ ਤਿਆਗ, ਖਲਕ ਤੇ ਖਲਕਤ ਨਾਲ ਪਿਆਰ ਬਹੁਤ ਘੱਟ ਵੇਖਣ ਵਿਚ ਆਉਂਦਾ ਸੀ, ਦਇਆ ਤੇ ਸੰਤੋਖ ਵਾਲਾ ਜੀਵਨ ਕਿਤੇ ਕਿਤੇ ਵਿਰਲੇ ਥਾਂ ਸੀ। ਆਮ ਤੌਰ ਤੇ ਕਿਸੇ ਦੇਸ਼ ਦੇ 'ਲੋਕ ਗੀਤ' ਉਸਦੇ ਵਾਸੀਆਂ ਦੇ ਜੀਵਨ ਉਤੇ ਬੜਾ ਡੂੰਘਾ ਅਸਰ ਪਾਂਦੇ ਹਨ, ਪਰ ਏਥੇ ਧਾਰਮਿਕ ਜ਼ਾਹਰਦਾਰੀ ਵਧ ਜਾਣ ਕਰਕੇ ਇਹ ਲੋਕ ਗੀਤ ਵੀ ਦਇਆ, ਸੰਤੋਖ, ਪਿਆਰ, ਕੁਰਬਾਨੀ ਆਦਿਕ ਦੇ ਉਚੇ ਇਨਸਾਨੀ ਵਲਵਲਿਆਂ ਦਾ ਹੁਲਾਰਾ ਦੇਣੋ ਰਹਿ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਨੇ ਇੰਨ੍ਹਾਂ 'ਲੋਕ ਗੀਤਾਂ' ਵਿਚ ਨਵੀਂ ਜਾਨ ਪਾਈ, 'ਘੋੜੀਆਂ', 'ਛੰਤ', 'ਅਲਾਹਣੀਆਂ', 'ਸਦੁ', 'ਬਾਰਹਮਾਹ', 'ਲਾਵਾਂ', 'ਵਾਰ' ਆਦਿਕ ਦੇਸ਼ ਪ੍ਰਚੱਲਤ 'ਛੰਦ' ਵਰਤ ਕੇ ਜੀਵਨ ਦੇ ਸਾਰੇ ਮਰ ਚੁੱਕੇ ਪਹਿਲੂਆਂ ਵਿਚ ਫਿਰ ਜ਼ਿੰਦ ਰੁਮਕਾ ਦਿੱਤੀ; ਸੱਚ, ਤਿਆਗ, ਪਿਆਰ, ਦਇਆ ਤੇ ਸੰਤੋਖ ਦੇ ਤਰੰਗ ਆਮ ਜਨਤਾ ਦੇ ਜੀਵਨ ਵਿਚ ਸੁੰਦਰਤਾ ਪੈਦਾ ਕਰਨ ਲੱਗ

ਪਏ।ਗੁਰੂ ਨਾਨਕ ਦੇਵ ਜੀ ਦੀ ਸ਼ਾਂਤ ਰਸ 'ਬਾਣੀ' ਨੇ ਲੋਕਾਂ ਨੂੰ ਵਿਕਾਰਾਂ ਵੱਲੋਂ ਹਟਾਇਆ।ਪਰ ਉਹ ਹਿਰਦਾ ਸਦਾ ਪਵਿੱਤਰ ਨਹੀਂ ਟਿਕਿਆ ਰਹਿ ਸਕਦਾ ਜਿਸ ਵਿਚ ਜੋਸ਼ ਦਾ ਹੁਲਾਰਾ ਨਹੀਂ, ਉਹ ਗੁਣ ਜਿਉਂ ਨਹੀਂ ਸਕਦਾ ਜੋ ਉਤਸ਼ਾਹ ਨਹੀਂ ਪੈਦਾ ਕਰਦਾ।ਕਾਦਿਰ ਦੀ ਸੁੰਦਰਤਾ ਦੇ ਦੋ ਪਹਿਲੂ ਹਨ; ਇਕ ਹੈ 'ਜਮਾਲ' (ਕੋਮਲ ਸੁੰਦਰਤ) ਤੇ ਦੂਜਾ ਹੈ 'ਜਲਾਲ'।ਤਿਆਗ, ਪਿਆਰ, ਦਇਆ ਤੇ ਸੰਤੋਖ ਆਦਿਕ ਮਨੁੱਖਾ ਜੀਵਨ ਦੀ ਕੋਮਲ ਸੁੰਦਰਤਾ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ 'ਬਾਣੀ' ਨੇ ਪੈਦਾ ਕੀਤਾ।ਇਸ 'ਜਮਾਲ' ਨੂੰ ਜਿਉਂਦਾ ਰੱਖਣ ਲਈ 'ਜਲਾਲ' ਦੀ ਲੋੜ ਸੀ, ਬੀਰ ਰਸ ਦੀ ਲੋੜ ਸੀ, ਇਹ ਕੰਮ 'ਵਰਿਆਮ ਮਰਦ' ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ।ਲੁਤਫ ਇਹ ਹੈ ਕਿ ਇੰਨ੍ਹਾਂ ਦੀ 'ਬਾਣੀ' ਵਿਚ ਪ੍ਰਮਾਤਮਾ ਦੀ ਹੀ ਸਿਫਤ-ਸਲਾਹ ਹੈ, ਪਰ ਲਫਜ਼ ਅਜਿਹੇ ਵਰਤੇ ਹਨ ਤੇ ਲਫਜ਼ਾਂ ਦੀ ਚਾਲ ਦੇ 'ਛੰਦ' ਐਸੇ ਵਰਤੇ ਹਨ ਜਿੰਨ੍ਹਾਂ ਨੂੰ ਪੜ੍ਹ-ਸੁਣ ਕੇ ਬੀਰ-ਰਸ ਹੁਲਾਰੇ ਵਿਚ ਆਉਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ 'ਬਾਣੀ' 'ਰਾਗ'-ਵਾਰ ਵੰਡੀ ਗਈ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਣੀ ਵੱਖੋ ਵੱਖਰੇ 'ਛੰਦਾਂ' ਅਨੁਸਾਰ ਵੰਡੀ ਹੋਈ ਹੈ, ਜੋ ਬੀਰ-ਰਸ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ, ਵੇਖੋ, ਬਚਿੱਤ੍ਰ ਨਾਟਕ ਵਿਚ ਪ੍ਰਮਾਤਮਾ ਨੂੰ ਤੇਗ-ਰੂਪ ਆਖ ਕੇ ਐਸੇ ਲਫਜ਼ਾਂ ਤੇ ਛੰਦਾਂ ਵਿਚ ਨਮਸਕਾਰ ਕਰਦੇ ਹਨ ਕਿ ਚਿੱਤ ਜੋਸ਼ ਵਿਚ ਆ ਕੇ ਮਾਨੋ, ਨੱਚ ਉਠਦਾ ਹੈ:-

ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰ ਬੰਡੰ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਢੰ, ਜੋਤਿ ਅਮੰਡੰ, ਭਾਨ ਪ੍ਰਭੰ॥
ਸੁਖ ਸੰਤਹ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ, ਅਸਿ ਸਰਣੰ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ॥2॥

ਸ਼ਾਇਦ ਇੰਨ੍ਹਾਂ ਹੀ ਦੋ ਕਾਰਨਾਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਵੱਖਰਾ ਹੀ ਰਹਿਣ ਦਿੱਤਾ।

*ਸਾਹਿਬ ਸਿੰਘ*
*ਖਾਲਸਾ ਕਾਲਜ, ਅੰਮ੍ਰਿਤਸਰ*
*1 ਜਨਵਰੀ, 1944*

## ਪ੍ਰਤੱਖ ਸਬੂਤ

ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ਉਹ ਕੌਣ ਸੀ?
ਪਟਨਾ ਸਹਰ ਬਿਖੇ ਭਵ ਲਯੋ॥ਇਹ ਉਹ ਲਿਖਾਰੀ ਹੈ ਜਿਸਦਾ ਜਨਮ ਪਟਨਾ (ਬਿਹਾਰ) ਵਿਚ ਹੋਇਆ।
ਦੇਸ ਚਾਲ ਹਮ ਤੇ ਪੁਨਿ ਭਈ॥ਸਹਰ ਪਾਂਵਟਾ ਕੀ ਸੁਧਿ ਲਈ॥ਕੌਣ ਹੈ ਪਾਉਂਟਾ ਸਾਹਿਬ ਦੀ ਸੁਧ ਲੈਣ ਵਾਲਾ?
ਫਤੇ ਸ਼ਾਹ ਕੋਪਾ ਤਬ ਰਾਜਾ॥ਲੋਹ ਪਰਾ ਹਮ ਸੋਂ ਬਿਨ ਕਾਜਾ॥ਬਿਨਾਂ ਵਜ੍ਹਾ ਲੜਨ ਆਏ ਫਤੇ ਸ਼ਾਹ ਨੂੰ ਕਿਸਨੇ ਸੋਧਿਆ ਸੀ?
ਸੁਧਿ ਜਬ ਤ ਹਮ ਧਰੀ ਬਚਨ ਗੁਰ ਦਏ ਹਮਾਰੇ॥...ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ॥ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥...ਗੁਰ ਜਬ ਤੇ ਮੁਹਿ ਕਹਯੋ ਇਹੈ ਪ੍ਰਨ ਲਯੋ ਸੁ ਧਾਰੈ॥ਹੋ ਪਰ ਧਨ ਪਾਹਨ ਤੁੱਲਿ ਤ੍ਰਿਯਾ ਪਰ ਮਾਤ ਹਮਾਰੈ॥ਵਾਲੇ ਸਵੈਯੇ ਕੌਣ ਲਿਖ ਸਕਦਾ ਹੈ?
ਦੇਹਿ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ॥ਅਰੁ ਸਿਖਹੋਂ ਅਪੁਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥ਜੁੱਧ ਦੀ ਮੰਗ ਤੇ ਸ਼ਸਤਰ ਦੀ ਪੂਜਾ ਕਿਹੜਾ ਕਵੀ ਕਰਦਾ ਹੈ?ਗੁਰੂ ਜੀ ਤੋਂ ਬਿਨਾਂ ਕਿਸ ਕਵੀ ਨੇ ਜੂਝ ਕੇ ਮਰਨ ਦਾ ਵਰ ਮੰਗਿਆ ਹੈ?
ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ॥ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ॥ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥ਭਾਵ-ਜੱਗ ਜਿਉਣਾ ਉਸਦਾ ਹੀ ਸਲਾਹੁਣ ਯੋਗ ਹੈ, ਜੋ ਮੂੰਹੋਂ ਹਰੀ ਦਾ ਸਿਮਰਨ ਅਤੇ ਚਿੱਤ ਵਿਚ ਬਦੀਆਂ ਨਾਲ ਜੂਝਣ ਦੀ ਵੀਚਾਰ ਰੱਖਦਾ ਹੋਵੇ।ਦੇਹ ਤਾਂ ਸਦਾ ਰਹਿਣ ਵਾਲੀ ਸ਼ੈ ਨਹੀਂ, ਸੋ ਇਸ ਨੂੰ ਜੱਸ ਰੂਪੀ ਬੇੜੀ ਵਿਚ ਸਵਾਰ ਕਰਕੇ ਜੀਵਨ ਬਤੀਤ ਕਰੇ।ਇਸ ਮਿਲੇ ਹੋਏ ਤਨ ਨੂੰ ਦ੍ਰਿੜਤਾ ਦਾ ਘਰ ਬਣਾਕੇ, ਇਸ ਧੀਰਜ ਦੇ ਘਰ ਵਿਚ ਬੁੱਧੀ ਨੂੰ ਚਰਾਗ ਵਾਂਗ ਰੌਸ਼ਨ ਕਰੇ ਅਤੇ ਇਸ ਵਿਚੋਂ ਗਿਆਨ ਰੂਪੀ ਝਾੜੂ (ਬੁਹਾਰੀ) ਨਾਲ ਗੰਦ-ਮੰਦ ਰੂਪੀ ਕਾਇਰਤਾ ਯਾ ਬਿਰਤੀ ਦਾ ਡਰਾਕਲਪੁਣਾ ਹੂੰਝ ਸੁੱਟੇ (ਦੂਰ ਕਰੇ)।ਕਿਹੜਾ ਕਵੀ ਆਪਣੇ ਪੰਥ ਨੂੰ ਇਸ ਤਰ੍ਹਾਂ ਦਾ ਵੇਖਣਾ ਚਾਹੁੰਦੈ?
ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਿਸ ਤਾਹਿਂ ਨ ਖਾਲਿਸ ਜਾਨੈ॥ਕੀ ਕੋਈ ਸ਼ਿਵ ਭਗਤ ਬ੍ਰਾਹਮਣ ਕਵੀ ਇਸ ਤਰ੍ਹਾਂ ਲਿਖ ਸਕਦਾ ਹੈ?
ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ॥ਮਨੁੱਖਤਾ ਪ੍ਰਤੀ ਕਿਸ ਕਵੀ ਦੀ ਇਹ ਪਹਿਚਾਨ ਹੈ?
ਨਿਰੰਕਾਰ ਨ੍ਰਿਬਕਾਰ ਨ੍ਰਿਲੰਭ॥ਆਦਿ ਅਨੀਲ ਅਨਾਦਿ ਅਸੰਭ॥ਤਾਕਾ ਮੂੜ੍ਹ ਉਚਾਰਤ ਭੇਦਾ॥ਜਾਕੋ ਭੇਵ ਨ ਪਾਵਤ ਬੇਦਾ॥ਤਾਕੌ ਕਰਿ ਪਾਹਨ ਅਨੁਮਾਨਤ॥ਮਹਾਂਮੂੜ੍ਹ ਕਛੁ ਭੇਦ ਨ ਜਾਨਤ॥ਮਹਾਂਦੇਵ ਕੌ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥ਨਿਰੰਕਾਰ ਨੂੰ ਮੂਰਤੀਮਾਨ ਕਰਕੇ ਦੇਖਣ ਵਾਲਿਆਂ ਨੂੰ ਮੂਰਖ, ਕੀ ਕੋਈ ਪੰਡਤ ਕਹਿ ਸਕਦਾ ਹੈ?
ਪਾਇ ਪਰੋ ਪ੍ਰਮੇਸ੍ਵਰ ਕੇ ਪਸੁ ਪਾਹਨ ਮੈ ਪ੍ਰਮੇਸ੍ਵਰ ਨਾਹੀ॥ਪੱਥਰ ਪੂਜਕ ਪਸ਼ੂਆਂ ਨੂੰ ਪ੍ਰਮੇਸ਼ਰ ਦੇ ਲੜ ਕੌਣ ਲਾ ਰਿਹਾ ਹੈ?
ਕਾਹੂ ਲੈ ਲਿੰਗ ਗਰੇ ਲਟਕਾਯੋ...ਕਾਹੇ ਲਖਯੋ ਹਰਿ ਅਵਾਚੀ ਦਿਸਾ ਮਹਿ ਕਾਹੂ ਪਿਛਾਹ ਕੋ ਸੀਸ ਨਿਵਾਯੋ॥ਗਲੇ ਧਾਰਮਿਕ ਚਿੰਨ੍ਹ ਪਾਕੇ ਅਤੇ ਫਿਰ ਦੱਖਣ ਯਾ ਪੱਛਮ ਵੱਲ ਮੱਥਾ ਟੇਕਣ ਵਾਲਿਆਂ ਨੂੰ ਕੌਣ ਵਰਜ ਰਿਹਾ ਹੈ?
ਜਗ ਮੈ ਆਪੁ ਕਹਾਵਈ ਪੰਡਿਤ ਸੁਘਰ ਸੁਚੇਤ॥ਪਾਹਨ ਕੀ ਪੂਜਾ ਕਰੇ ਯਾਤੇ ਲਗਤ ਅਚੇਤ॥ਪੱਥਰ-ਪੂਜਕ ਪੰਡਿਤਾਂ ਨੂੰ ਅਣਜਾਣ ਕੌਣ ਦੱਸ ਰਿਹਾ ਹੈ?
ਚਿਤ ਭੀਤਰ ਆਸਾ ਧਨ ਧਾਰੈ॥ਸ਼ਿਵ ਸ਼ਿਵ ਸ਼ਿਵ ਮੁਖ ਤੇ ਉਚਾਰੈ॥ਅਧਿਕ ਡਿੰਭ ਕਰਿ ਜਗਹਿ ਦਿਖਾਵੈ।॥ਦ੍ਵਾਰ ਦ੍ਵਾਰ ਮਾਂਗਤ ਨ ਲਜਾਵੈ॥ਕੀ ਕੋਈ ਸ਼ਿਵ ਜੀ ਦਾ ਪੁਜਾਰੀ ਇਸ ਤਰ੍ਹਾਂ ਲਿਖ ਦੇਵੇਗਾ?
ਮਾਟੀ ਕੇ ਸ਼ਿਵ ਬਨਾਏ ਪੂਜਿਕੈ ਬਹਾਇ ਆਏ ਆਇਕੈ ਬਨਾਏ ਫੇਰਿ ਮਾਟੀ ਕੇ ਸੁਧਾਰਕੈ॥ਤਾਕੇ ਪਾਇ ਪਰਯੋ ਮਾਥੋ ਘਰੀ ਦੈ ਰਗਰਯੋ ਐ ਰੇ ਤਾਂ ਮੈ ਕਹਾ ਹੈ ਰੇ ਦੈਹੈ ਤੋਹਿ ਕੌ ਬਿਚਾਰਕੈ॥ਲਿੰਗ ਕੀ ਤੂ ਪੂਜਾ ਕਰੈ ਸ਼ੰਭੁ ਜਾਨਿ ਪਾਇ ਪਰੈ ਸੋਈ ਅੰਤ ਦੈਹੈ ਤੇਰੇ ਕਰ ਮੈ ਨਿਕਾਰ ਕੈ॥ਦੁਹਿਤਾ ਕੌ ਦੈਹੈ ਕੀ ਤੂ ਆਪਨ ਚਬੈਹੈ ਤਾਕੋ ਯੋਹੀ ਤੋਹਿ ਮਾਰਿ ਹੈ ਰੇ ਸਦਾ ਸ਼ਿਵ ਖ੍ਵਾਰ ਕੈ॥ਪੱਥਰ ਪੁਜਾਰੀ ਨੂੰ ਕਿਹੜੀ ਮਾਰ ਪਈ ਹੈ?,ਆਪ ਹੀ ਜੁਵਾਬ ਦੇਵੇ।

ਪਾਹਨ ਕੌ ਸ਼ਿਵ ਤੂੰ ਜੌ ਕਹੈ ਪਸੁ ਯਾਤੇ ਕਛੂ ਤੁਹਿ ਹਾਥ ਨ ਐਹੈ॥ਤ੍ਰੈਯਕ ਜੋਨਿ ਜੁ ਆਪੁ ਪਰਾ ਹਸਿ ਕੈ ਤੁਹਿ ਕੋ ਕਹੁ ਕਾ ਬਰੁ ਦੈਹੈ॥ਆਪਨ ਸੋ ਕਰਿ ਹੈ ਕਬਹੂੰ ਤੁਹਿ ਪਾਹਨ ਕੀ ਪਦਵੀ ਤਬ ਪੈਹੈ॥ਜਾਨੁ ਰੇ ਜਾਨੁ ਅਜਾਨ ਮਹਾਂ ਫਿਰਿ ਜਾਨ ਗਈ ਕਛੁ ਜਾਨਿ ਨ ਜੈਹੈ॥ਸ਼ਿਵ ਜੀ ਦਾ ਪੁਜਾਰੀ ਆਪ ਹੀ ਜੁਵਾਬ ਦੇਵੇ।
ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧਿ ਜੌ ਇਨ ਮੈ ਕਛੁ ਹੋਇ॥ਹਜਰਤਿ ਹ੍ਵੈ ਆਪਹਿ ਰਹਹਿ ਮਾਂਗਤ ਫਿਰਤ ਨ ਕੋਇ॥ਮੰਤ੍ਰ ਜੰਤ੍ਰ ਤੰਤ੍ਰ ਵਿਚ ਯਕੀਨ ਰੱਖਣ ਵਾਲਾ ਇਸ ਤਰ੍ਹਾਂ ਲਿਖ ਸਕਦਾ ਹੈ?
ਲਾਲਚ ਏਕ ਲਗੇ ਧਨ ਕੇ ਸਿਰ ਮੱਧਿ ਜਟਾਨ ਕੇ ਜੂਟ ਸਵਾਰੈਂ॥ਕਾਠ ਕੀ ਕੰਠਿਨ ਕੌ ਧਰਿਕੈ ਇਕ ਕਾਨਨ ਮੈਂ ਬਿਨ ਕਾਨਿ ਪਧਾਰੇਂ॥ਮੋਚਨ ਕੋ ਗਹਿਕੈ ਇਕ ਹਾਥਨ ਸੀਸ ਹੂ ਕੇ ਸਭ ਕੇਸ ਉਪਾਰੈਂ॥ਡਿੰਭੁ ਕਰੈ ਜਗ ਡੰਡਨ ਕੌ ਇਹ ਲੋਕ ਗਯੋ ਪਰਲੋਕ ਬਿਗਾਰੈਂ॥ਜਟਾਧਾਰ, ਰੁਦ੍ਰ-ਮਾਲਾ ਵਾਲੇ ਸੰਨਿਆਸੀ, ਜੋਗੀ, ਮੋਨਿਆਂ ਦੇ ਪਖੰਡ ਨੂੰ ਕੌਣ ਨੰਗਾ ਕਰ ਸਕਦਾ ਹੈ?
ਮਾਟੀ ਕੇ ਲਿੰਗ ਬਨਾਇਕੈ ਪੂਜਤ ਤਾ ਮੈ ਕਹੋ ਇਨ ਕਾ ਸਿਧਿ ਪਾਈ॥ *ਜੋ ਨਿਰਜੋਤ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ॥*ਪਾਇ ਪਰੇ ਪਰਮੇਸ੍ਵਰ ਜਾਨਿ ਅਜਾਨ ਬਡੈ ਕਰਿਕੈ ਹਠਤਾਈ॥ਚੇਤ ਅਚੇਤ ਸੁਚੇਤਨ ਕੋ ਚਿਤ ਕੀ ਤਜਿਕੈ ਚਟਿਦੈ ਦੁਚਿਤਾਈ॥ਪੱਥਰ ਪੂਜਕ ਜੋਤਾਂ ਜਗਾਉਣ ਵਾਲੇ ਹੀ ਦੱਸਣ ਕਿ ਉਨ੍ਹਾਂ ਨੂੰ ਕੀ ਚਾਨਣ ਪ੍ਰਾਪਤ ਹੋਇਆ ਹੈ?
ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ॥ਕਿਸਨ ਬਿਸਨ ਕਬਹੂੰ ਨ ਧਿਆਊਂ॥ਕਾਨਿ ਸੁਨੇ ਪਹਿਚਾਨ ਨ ਤਿਨ ਸੋਂ॥ਲਿਵ ਲਾਗੀ ਮੋਰੀ ਪਗ ਇਨ ਸੋਂ॥ਕੋਈ ਹਿੰਦੂ ਲਿਖਤ ਦੇਵੀ ਜਾਂ ਗਣੇਸ਼ ਦੇ ਮੰਗਲਾਚਰਨ ਤੋਂ ਬਿਨਾਂ ਨਹੀਂ ਹੋ ਸਕਦੀ।
ਘਾਇਲ ਦੇਖ ਕੈ ਕਾਇਰ ਜੇ ਡਰੁ ਮਾਨਿ ਰਨੇ ਛਿਤਿ ਤਯਾਗਿ ਸਿਧਾਰੇ।
ਸ੍ਰੀ ਹਰਿ ਪੁੰਨ ਕੇ ਅਗ੍ਰਜ ਮਾਨਹੁ ਪਾਪਨ ਕੇ ਬਹੁ ਪੁੰਜ ਪਧਾਰੇ।ਭਾਵ-ਜ਼ਖਮੀਆਂ ਨੂੰ ਦੇਖ ਕੇ ਡਰਾਕਲ ਮੈਦਾਨ ਵਿਚੋਂ ਇਉਂ ਭੱਜ ਗਏ, ਜਿਵੇਂ ਪ੍ਰਮਾਤਮ-ਜੱਸ ਅੱਗੇ ਪਾਪਾਂ ਦੇ ਵੱਗ ਭੱਜ ਜਾਣ।
ਅਗਰ ਦਸਮ-ਗ੍ਰੰਥ ਸਾਹਿਬ ਕਿਸੇ ਕਵੀ ਦਾ ਲਿਖਿਆ ਹੁੰਦਾ ਤਾਂ 'ਵਾਰ ਸ੍ਰੀ ਭਗੌਤੀ ਜੀ ਕੀ' ਲਿਖਣ ਵੇਲੇ ਦਸਮ ਪਿਤਾ ਦਾ ਨਾਮ ਜ਼ਰੂਰ ਲਿਖਦਾ।
ਬ੍ਰਹਮਾ, ਬਾਲਮੀਕ, ਵਿਆਸ, ਸ਼ੰਕਰਾਚਾਰੀਆ, ਕੇਸੋਦਾਸ, ਕਾਲੀਦਾਸ, ਤੁਲਸੀਦਾਸ, ਸੁੱਖਾ ਸਿੰਘ, ਗਿਆਨ ਸਿੰਘ, ਲਾਛੀ ਰਾਮ, ਸੰਤੋਖ ਸਿੰਘ ਜਾਂ ਹੋਰ ਕਿਹੜਾ ਕਵੀ ਹੈ?, ਜਿਸਦੇ ਘਰ ਦੇਸ ਦੇਸਾਂਤ੍ਰਾਂ ਤੋਂ ਧਨ ਆਉਂਦਾ ਸੀ।ਹਾਂ ਹਜ਼ੂਰੀ ਕਵੀ ਗੁਰੂ ਜੀ ਨੂੰ ਵਧੀਆ ਕਵਿਤਾ ਸੁਣਾ ਕੇ ਧਨ ਜ਼ਰੂਰ ਹਾਸਲ ਕਰਦੇ ਰਹੇ ਹਨ।
ਛੱਤ੍ਰੀ ਕੋ ਪੂਤ ਹੋਂ ਬਾਮ੍ਹਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋਂ॥ਅਰੁ ਔਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋਂ॥ਅਬ ਰੀਝ ਕੈ ਦੇਹੁ ਵਹੈ ਹਮ ਕੋ ਜੋਊ ਹਉਂ ਬਿਨਤੀ ਕਰ ਜੋਰਿ ਕਰੋਂ॥ਜਬ ਆਉ ਕੀ ਅਉਧਿ ਨਿਦਾਨ ਬਨੈ ਅਤਿਹੀ ਰਨ ਮੈ ਤਬ ਜੂਝਿ ਮਰੋਂ॥ਲਿਖਾਰੀ ਜੀ ਖੱਤ੍ਰੀ ਦੇ ਪੁੱਤ ਹਨ ਬ੍ਰਾਹਮਣ ਦੇ ਨਹੀਂ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ...॥ਖਾਲਸੇ ਨੂੰ ਇੰਨਾਂ ਮਾਣ ਕੌਣ ਬਖਸ਼ ਸਕਦਾ ਹੈ?
ਲੱਖੀ ਜੰਗਲਿ ਖਾਲਿਸਾ ਆਇ ਦੀਦਾਰੁ ਦਿੱਤੋ ਨੇ॥ਲੱਖੀ ਜੰਗਲ ਆਕੇ ਖਾਲਸਾ ਕਿਸ ਦੇ ਨਾਲ ਰਲਿਆ ਸੀ?
ਭਿੰਨ ਭਿੰਨ ਸਬਹੂੰ ਕਰਿ ਜਾਨਾ॥ਏਕ ਰੂਪ ਕਿਨਹੂੰ ਪਹਿਚਾਨਾ॥ਜਿਨ ਜਾਨਾ ਤਿਨ ਹੀ ਸਿਧਿ ਪਾਈ॥ਬਿਨੁ ਸਮਝੇ ਸਿਧਿ ਹਾਥ ਨ ਆਈ॥ਦਸ ਗੁਰੂ ਸਾਹਿਬਾਨ ਦੇ 'ਏਕ ਜੋਤ' ਵਾਲੇ ਸਿਧਾਂਤ ਨੂੰ ਕੌਣ ਪ੍ਰਚਾਰ ਰਿਹਾ ਹੈ?

## (ਕੁੱਝ ਹੋਰ ਦਸਮੇਸ਼ ਬਾਣੀ ਵਿਚੋਂ)
## {ਵਿਸਥਾਰ ਡਰੋਂ ਅਰਥ ਨਹੀਂ ਲਿਖ ਰਹੇ}

ਤੁਹੀ ਤੇਜ ਆਕਾਸ਼ ਬੰਭੋ ਮਹੀ ਹੈ॥ਬ+ਅੰਭ+ਅਉ  ਬ=ਬਿਆਰ=ਹਵਾ, ਅੰਭ=ਪਾਣੀ, ਅਉ=ਅਤੇ
ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥
ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ॥ਕਿਸਨ ਬਿਸਨ ਕਬਹੂੰ ਨ ਧਿਆਊਂ॥
ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ॥
ਕ੍ਰਿਆ ਕਾਲ ਜੂ ਕੀ ਕਿਨੂ ਨਾ ਪਛਾਨੀ॥ਘਨਯੋ ਪੈ ਬਿਹੈ ਹੈ ਘਨਯੋ ਪੈ ਬਿਹਾਨੀ॥ਕਿਤੇ ਕ੍ਰਿਸਨ ਜੇ ਕੀਟ ਕੋਟੇ ਬਨਾਏ॥ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥ਮਹਾਂਦੀਨ ਕੇਤੇ ਪ੍ਰਿਥੀ ਮਾਝ ਹੂਏ॥ਸਮੈ ਆਪਨੀ

ਆਪਨੀ ਅੰਤਿ ਮੂਏ॥ਜਿਤੇ ਅਉਲੀਆ ਅੰਬੀਆ ਹੋਇ ਬੀਤੇ॥ਤਿਤਯੋ ਕਾਲ ਜੀਤਾ ਨ ਤੇ ਕਾਲ ਜੀਤੇ॥
ਬਾਬੇ ਕੇ ਬਾਬਰ ਕੇ ਦੋਊ॥ਆਪ ਕਰੇ ਪਰਮੇਸਰ ਸੋਊ॥
ਸਰਬਕਾਲ ਹੈ ਪਿਤਾ ਅਪਾਰਾ॥ਦੇਬਿ ਕਾਲ ਕਾ ਮਾਤ ਹਮਾਰਾ॥ 'ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ'
ਭੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ॥ਸਵੈਯੇ ਪਾ:10
ਪ੍ਰਥਕ ਕਾਲ ਸਭ ਜਗ ਕੋ ਤਾਤਾ॥ਤਾ ਤੇ ਭਯੋ ਤੇਜ ਬਿਖਯਾਤਾ॥
ਸੋਈ ਭਵਾਨੀ ਨਾਮੁ ਕਹਾਈ॥ਜਿਨਿ ਸਿਗਰੀ ਯਹ ਸ੍ਰਿਸਟਿ ਉਪਾਈ॥
ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ॥ਕੈ ਸ਼ਿਵ ਸ਼ਕਤ ਦਏ ਸ੍ਰੁਤਿ ਚਾਰ ਰਜੋ ਤਮ ਸਤੇ ਤਿਹੂੰ ਪੁਰ ਬਾਸਾ॥ਦਿਉਸ ਨਿਸਾ ਸਸਿ ਸੂਰ ਕੇ ਦੀਪਕ ਸ੍ਰਿਸ਼ਟਿ ਰਚੀ ਪੰਚ ਤੱਤ ਪ੍ਰਕਾਸਾ॥ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸ਼ਾ॥
ਅਪੁਨਾ ਜਾਨਿ ਮੁਝੈ ਪ੍ਰਤਿਪਰੀਐ॥ਚੁਨਿ ਚੁਨਿ ਸਤ੍ਰ ਹਮਾਰੇ ਮਰੀਐ॥ਦੇਗ ਤੇਗ ਜਗ ਮੈਂ ਦੋਊ ਚਲੈਂ॥ਰਾਖੁ ਆਪਿ ਮੁਹਿ ਅਉਰ ਨ ਦਲੈਂ॥>>> ਦਾਸ ਜਾਨਿ ਕਰੋ ਕ੍ਰਿਪਾ ਕਰੋ ਮੁਹਿ॥ਹਾਰਿ ਪਰਾ ਮੈਂ ਆਨਿ ਦਵਾਰਿ ਤੁਹਿ॥ ਅਪੁਨਾ ਜਾਨਿ ਕਰਿ ਕਰਹੁ ਪ੍ਰਤਿਪਾਰਾ॥ਤੁਮ ਸਾਹਿਬ ਮੈਂ ਕਿੰਕਰ ਥਾਰਾ॥
ਜੋ ਚਉਬੀਸ ਅਵਤਾਰ ਕਹਾਏ॥ਤਿਨ ਭੀ ਤੁਮ ਪ੍ਰਭ ਤਨਿਕ ਨ ਪਾਏ॥
ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥ਤਿਹ ਆਗੇ ਹਿੰਦੂ ਕਿਆ ਤੁਰਕਾ॥ਇਕ ਤਸਬੀ ਇਕ ਮਾਲਾ ਧਰ ਹੀਂ॥ਏਕ ਕੁਰਾਨ ਪੁਰਾਨ ਉਚਰਹੀਂ॥ਕਰਤ ਬਿਰੁੱਧ ਗਏ ਮਰਿ ਮੂੜਾ॥ਪ੍ਰਭ ਕੋ ਰੰਗ ਨ ਲਾਗਾ ਗੂੜ੍ਹਾ॥ਜੋ ਜੋ ਰੰਗ ਏਕ ਕੇ ਰਾਚੇ॥ਤੇ ਤੇ ਲੋਕ ਲਾਜ ਤਜਿ ਨਾਚੇ॥ਆਦਿ ਪੁਰਖ ਜਿਨਿ ਏਕ ਪਛਾਨਾ।ਦੁਤੀਆ ਭਾਵ ਨ ਮਨ ਮਹਿ ਆਨਾ॥
ਪ੍ਰਥਮ ਕਾਲ ਸਭ ਜਗ ਕੋ ਤਾਤਾ॥ਤਾ ਤੇ ਭਯੋ ਤੇਜ ਬਿਖਯਾਤਾ॥ਸੋਈ ਭਵਾਨੀ ਨਾਮ ਕਹਾਈ॥ਜਿਨਿ ਸਗਰੀ ਯਹ ਸ੍ਰਿਸ਼ਟਿ ਉਪਾਈ॥
ਚਟਸਾਰ ਪੜਨਿ ਸਉਂਪਯੋ ਨ੍ਰਿਪਾਲ॥ਪਟੀਯਹਿ ਕਹਿਯੋ ਲਿਖਿ ਦੈ ਗੁਪਾਲ॥
ਸਬੈ ਮੰਤ੍ਰ ਹੀਣੰ ਸਮੈ ਅੰਤਕਾਲੰ॥ਭਜੋ ਏਕ ਚਿੱਤੰ ਸੁ ਕਾਲੰ ਕ੍ਰਿਪਾਲੰ॥
ਸਗਲ ਦੁਆਰ ਕੋ ਛਾਡਿਕੈ ਗਹਿਓ ਤੁਹਾਰੋ ਦੁਆਰ॥ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥
ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਯੋ॥ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥ਸ੍ਰੀ ਅਸਿਪਾਨਿ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਯੋ ਸਬ ਤੋਹਿ ਬਖਾਨਯੋ॥
ਮਾਟੀ ਕੌ ਸੀਸ ਨਿਯਾਵਤ ਹੈ ਜੜ੍ਹ ਯਾਤੇ ਕਹੇ ਤੁਹਿ ਕਾ ਸਿਧਿ ਐਹੈ॥
*ਜੌਨ ਰਿਝਾਇ ਲਯੋ ਜਗ ਕੌ ਤਵ ਚਾਵਰ ਡਾਰਤ ਰੀਝਿ ਨ ਜੈਹੈ॥*
*ਧੂਪ ਜਗਾਇਕੈ ਸੰਖ ਬਜਾਇ ਸੁ ਫੂਲਨ ਕੀ ਬਰਖਾ ਬਰਖੈ ਹੈ॥*
*ਅੰਤੁ ਉਪਾਇ ਕੈ ਹਾਰਿ ਹੈਂ ਰੇ ਪਸੁ ਪਾਹਨ ਮੈ ਪ੍ਰਮੇਸ਼ਰ ਨ ਪੈਹੈ॥*
ਸੁਨ ਮੂਰਖ ਦਿਜ ਤੈ ਨਹਿ ਜਾਨੀ॥ਪਰਮ ਜੋਤਿ ਪਾਹਨ ਪਹਿਚਾਨੀ॥
ਇਨ ਮੈ ਪਰਮ ਪੁਰਖ ਤੈਂ ਜਾਨਾ॥ਤਜਿ ਸਯਾਨਪ ਹ੍ਵੈ ਗਯੋ ਅਯਾਨਾ॥
ਏਕ ਨਾਥ ਸਭ ਜਗਤ ਮੈਂ ਬਯਾਪਿ ਰਹਯੋ ਸਭ ਦੇਸ॥ਸਭ ਜੋਨਿਨ ਮੈਂ ਰਵਿ ਰਹਯੋ ਉਚ ਨੀਚ ਕੇ ਭੇਸ॥ਚ:81 ਰੂਪ ਰੇਖ ਜਾਕੇ ਕਛੁ ਨਾਂਹੀਂ॥ਭੇਖ ਅਭੇਖ ਸਭ ਕੇ ਘਟ ਮਾਹੀਂ॥ਜਾ ਪਰ ਕ੍ਰਿਪਾ ਚੱਛੁ ਕਰਿ ਹੇਰੈ॥ਤਾ ਕੀ ਕੌਨ ਛਾਹ ਕੌ ਛੇਰੈ॥ਜੱਛ ਭੁਜੰਗ ਅਕਾਸ਼ ਬਨਾਯੋ॥ਦੇਵ ਅਦੇਵ ਥਪਿ ਬਾਦ ਰਚਾਯੋ॥ਭੂਮਿ ਬਾਇ ਪੰਚ ਤੱਤ ਪ੍ਰਕਾਸਾ॥ ਆਪਹਿ ਦੇਖਤ ਬੈਠ ਤਮਾਸਾ॥ਜੀਵ ਜੰਤ ਸਭ ਥਾਪਿ ਕੈ ਪੰਥ ਬਨਾਏ ਦੋਇ॥ਝਗਰਿ ਪਚਾਏ ਆਪਿ ਮਹਿ ਮੋਹਿ ਨ ਚੀਨੈ ਕੋਇ॥ਪੰ:300
ਏ ਦਿਜ ਜਾਤੇ ਜਤਨ ਪਾਇ ਧਨ ਲੇਵਹੀ॥ਤਾਂ ਨਰ ਕਹ ਬਹੁ ਭਾਤਿ ਬਡਾਈ ਦੇਵਹੀ॥
ਮਿਥਿਯਾ ਉਪਮਾ ਬਕਿ ਕਰਿ ਤਹਿ ਪ੍ਰਸੰਨ ਕਰੈ॥ਹੋ ਘੋਰ ਨਰਕ ਕੇ ਬੀਚ ਅੰਤ ਦੋਊ ਪਰੈ॥ਪੰ:47
ਧਨ ਕੀ ਆਸਾ ਮਨ ਰਹੇ ਬਾਹਰ ਪੂਜਤ ਦੇਵ॥ਨਾਂ ਹਰਿ ਮਿਲਾ ਨ ਧਨ ਭਯੋ ਬ੍ਰਿਥਾ ਭਈ ਸਭ ਸੇਵ॥ਪੰ:56
ਛੂਟਿ ਹੋ ਕਾਲ ਫਾਸ ਤੇ ਤਬ ਹੀ ਗਹੋ ਸਰਨਿ ਜਗਤਾਗਰ॥ਰਾਗ ਕਲਿਆਣ ਪਾ:10
ਜੈਸਿ ਜੁਨਿ ਇਕ ਦੈਤ ਬਖਨਿਯਤ॥ਤਯੋਂ ਇਕ ਜੁਨਿ ਦੇਵਤਾ ਜਨਿਯਤ॥ਜੈਸੇ ਹਿੰਦੂਅਨ ਨੋ ਤੁਰਕਾਨਾ॥ਸਭਹਿੰਨ ਸੀਸ ਕਾਲ ਜਰਵਾਨਾ॥ਕਬਹੂੰ ਦੈਤ ਦੇਵਤਨ ਮਾਰੈਂ॥ਕਬਹੂੰ ਦੈਤਨ ਦੇਵ ਸੰਘਾਰੈਂ॥ਦੇਵ ਦੈਤ ਜਿਨ ਦੋਊ

ਸੰਘਾਰਾ॥ ਵਹੈ ਪੁਰਖ ਪ੍ਰਤਿਪਾਲ ਹਮਾਰਾ॥ਪੰ:61
ਔਰਨ ਕੋ ਕਹਤ ਲੁਟਾਵੋ ਤੁਮ ਖਾਹੁ ਧਨ ਆਪੁ ਪਹਿਤੀ ਮੈ ਡਾਰਿ ਖਾਤਨ ਬਿਸਾਰਿ ਹੈਂ॥ਬਡੇ ਹੀ ਪ੍ਰਪੰਚੀ ਪਰਪੰਚਨ ਕੋ ਲੀਏ ਫਿਰੈ ਦਿਨ ਹੀ ਮੈ ਲੋਗਨ ਕੋ ਲੂਟਤ ਬਜ਼ਾਰ ਹੈਂ॥ਹਾਥ ਤੇ ਨ ਕੌਡੀ ਦੇਤ ਕੌਡੀ ਕੌਡੀ ਮਾਂਗ ਲੇਤ ਪੁੱਤ੍ਰੀ ਕਹਤ ਤਾਸੋ ਕਰੈ ਬਿਭਚਾਰ ਹੈਂ॥ਲੋਭਤਾ ਕੇ ਜਏ ਹੈਂ ਕਿ ਮਮਤਾ ਕੇ ਭਏ ਹੈਂ ਏ ਸੂਮਤਾ ਕੇ ਪੁਤ੍ਰ ਕੈਧੌ ਦਰਿਦ੍ਰਾਵਤਾਰ ਹੈਂ॥ਪੰ:63
ਰੰਗ ਏਕੈ ਰੰਗੀ ਸੋ ਰੰਗੀ॥ ੳ.ਰੁ.ਦੱਤ
{ਅਤਿ ਆਤੁਰ ਕਿਆ ਕਹਿ ਸਕੈ, ਬਧਯੋ ਕਾਮ ਕੇ ਤੀਰ। ਰਾਮਾਵ... (ਨਿਮਖ ਸੁਆਦ ਦੀ ਪੀੜਾ)
{ਅਤਿ ਆਤੁਰ ਹ੍ਵੈ ਹਰਿ ਪ੍ਰੀਤਹਿੰ ਸੋਂ, ਕਬਿ ਸਯਾਮ ਕਹੈ ਹਰਿ ਕੇ ਗੁਨ ਗਾਵੈ।ਕ੍ਰਿਸ਼...
(ਪਰਮਾਨੰਦ ਲਈ ਬਿਹਬਲਤਾ)

ਕਲਿਜੁਗ ਚੜ੍ਹਯੋ ਅਸੰਭ ਜਗਤ ਕਵਨ ਬਿਧਿ ਬਾਚ ਹੈ॥
ਰੰਗਹੁ ਏਕਹਿ ਰੰਗਿ ਤਬ ਛੁਟਿ ਹੋ ਕਲਿ ਕਾਲ ਤੇ॥ ਨਿਹ...

**ਜ਼ਫਰਨਾਮਾ ਵਿਚੋਂ:-**

(ੳ)ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ॥ਕਿ ਦਹ ਲੱਕ ਬਿਆਯਦ ਬਰੋ ਬੇਖਬਰ॥
ਚਾਲੀ ਭੁੱਖੇ ਸੂਰਬੀਰਾਂ ਦਾ ਜੱਥਾ ਕੀ ਕਰੇ ਜਦ ਉਸ ਉਤੇ ਭਾਰਾ ਲਸ਼ਕਰ (ਦਸ ਲੱਖ) ਅਚਿੰਤੇ ਹੀ ਆ ਪਵੇ।

(ਅ)ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ॥ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥
ਜਦੋਂ ਸਾਰੇ ਹੀਲਿਆਂ ਵਸੀਲਿਆਂ ਤੋਂ ਗੱਲ ਅੱਗੇ ਲੰਘ ਜਾਵੇ, ਤਦ ਹੱਥ ਵਿਚ ਤਲਵਾਰ ਲੈਣਾ ਜਾਇਜ਼ ਹੈ।

(ੲ)ਹਮੂੰ ਮਰਦ ਬਾਯਦ ਸ਼ਵਦ ਸੁਖਨਵਰ॥ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥
ਮਰਦ ਅਜੇਹਾ ਚਾਹੀਏ ਜੋ ਬਚਨ ਪਾਲ ਹੋਵੇ।ਉਸਦੇ ਦਿਲ ਅੰਦਰ ਹੋਰ ਤੇ ਮੂੰਹ ਵਿਚ ਕੁੱਝ ਹੋਰ ਨਾ ਹੋਵੇ।

(ਸ)ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥
ਕੀ ਹੋ ਗਿਆ ਜੁ ਤੂੰ (ਮੇਰੇ) ਚਾਰ ਬੱਚੇ ਮਾਰ ਦਿੱਤੇ ਹਨ, ਅਜੇ ਪਿੱਛੇ ਕੁੰਡਲਾਂ ਵਾਲਾ ਸੱਪ ਰਹਿੰਦਾ ਹੈ।

(ਹ)ਮਨਮ ਕੁਸ਼ਤਹ ਅਮ ਕੋਹਿਯਾ ਬੁਤ ਪ੍ਰਸਤ॥ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ॥
ਮੈ (ਉਹਨਾਂ) ਪਹਾੜੀ ਰਾਜਿਆ ਨੂੰ ਮਾਰਨ ਵਾਲਾ ਹਾਂ, (ਜਿਹੜੇ) ਬੁੱਤਾਂ ਨੂੰ ਪੂਜਦੇ ਹਨ।ਉਹ ਪੱਥਰ ਦੇ ਬੁੱਤਾਂ ਨੂੰ ਪੂਜਦੇ ਹਨ ਤੇ ਮੈ ਬੁਤਾਂ ਨੂੰ (ਰੀਤ) ਤੋੜਨ ਵਾਲਾ ਹਾਂ।

(ਕ)ਨਾ ਈਮਾਂ ਪ੍ਰਸਤੀ ਨ ਔਜ਼ਾਇ ਦੀਂ॥ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ॥
ਐ ਔਰੰਗਜ਼ੇਬ! ਤੂੰ ਨਾ ਤੇ ਈਮਾਨ ਪ੍ਰਸਤ ਹੈਂ ਤੇ ਨਾਂ ਹੀ ਤੈਨੂੰ ਧਰਮ ਦਾ ਕੋਈ ਤਰੀਕਾ ਆਉਂਦਾ ਹੈ, ਨਾ ਤੈਨੂੰ ਪ੍ਰਭੂ ਦੀ ਕੋਈ ਪਛਾਣ ਹੈ ਤੇ ਨਾ ਤੇਰਾ ਮੁਹੰਮਦ ਤੇ ਕੋਈ ਵਿਸ਼ਵਾਸ਼ ਹੈ।

(ਖ)ਚੁ ਕਸਮੇ ਕੁਰਾਂ ਸਦ ਕੁਨਦ ਇਖਤਿਯਾਰ॥ਮਰਾ ਕਤਰਹ ਨਾਯਦ ਅਜ਼ੋ ਇਅਤਬਾਰ॥
ਜੇ ਹੁਣ ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਅੰਗੀਕਾਰ ਕਰੇਂ ਤਦ ਵੀ ਮੈਨੂੰ ਤੇਰੇ ਤੇ ਇਕ ਬੂੰਦ ਜਿੰਨਾਂ ਭਰੋਸਾ ਨਹੀਂ ਆਵੇਗਾ।

(ਗ)ਚੁ ਹੱਕ ਯਾਰ ਬਾਸ਼ਦ ਚਿਹ ਦੁਸ਼ਮਨ ਕੁਨਦ॥ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ॥
ਜਦੋਂ ਸੱਚਾ ਸਾਹਿਬ ਸਹਾਇਕ ਹੋਵੇ ਤਾਂ ਵੈਰੀ ਕੀ ਕਰ ਸਕਦਾ ਹੈ? ਭਾਵੇਂ ਸੌਆਂ ਸਾਥੀਆਂ ਸਮੇਤ ਵੈਰ ਕਮਾਵੇ।

ਦੋਹਰਾ॥ਚਟ ਪਟਾਇ ਚਿੱਤ ਮੈ ਜਰਯੋ ਤ੍ਰਿਣ ਜਯੋਂ ਕ(ਰੁ)ਧਿਤ ਹੋਏ॥
ਖੋਜ ਰੋਜ ਕੇ ਹੇਤ ਲਗਿ ਦਯੋ ਮਿਸਰ ਜੂ ਰੋਇ॥

ਉਹ (ਪੰਡਿਤ) ਗੁੱਸੇ ਨਾਲ ਕਾਹਲਾ ਪੈਕੇ ਚਿੱਤ ਵਿਚ ਘਾਹ ਦੇ ਤੀਲਿਆਂ ਵਾਂਗ ਮੱਚ ਗਿਆ।ਹੋਰ ਕਿਸੇ ਪਾਸੇ ਉਪਜੀਵਕਾ, ਰੋਜ਼ੀ ਦੀ ਭਾਲ ਦੇ ਫਿਕਰ ਵਿਚ ਮਿਸਰ ਜੀ ਦਾ ਰੋਣ ਨਿਕਲ ਗਿਆ।
ਇਥੇ ਉਹੀ ਪੰਡਤ ਜੀ ਗੁਰੂ ਜੀ ਅੱਗੇ ਰੋ ਰਹੇ ਹਨ, ਜਿੰਨ੍ਹਾਂ ਦੀ ਰੋਜ਼ੀ ਰੋਟੀ ਆਮ ਗ੍ਰਿਹਸਤੀਆਂ ਦੇ ਘਰੋਂ ਚੱਲਦੀ ਹੈ।ਉਸਦਾ ਇਤਰਾਜ਼ ਇਹ ਹੈ ਕਿ ਗੁਰੂ ਜੀ ਤੁਸੀਂ ਸਾਨੂੰ ਤਾਂ ਕਿਸੇ ਸ਼੍ਰੇਣੀ ਵਿਚ ਰੱਖਿਆ ਹੀ ਨਹੀਂ।ਸਭ ਕੁੱਝ ਹੀ ਕਿ ਆਲਮ ਫਾਜ਼ਲ ਹੋਣਾ, ਜੁੱਧ ਜਿੱਤਣੇ, ਦਾਨ ਕਰਨੇ, ਘਰ ਭਰਨੇ ਖਾਲਸਾ ਪੰਥ ਨੂੰ ਹੀ ਸਮਝਦੇ ਹੋ।ਧਾਰਮਿਕ, ਭਰਮੀ ਅਤੇ ਭੇਖੀ ਲੁੱਟ ਖਸੁੱਟ ਤੇ ਇਸਤੋਂ ਵੱਡੀ ਫਤਹਿ ਹੋਰ ਕਿਹੜੀ ਹੋ ਸਕਦੀ ਹੈ? ਤੇ ਕੌਣ ਕਰਾ ਸਕਦਾ ਹੈ?, ਸਿਵਾਏ ਦਸਮੇਸ਼ ਜੀ ਤੋਂ!!!

ੴ ਸਤਿਗੁਰ ਪ੍ਰਸਾਦਿ॥

ਬਿਰਲੇ ਗੁਨ ਗ੍ਰਾਹਕ ਹੈਂ ਜਗ ਮੈਂ, ਜਿਮ ਚੰਦਨ ਨਾਹਿ ਸਭੀ ਬਨ ਮਾਹੀ।
ਮਣਿ ਨਾ ਸਭ ਨਾਗਨ ਕੇ ਸਿਰ ਪੈ, ਪੁਨ ਮਾਣਕ ਨਾ ਸਭ ਸੈਲਨ ਮਾਹੀ।
ਪੁਨ ਨਾਹਿ ਪਤਿਬਰਤਾ ਅਬਲਾ, ਸਭ ਕੰਦ ਨ ਖਾਨ ਮਹੀ ਸਭ ਮਾਹੀ।
ਤਿਮ ਨਾਹਿ ਸਭੈ ਗੁਨਿ ਕੇ ਨਰ ਗ੍ਰਾਹਕ, ਹੈਂ ਬਿਰਲੇ ਜਨ ਸੇ ਜਗ ਮਾਹੀ।

ਜਿਵੇਂ ਸਾਰੀ ਬਨਾਸਪਤੀ ਵਿਚ ਚੰਦਨ ਨਹੀਂ, ਸਾਰੇ ਸੱਪਾਂ ਦੇ ਸਿਰ ਵਿਚ ਮਣੀ ਨਹੀਂ, ਸਾਰੇ ਪਹਾੜਾਂ ਵਿਚ ਹੀਰੇ ਨਹੀਂ, ਸਭ ਨਾਰੀ ਪਤਿਬਰਤਾ ਨਹੀਂ, ਧਰਤੀ ਵਿਚ ਸਭ ਥਾਈਂ ਖਾਣਾ ਨਹੀਂ, ਇਸੇ ਤਰ੍ਹਾਂ ਜਗ ਵਿਚ ਸਭ ਕੋਈ ਗੁਣ ਗ੍ਰਾਹਕ ਨਹੀਂ, ਕੋਈ ਵਿਰਲੇ ਹੀ ਹੁੰਦੇ ਹਨ।

ਮੂਰਖ ਕੋਲੇ ਗਿਆਨ ਨੀ, ਗਿਆਨੀ ਕੋਲ ਹੰਕਾਰ।ਭਗਤਾਂ ਕੋਲੇ ਮਾਨ ਨੀ, ਪਾਪੀ ਪਾਸ ਪਿਆਰ।
ਰਹਿਮ ਕਸਾਈ ਕੋਲ ਨੀ, ਫੱਕਰ ਕੋਲੇ ਫੀਸ।ਦਾਤੇ ਕੋਲੇ ਧਨ ਨਹੀਂ, ਸੂਰੇ ਕੋਲੇ ਸੀਸ।

ਇਹ ਕਿਤਾਬਚਾ ਉਨ੍ਹਾਂ ਭੋਲੇ ਭਾਲੇ ਗੁਰਸਿੱਖਾਂ ਲਈ ਹੈ, ਜਿਨ੍ਹਾਂ ਨੂੰ ਕੁੱਝ ਸ਼ਰਾਰਤੀ ਜਾਂ ਅਗਿਆਨੀ ਲੋਕ ਉਨ੍ਹਾਂ ਦੇ ਆਪਣੇ ਬਣੇ ਨਿਸ਼ਚੇ ਤੋਂ ਡੇਗਣ ਦਾ ਕੁਕਰਮ ਕਰਦੇ ਹਨ।ਗਲਤ ਰਸਤੇ ਉਪਰ ਜਾ ਰਹੇ ਨੂੰ ਸਿੱਧਾ ਰਾਹ ਦਿਖਾਉਣਾ ਸੇਵਾ ਹੈ, ਪਰ ਜਿੱਥੇ ਕੋਈ ਜਾ ਰਿਹਾ ਹੈ, ਉਸ ਤੋਂ ਥੜਕਾ ਕੇ ਅੰਧੇਰੇ ਜੰਗਲੀ ਰਸਤਿਆਂ ਵਿਚ ਭਟਕਾ ਦੇਣਾ ਕਤਲ ਕਰਨ ਦੇ ਬਰਾਬਰ ਹੈ।ਜਹਾਜ ਤੇ ਸਫਰ ਕਰਨ ਲਈ ਜ਼ਰੂਰੀ ਨਹੀਂ ਕਿ ਤੁਹਾਡੇ ਕੋਲ ਟਿਕਟ ਤੋਂ ਇਲਾਵਾ ਪਾਈਲਟ ਦਾ ਸਰਟੀਫਿਕੇਟ ਭੀ ਹੋਵੇ।ਜਿਵੇਂ ਤੁਹਾਨੂੰ ਜਹਾਜ਼ ਚਲਾਉਣ ਵਾਲੇ ਪਾਈਲਟ ਤੇ ਭਰੋਸਾ ਕਰਨਾ ਪੈਂਦਾ ਹੈ, ਇਸੇ ਤਰ੍ਹਾਂ ਪ੍ਰਮਾਰਥ ਦੇ ਰਾਹ ਉਪਰ ਚੱਲਣ ਲਈ ਅਧਿਆਤਮਿਕ ਸਫਰ ਕਿਵੇਂ ਤਹਿ ਕਰਨਾ ਹੈ?,ਇਸ ਲਈ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਦੋ ਚਾਨਣ ਮੁਨਾਰੇ ਹਨ।ਇੰਨ੍ਹਾਂ ਦੀ ਰੌਸ਼ਨੀ ਵਿਚ ਚੱਲਣਾ ਸੌਖਾ, ਤੇਜ਼, ਸਿੱਧ ਪੱਧਰਾ ਤੇ ਸੰਗਤੀ ਮਾਰਗ ਹੈ।ਨਿਤਨੇਮ, ਅਰਦਾਸ, ਅੰਮ੍ਰਿਤ, ਨਾਮ ਸਿਮਰਣ, ਭਰੋਸਾ, ਬਾਣੀ ਅਤੇ ਬਾਣਾ, ਚੜ੍ਹਦੀ ਕਲਾ, ਖਾਲਸਾ ਜੀ ਦੇ ਬੋਲ ਬਾਲੇ, ਭਗਤੀ-ਸ਼ਕਤੀ, ਦੇਗ-ਤੇਗ, ਰਾਜ-ਜੋਗ, ਨਿਸ਼ਾਨ-ਵਿਧਾਨ, ਮੀਰੀ-ਪੀਰੀ ਇਹ ਸਭ ਸਿੱਖ ਪੰਥ ਦਾ ਅਟੁੱਟ ਅੰਗ ਹਨ।ਇਸ ਤੋਂ ਬਿਨਾਂ ਕੋਈ ਭਾਵੇਂ ਕੁੱਝ ਭੀ ਹੋਵੇ, ਸਿੱਖ ਨਹੀਂ ਹੈ--
ਰੋਜ਼ਾ ਨ ਜਕਾਤ ਹੈ ਨ ਸੁੰਨਤ ਨ ਹੱਜ ਹੈ।ਤੋ ਫਿਰ ਕਿਆ ਬਡਾਈ ਹੈ ਜੁ ਕੋਈ ਜੱਜ ਹੈ।
ਨਿਰਸੰਦੇਹ ਦਸਮ ਗ੍ਰੰਥ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ ਅਤੇ ਸਿੱਖ ਜਗਤ ਇਸਨੂੰ ਮੰਨਦਾ ਹੈ। ਕਿਉਂਕਿ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪ੍ਰਵਾਨਗੀ ਸਿੱਖ ਰਹਿਤ ਮਰਿਯਾਦਾ ਵਿਚ ਬਾਕਾਇਦਾ 'ਸਿੱਖ ਦੀ ਪ੍ਰੀਭਾਸ਼ਾ', 'ਗੁਰਮਤਿ ਰਹਿਣੀ' ਅਤੇ 'ਕਥਾ ਕੀਰਤਨ' ਦੇ ਸਿਰਲੇਖਾਂ ਹੇਠ ਦਿੱਤੀ ਗਈ ਹੈ— "ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਜੋ ਮੰਨਦਾ ਹੈ, ਉਹੀ ਗੁਰਸਿੱਖ ਹੈ"।ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਦਸ ਗੁਰੂ ਸਾਹਿਬਾਨ ਦੀ ਬਾਣੀ ਮੰਨਣ ਦੀ ਹਿਦਾਇਤ ਲਿਖਣਾ ਹੀ ਸਾਰਾ ਰਾਜ਼ ਖੋ੍ਹਲ ਦਿੰਦਾ ਹੈ।ਜੇ ਅਸੀਂ ਸਿੱਖ ਰਹਿਤ ਮਰਿਯਾਦਾ ਤੋਂ ਇਨਕਾਰੀ ਹੁੰਦੇ ਹਾਂ ਤਾਂ ਸਾਡੇ ਸਿਰ ਉਨ੍ਹਾਂ ਸ਼ਹੀਦਾਂ ਦਾ ਕਰਜ਼ਾ ਸਦਾ ਰਹੇਗਾ, ਜਿੰਨ੍ਹਾਂ ਨੇ ਆਪਣਾ ਖੂਨ ਡੋਲ੍ਹ ਕੇ ਇਸ ਮਰਿਯਾਦਾ ਨੂੰ ਬਣਾਇਆ ਸੀ।ਉਸ ਸਮੇਂ ਦੇ ਸਿੱਖਾਂ ਦਾ ਆਪਣੇ ਗੁਰੂ ਪ੍ਰਤੀ ਨਿਸ਼ਚਾ, ਗੁਰਬਾਣੀ ਦੀ ਸੂਝ, ਸਿੱਖ ਇਤਿਹਾਸ ਦੀ ਸਮਝ, ਅਤੇ ਬਿਖੜੇ ਪੈਂਡਿਆਂ ਤੇ ਚੱਲਣ ਦੀ ਸਮਰੱਥਾ ਅੱਗੇ ਸਾਰਾ ਪੰਥ ਸਿਰ ਨਿਵਾਉਂਦਾ ਹੈ, ਪਰ ਹੁਣ ਦੇ ਅਸ਼ਰਧਕ ਕਾਮਰੇਡ ਅਗਿਆਨੀਆਂ ਦਾ ਗੁਰਮਤਿ ਦ੍ਰਿਸ਼ਟੀ ਕੋਣ ਉਨ੍ਹਾਂ ਗੁਰਸਿੱਖਾਂ ਦੇ ਮੁਕਾਬਲੇ ਕੀ ਮਾਇਨਾਂ ਰੱਖਦਾ ਹੈ।ਜੋ ਵੀ ਕੋਈ ਪੁਰਾਤਨ ਸਿੰਘਾਂ ਦੀ ਘਾਲਣਾ, ਸਿਦਕ, ਵਿਸ਼ਵਾਸ਼ ਤੇ ਪ੍ਰਾਪਤੀਆਂ ਨੂੰ ਕਾਣੀ ਅੱਖ ਨਾਲ ਦੇਖਦਾ ਹੈ, ਉਹ ਆਪਣੀ ਅਵੱਗਿਆ, ਮੂਰਖਤਾ ਤੇ ਬੇਸਮਝੀ ਦੀ ਪ੍ਰਦਰਸ਼ਨੀ ਕਰਦਾ ਹੈ।

ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਇਸ ਉਪਰਾਲੇ ਤੋਂ ਬਾਅਦ ਭੀ ਢੁੱਚਰਪੰਥੀਆਂ ਨੂੰ ਕਈ ਹੋਰ ਨਵੇਂ ਸੰਕੇ ਉਪਜਣਗੇ, ਜਿੰਨ੍ਹਾਂ ਦਾ ਗੁਰੂ ਕ੍ਰਿਪਾ ਸਦਕਾ ਸਮਾਧਾਨ ਕਰਨ ਲਈ ਸਮੇਂ ਸਮੇਂ ਗੁਰਸਿੱਖ ਫਿਰ ਉਪਰਾਲੇ ਕਰਦੇ ਰਹਿਣਗੇ, ਕਿਉਂਕਿ ਢੁੱਚਰਾਂ ਦਾ ਕੋਈ ਅੰਤ ਨਹੀਂ ਹੁੰਦਾ।

ਚਿਰੀਆ ਚੂਹਕੇ ਬਨ ਮੇਂ ਜਦ ਤੱਕ ਨਹੀਂ ਬਾਜ਼ ਹੈ ਆਇਆ।
ਹਾਥੀ ਮਾਰੇ ਕੂਕਾਂ ਜਬ ਲਗ ਸ਼ੇਰ ਨਹੀਂ ਉਠ ਧਾਇਆ।
ਹੋਰ ਵਿਕਾਸ ਵਿਅਰਥ ਸਭੇ ਪਰ ਗਿਆਨ ਵਿਕਾਸ ਜ਼ਰੂਰੀ,
ਸ਼ਰਧਾ ਹੀਨ ਗਿਆਨ ਤੇਰਾ ਜਿਸ ਬੇੜਾ ਭੰਵਰ ਡੁਬਾਇਆ।

ਮੱਤਿ ਕਰੀ ਗਰਬੈ ਤਉ ਲਉ ਜਬ ਲਉ ਮ੍ਰਿਗਰਾਜ ਗਹਿਓ ਨ ਰਿਸੈ ਕੈ।(ਦਸਮੇਸ਼ ਜੀ)

*-ਅਮਰਜੀਤ ਸਿੰਘ ਖੋਸਾ*



Sri Satguru Jagjit Singh Ji eLibrary NamdhariElibrary@gmail.com

## ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੈ ਜਸੁ-ਨਾਵ ਚੜ੍ਹੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤ੍ਰਤਾ ਕੁਤਵਾਰ ਬੁਹਾਰੈ।

ਕ੍ਰਿਸ਼ਨਾਵਤਾਰ, ਦ.ਗ੍ਰੰ

ਜੱਗ ਜਿਉਣਾ ਉਸਦਾ ਹੀ ਸਲਾਹੁਣ ਯੋਗ ਹੈ, ਜੋ ਮੂੰਹੋਂ ਹਰੀ ਦਾ ਸਿਮਰਨ ਅਤੇ ਚਿੱਤ ਵਿਚ ਬਦੀਆਂ ਨਾਲ ਜੂਝਣ ਦੀ ਵੀਚਾਰ ਰੱਖਦਾ ਹੋਵੇ।ਦੇਹ ਤਾਂ ਸਦਾ ਰਹਿਣ ਵਾਲੀ ਸ਼ੈ ਨਹੀਂ, ਸੋ ਇਸ ਨੂੰ ਜੱਸ ਰੂਪੀ ਬੇੜੀ ਵਿਚ ਸਵਾਰ ਕਰਕੇ ਜੀਵਨ ਬਤੀਤ ਕਰੇ।ਇਸ ਮਿਲੇ ਹੋਏ ਤਨ ਨੂੰ ਦ੍ਰਿੜਤਾ ਦਾ ਘਰ ਬਣਾਕੇ, ਇਸ ਧੀਰਜ ਦੇ ਘਰ ਵਿਚ ਬੁੱਧੀ ਨੂੰ ਚਰਾਗ ਵਾਂਗ ਰੌਸ਼ਨ ਕਰੇ ਅਤੇ ਇਸ ਵਿਚੋਂ ਗਿਆਨ ਰੂਪੀ ਝਾੜੂ (ਬੁਹਾਰੀ) ਨਾਲ ਗੰਦ-ਮੰਦ ਰੂਪੀ ਕਾਇਰਤਾ ਯਾ ਬਿਰਤੀ ਦਾ ਡਰਾਕਲਪੁਣਾ ਹੂੰਝ ਸੁੱਟੇ (ਦੂਰ ਕਰੇ)।

## ਗੁਰੂ ਗੋਬਿੰਦ ਸਿੰਘ ਜੀ ਦਾ ਐਲਾਨ

ਅਰੁਣ ਪਛਮਹਿ ਉਗ੍ਗੈ ਬਰੁਣੁ ਉਤਰ ਦਿਸ ਤੱਕੈ॥
ਮੇਰ ਪੰਖ ਕਰਿ ਉਡੈ ਸਰਬ ਸਾਇਰ ਜਲ ਸੁੱਕੈ॥
ਕੋਲ ਦਾੜ੍ਹ ਕੜਮੁੜੈ ਸਿਮਟਿ ਫਨੀਅਰ ਫਣ ਫਟੈ॥
ਉਲਟਿ ਜਾਨ੍ਹਵੀ ਬਹੈ ਸੱਤ 'ਹਰੀਚੰਦੈ' ਹਟੈ॥
ਸੰਸਾਰ ਉਲੱਟ ਪੁਲੱਟ ਹ੍ਵੈ ਧਸਕਿ ਧਉਲ ਧਰਣੀ ਫਟੈ॥
ਸੁਨਿ ਨ੍ਰਿਪ 'ਅਬਿਬੇਕ' ਸੁ 'ਬਿਬੇਕ' ਭਟਿ ਤੱਦਪਿ ਨ ਲਟਿ 'ਸੰਜਮ' ਹਟੈ॥

ਬੇਸ਼ੱਕ ਸੂਰਜ ਪੱਛਮ ਵੱਲ ਚੜ੍ਹੇ, ਸਮੁੰਦਰ ਉਤਰ ਦਿਸ਼ਾ ਵੱਲ ਚਲਾ ਜਾਏ, ਸੁਮੇਰ-ਪਰਬਤ ਖੰਭ ਲਾਕੇ ਉਡ ਜਾਏ, ਸਾਗਰ ਸੁੱਕ ਜਾਏ, ਬੈਰਾਹ (ਸੂਰ) ਭਗਵਾਨ ਦੀ ਦਾੜ੍ਹ ਲਿਫ ਜਾਏ, ਸ਼ੇਸ਼ਨਾਗ ਦਾ ਫਣ ਸੁੰਗੜ ਕੇ ਫਟ ਜਾਏ, ਗੰਗਾ ਉਲਟੀ ਬਹੇ, ਹਰੀ ਚੰਦ ਸੱਚ ਤੋਂ ਮੂੰਹ ਮੋੜੇ, ਸੰਸਾਰ ਉਲਟ-ਪੁਲਟ ਕੇ ਧਸ ਜਾਵੇ, ਪਰ ਫਿਰ ਭੀ ਐ ਰਾਜਨ! 'ਅਗਿਆਨ' ਦੇ ਅੱਗੇ 'ਗਿਆਨ' ਦਾ 'ਸੰਜਮ' ਸੂਰਮਾ ਨਾ ਡਿੱਗੇਗਾ, ਨਾ ਯੁੱਧ ਤੋਂ ਟਲੇਗਾ।